Punjabi Parwaz

# ਪੰਜਾਬੀ ਪਰਵਾਜ਼

ਅੰਕ 25ਵਾਂ (ਸ਼ਿਕਾਗੋ): 11 ਮਈ ਤੋਂ 24 ਮਈ 2024 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

# ਤੀਜੇ ਗੇੜ ਵਿੱਚ ਵਧਿਆ ਵੋਟਾਂ ਪਾਉਣ ਦਾ ਰੁਝਾਨ

***ਆਰਥਕ, ਸਮਾਜਕ ਤੇ ਰਾਖਵੇਂਕਰਨ ਦੇ ਮੁੱਦੇ ਕੇਂਦਰ ਵਿੱਚ ਆਏ**
***ਭਾਜਪਾ ਦੀ ਮੁਸਲਮਾਨਾਂ ਖਿਲਾਫ ਨਫਰਤੀ ਮੁਹਿੰਮ ਤੇਜ਼**

**ਜਸਵੀਰ ਸਿੰਘ ਸ਼ੀਰੀ**

ਦੇਸ਼ ਪੱਧਰ 'ਤੇ ਲੋਕ ਸਭਾ ਚੋਣਾਂ ਦਾ ਤੀਸਰਾ ਦੌਰ ਗੁਜ਼ਰ ਗਿਆ ਹੈ। ਇਸ ਵਾਰ ਜਿਹੜੀਆਂ 93 ਸੀਟਾਂ 'ਤੇ ਚੋਣ ਹੋਈ ਹੈ, ਉਨ੍ਹਾਂ ਵਿੱਚੋਂ 80 ਭਾਜਪਾ ਕੋਲ ਸਨ ਅਤੇ ਭਾਜਪਾ ਦੇ ਵਿਰੋਧੀ ਚੋਣ ਪੰਡਿਤਾਂ ਦਾ ਕਹਿਣਾ ਹੈ ਕਿ ਇਸ ਵਾਰ ਭਾਜਪਾ ਨੂੰ ਪਿਛਲੀ ਵਾਰ ਜਿੰਨੀਆਂ ਸੀਟਾਂ ਮਿਲਣ ਦੀ ਉਮੀਦ ਨਹੀਂ ਹੈ। ਵਿਰੋਧੀ, ਭਾਜਪਾ ਨੂੰ ਇਸ ਵਾਰ 60 ਕੁ ਸੀਟਾਂ ਦੇ ਰਹੇ ਹਨ, ਜਦਕਿ ਭਾਜਪਾ ਪੱਖੀ ਮੇਨ ਸਟਰੀਮ ਮੀਡੀਆ ਭਾਰਤੀ ਜਨਤਾ ਪਾਰਟੀ ਦੀ ਵੱਡੀ ਜਿੱਤ ਦਾ ਦਾਅਵਾ ਕਰ ਰਿਹਾ ਹੈ। ਹੁਣ ਤੱਕ ਕੁੱਲ ਮਿਲਾ ਕੇ 283 ਸੀਟਾਂ 'ਤੇ ਚੋਣ ਹੋ ਚੁੱਕੀ ਹੈ। ਇਸ ਤਰ੍ਹਾਂ ਕੁੱਲ ਮਿਲਾ ਕੇ ਅੱਧ ਤੋਂ ਵੱਧ ਲੋਕ ਸਭਾਂ ਸੀਟਾਂ 'ਤੇ ਵੋਟਾਂ ਪੈ ਗਈਆਂ ਹਨ। ਤੀਜੇ ਗੇੜ 'ਚ ਕੁੱਲ ਮਿਲਾ ਕੇ ਕਰੀਬ 68 ਫੀਸਦੀ ਵੋਟਿੰਗ ਹੋਈ ਹੈ।

ਯਾਦ ਰਹੇ, ਲੋਕ ਸਭਾ ਵਿੱਚ ਕੁੱਲ ਸੀਟਾਂ ਦੀ ਗਿਣਤੀ 543 ਹੈ। ਅਗਲੇ ਦਿਨਾਂ ਵਿੱਚ ਵੋਟਿੰਗ ਦੇ ਚਾਰ ਗੇੜ ਹੋਰ ਹੋਣੇ ਹਨ ਅਤੇ ਪੰਜਾਬ ਵਿੱਚ ਵੋਟਾਂ ਆਖਰੀ ਗੇੜ ਵਿੱਚ ਪਹਿਲੀ ਜੂਨ ਨੂੰ ਪੈਣਗੀਆਂ ਅਤੇ ਨਤੀਜੇ 4 ਜੂਨ ਨੂੰ ਸਾਹਮਣੇ ਆਉਣਗੇ। ਚੌਥੇ, ਪੰਜਵੇਂ, ਛੇਵੇਂ ਅਤੇ ਸੱਤਵੇਂ ਗੇੜ ਦੀਆਂ ਵੋਟਾਂ ਕ੍ਰਮਵਾਰ 13 ਮਈ, 20 ਮਈ, 25 ਮਈ ਅਤੇ ਪਹਿਲੀ ਜੂਨ ਨੂੰ ਪੈਣਗੀਆਂ। ਇਸ ਤਰ੍ਹਾਂ ਚੋਣਾਂ ਦਾ ਇਹ ਲਟਕਵਾਂ ਦੌਰ ਹੋਣ ਕਰਕੇ ਹਰ ਗੇੜ ਵਿੱਚ ਚੋਣ ਮੁੱਦੇ ਵੀ ਬਦਲ ਰਹੇ ਹਨ। ਵੋਟਾਂ ਦਾ ਪਹਿਲਾ ਦੌਰ ਸ਼ੁਰੂ ਹੋਣ ਤੋਂ ਪਹਿਲਾਂ ਭਾਜਪਾ ਨੂੰ ਆਸ ਸੀ ਕਿ ਰਾਮ ਮੰਦਰ ਦੇ ਮੁੱਦੇ 'ਤੇ ਹੀ ਉਹ ਮੇਲਾ ਲੁੱਟ ਲੈਣਗੇ, ਪਰ ਬਾਅਦ ਵਿੱਚ ਚੋਣ ਬੌਂਡ ਦੇ ਘਪਲੇ ਵਾਲਾ ਮਸਲਾ ਸਾਹਮਣੇ ਆਉਣ ਨਾਲ ਸਾਰੀ ਸਥਿਤੀ ਬਦਲ ਗਈ। ਰਾਮ ਮੰਦਰ ਦੇ ਮੁੱਦੇ 'ਤੇ ਅਗਰੈਸਿਵ ਹੋ ਰਹੀ ਭਾਜਪਾ ਨੂੰ ਚੋਣ ਬੌਂਡ ਵਾਲੇ ਮਸਲੇ 'ਤੇ ਡਿਫੈਂਸਿਵ ਹੋਣ ਲਈ ਮਜ਼ਬੂਰ ਹੋਣਾ ਪਿਆ। ਚੋਣਾਂ ਦੇ ਪਹਿਲੇ ਪੜਾਅ ਵਿੱਚ ਮੋਦੀ ਦੀ ਗਾਰੰਟੀ ਅਤੇ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਦਾ ਮੁਦਾ ਵੀ ਉਭਰਿਆ। ਚੋਣਾਂ ਦੇ ਐਲਾਨ ਤੋਂ ਬਾਅਦ ਦਿੱਲੀ ਆਬਕਾਰੀ ਘਪਲੇ ਵਿੱਚ ਬੀ.ਆਰ.ਐਸ. ਦੇ ਮੁਖੀ ਚੰਦਰ ਸ਼ੇਖਰ ਰਾਓ ਦੀ ਬੇਟੀ ਕਵਿਤਾ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਇੱਕ ਹੋਰ ਭ੍ਰਿਸ਼ਟਾਚਾਰ ਦੇ ਕਥਿਤ ਮਾਮਲੇ ਵਿੱਚ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਗ੍ਰਿਫਤਾਰੀ ਨੂੰ ਵਿਰੋਧੀ ਧਿਰ ਨੇ ਰੜਕਵੇਂ ਮੁੱਦੇ ਬਣਾਇਆ। ਇਸ ਸੰਬੰਧ ਵਿੱਚ ਇੰਡੀਆ ਗੱਠਜੋੜ ਵੱਲੋਂ ਦਿੱਲੀ ਦੇ ਰਾਮਲੀਲਾ ਗਰਾਊਂਡ ਵਿੱਚ ਇੱਕ ਸਾਂਝੀ ਰੈਲੀ ਵੀ ਕੀਤੀ ਗਈ। ਵਿਰੋਧੀ ਧਿਰ ਦੀ ਇਹ ਰੈਲੀ ਪ੍ਰਭਾਵਸ਼ਾਲੀ ਰਹੀ। ਇਸ ਤਰ੍ਹਾਂ ਕੇਜਰੀਵਾਲ ਅਤੇ ਹੋਰ ਵਿਰੋਧੀ ਆਗੂਆਂ ਦੀ ਗ੍ਰਿਫਤਾਰੀ ਦਾ ਮੁੱਦਾ ਭਾਜਪਾ ਨੂੰ ਉਲਟਾ ਪੈਂਦਾ ਵਿਖਾਈ ਦਿੱਤਾ।

ਜਿੱਥੇ ਇੱਕ ਪਾਸੇ ਵਿਰੋਧੀ ਧਿਰ ਭਾਜਪਾ 'ਤੇ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਦੇ ਦੋਸ਼ ਲਾਉਂਦੀ ਰਹੀ, ਉਥੇ ਐਨ.ਡੀ.ਏ. ਨੇ ਵਿਰੋਧੀ ਧਿਰ ਦੇ ਆਗੂਆਂ ਵੱਲੋਂ ਕਥਿਤ ਰੂਪ ਵਿੱਚ ਕੀਤੇ ਗਏ ਭ੍ਰਿਸ਼ਟਾਚਾਰ ਨੂੰ ਕੇਂਦਰ ਵਿੱਚ ਲਿਆਂਦਾ। ਭਾਜਪਾ 'ਮੋਦੀ ਕੀ ਗਾਰੰਟੀ' ਅਤੇ 'ਅਬ ਕੀ ਬਾਰ ਚਾਰ ਸੌ ਪਾਰ' ਦਾ ਨਾਹਰਾ ਵੀ ਲਗਾਉਂਦੀ ਰਹੀ। ਵਿਰੋਧੀ ਆਗੂਆਂ ਨੇ ਮਹਿੰਗਾਈ, ਬੇਰੁਜ਼ਗਾਰੀ ਅਤੇ ਫੌਜ ਵਿੱਚ ਰੈਗੂਲਰ ਭਰਤੀ ਨੂੰ ਬੰਦ ਕਰ ਦੇਣ ਦੇ ਮੁੱਦਿਆਂ ਨੂੰ ਭਾਜਪਾ ਸਰਕਾਰ ਵਿਰੁਧ ਜ਼ੋਰ ਨਾਲ ਉਭਾਰਿਆ। ਕਾਂਗਰਸ ਨੇ ਹਰ ਔਰਤ ਲਈ ਸਾਲ ਦਾ ਇੱਕ ਲੱਖ ਰੁਪਏ ਦੇਣ, ਨੌਜੁਆਨਾਂ ਲਈ ਲਾਜ਼ਮੀ ਅਪਰੈਂਟਸ਼ਿਪ ਅਤੇ ਇਸ ਦੌਰਾਨ ਇੱਕ ਸਾਲ ਵਿੱਚ ਉਨ੍ਹਾਂ ਲਈ ਇੱਕ ਲੱਖ ਰੁਪਟੇ ਦੇਣ ਦਾ ਐਲਾਨ ਕੀਤਾ। ਕੇਂਦਰ ਸਰਕਾਰ ਵਿੱਚ ਪਈਆਂ 30 ਲੱਖ ਨੌਕਰੀਆਂ ਭਰਨ ਦਾ ਵਾਅਦਾ ਵੀ ਕਾਂਗਰਸ ਨੇ ਕੀਤਾ ਹੈ। ਇਨ੍ਹਾਂ ਮੁੱਦਿਆਂ ਦੇ ਉਭਰਨ ਨਾਲ ਭਾਜਪਾ ਨੂੰ ਵੀ ਆਰਥਿਕ ਮੁੱਦਿਆਂ ਵੱਲ ਮੁੜਨਾ ਪਿਆ। ਇਸ ਤੋਂ ਇਲਾਵਾ ਪੱਛਮੀ ਬੰਗਾਲ ਦੇ

⇒ ਬਾਕੀ ਸਫਾ 7 ਉਤੇ ਪੜ੍ਹੋ

## ਕਿਸਾਨ ਸੰਘਰਸ਼ ਦੀ ਹਲਚਲ

### ਹਰਿਆਣਾ ਦੀ ਭਾਜਪਾ ਸਰਕਾਰ ਘੱਟਗਿਣਤੀ ਵਿੱਚ ਆਈ

ਹਰਿਆਣਾ ਦੀ ਭਾਜਪਾ ਸਰਕਾਰ 'ਤੇ ਸੰਕਟ ਦੇ ਬੱਦਲ ਮੰਡਰਾਉਣ ਲੱਗੇ ਹਨ। ਫਰਵਰੀ ਮਹੀਨੇ ਵਿੱਚ ਖਨੌਰੀ ਅਤੇ ਸ਼ੰਭੂ ਬਾਰਡਰ 'ਤੇ ਕਿਸਾਨ ਸੰਘਰਸ਼ ਦੇ ਸ਼ੁਰੂ ਹੋਣ ਮੌਕੇ ਜਦੋਂ ਹਰਿਆਣਾ ਵੱਲੋਂ ਸੁਰੱਖਿਆ ਦਸਤਿਆਂ ਨੇ ਡਰੋਨਾਂ ਰਾਹੀਂ ਅੱਥਰੂ ਗੈਸ ਦੇ ਗੋਲੇ ਕਿਸਾਨਾਂ 'ਤੇ ਸੁਟੱਣੇ ਸ਼ੁਰੂ ਕੀਤੇ ਸਨ ਤਾਂ ਉਨ੍ਹਾਂ ਨੂੰ ਸ਼ਾਇਦ ਇਸ ਕਿਸਮ ਦਾ ਅਹਿਸਾਸ ਨਹੀਂ ਸੀ ਕਿ ਇਨ੍ਹਾਂ ਗੋਲਿਆਂ ਦੀ ਗੂੰਜ ਕਦੀ ਉਨ੍ਹਾਂ ਦੀ ਸਰਕਾਰ ਵੱਲ ਵੀ ਵਾਪਸ ਪਰਤ ਸਕਦੀ ਹੈ। ਬੀਤੇ ਮੰਗਲਵਾਰ ਹਰਿਆਣਾ ਦੇ ਤਿੰਨ ਆਜ਼ਾਦ ਵਿਧਾਇਕਾਂ ਵੱਲੋਂ ਸਰਕਾਰ ਤੋਂ ਹਮਾਇਤ ਵਾਪਸ ਲਏ ਜਾਣ ਤੋਂ ਬਾਅਦ ਹਰਿਆਣਾ ਦੀ ਨਾਇਬ ਸਿੰਘ ਸੈਣੀ ਦੀ ਅਗਵਾਈ ਵਾਲੀ

⇒ ਬਾਕੀ ਸਫਾ 14 ਉਤੇ ਪੜ੍ਹੋ

### ਭਾਜਪਾ ਖਿਲਾਫ ਪੰਜਾਬ ਦੇ ਕਿਸਾਨਾਂ ਦੀ ਕੁੜੱਤਣ ਵਧੀ

ਸੱਤ ਗੇੜਾਂ ਵਿੱਚ ਹੋਣ ਵਾਲੀ ਭਾਰਤ ਦੀਆਂ ਲੋਕ ਸਭਾ ਚੋਣਾਂ ਵਿੱਚੋਂ ਬੀਤੇ ਮੰਗਲਵਾਰ ਵੱਖ-ਵੱਖ ਰਾਜਾਂ ਦੇ 93 ਹੋਰ ਲੋਕ ਸਭਾ ਹਲਕਿਆਂ ਵਿੱਚ ਵੋਟਾਂ ਪੈ ਗਈਆਂ ਹਨ। ਇਸੇ ਦਿਨ ਹੀ ਪੰਜਾਬ ਵਿੱਚ ਲੋਕ ਸਭਾ ਚੋਣਾਂ ਲਈ ਨਾਮਜ਼ਦਗੀਆਂ ਦਾ ਅਮਲ ਸ਼ੁਰੂ ਹੋ ਗਿਆ। ਅਖਬਾਰਾਂ ਵਿੱਚ ਭਾਵੇਂ ਚੋਣਾਂ ਦੀ ਚਰਚਾ ਜ਼ੋਰਾਂ 'ਤੇ ਹੈ, ਪਰ ਪੰਜਾਬ ਦੇ ਆਮ ਲੋਕਾਂ ਵਿੱਚ ਹਾਲ ਦੀ ਘੜੀ ਚੋਣਾਂ ਦੀ ਚਰਚਾ ਨੇ ਜ਼ੋਰ ਨਹੀਂ ਫੜਿਆ। ਇੱਕ ਤਾਂ ਕਣਕ ਦੀ ਵਾਢੀ ਅਤੇ ਉਪਰੋਂ ਬਦਲਵਾਈ ਦੀ ਮਾਰ ਕਾਰਨ ਕਿਸਾਨਾਂ ਲਈ ਫਸਲ ਸਾਂਭਣ ਦਾ ਮਾਮਲਾ ਚੋਣਾਂ ਨਾਲੋਂ ਵੀ ਮਹੱਤਵਪੂਰਨ ਬਣਿਆ ਰਿਹਾ ਹੈ। ਝੋਨੇ ਦੀ ਬਿਜਾਈ ਭਾਵੇਂ ਜੂਨ ਦੇ ਅੱਧ ਵਿੱਚ ਜਾ ਕੇ ਸ਼ੁਰੂ ਹੋਣੀ ਹੈ, ਪਰ ਤੂੜੀ-ਤੰਦ ਸਾਂਭਣ

⇒ ਬਾਕੀ ਸਫਾ 8 ਉਤੇ ਪੜ੍ਹੋ









# ਅਕਾਲ ਤਖਤ ਦੇ ਜਥੇਦਾਰ ਵੱਲੋਂ ਪੰਜਾਬ ਦੇ ਭਵਿੱਖ ਬਾਰੇ ਗੰਭੀਰ ਟਿੱਪਣੀ

**ਕੁਲਜੀਤ ਦਿਆਲਪੁਰੀ**



***ਸ਼ਿਕਾਗੋ ਫੇਰੀ ਮੌਕੇ ਭਾਈਚਾਰੇ ਵੱਲੋਂ ਪੰਥਕ ਮਸਲਿਆਂ ਉਤੇ ਵਿਚਾਰ-ਚਰਚਾ**
***ਗਿਆਨੀ ਰਘਬੀਰ ਸਿੰਘ ਵੱਲੋਂ ਪੰਥਕ ਸਾਂਝ ਬਰਕਰਾਰ ਰੱਖਣ 'ਤੇ ਜ਼ੋਰ**

**ਸ਼ਿਕਾਗੋ:** ਅਕਾਲ ਤਖਤ ਸਾਹਿਬ ਦੇ ਜਥੇਦਾਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਵੱਲੋਂ ਸ਼ਿਕਾਗੋ ਫੇਰੀ ਦੌਰਾਨ ਪੰਜਾਬ ਦੇ ਮੌਜੂਦਾ ਹਾਲਾਤ ਅਤੇ ਇਸ ਦੇ ਭਵਿੱਖ ਬਾਰੇ ਪ੍ਰਗਟਾਈ ਗਈ ਚਿੰਤਾ ਨੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਉਨ੍ਹਾਂ ਦਾ ਇਹ ਕਹਿਣਾ ਕਿ ਪੰਜਾਬ ਦਾ ਹਾਲ ਉਹ ਹੋ ਗਿਆ ਹੈ ਜੋ ਕਿਸੇ ਸਮੇਂ ਬਿਹਾਰ ਦਾ ਹੁੰਦਾ ਸੀ, ਆਪਣੇ ਆਪ ਵਿੱਚ ਇੱਕ ਅਹਿਮੀਅਤ ਰੱਖਦਾ ਹੈ ਅਤੇ ਇਸ ਸਬੰਧੀ ਪੰਥਕ ਤੇ ਪੰਜਾਬੀ ਸਫਾਂ ਵਿੱਚ ਵਿਚਾਰ-ਵਟਾਂਦਰਾ ਕੀਤੇ ਜਾਣ ਦੀ ਲੋੜ ਉਤੇ ਜ਼ੋਰ ਦਿੰਦਾ ਹੈ। ਹਾਲਾਂਕਿ ਉਨ੍ਹਾਂ ਇਹ ਬਿਆਨ ਵੱਡੇ ਪੰਥਕ ਜਾਂ ਸੰਗਤੀ ਇਕੱਠ ਵਿੱਚ ਨਹੀਂ ਦਿੱਤਾ, ਪਰ ਸਿੱਖ ਅਤੇ ਪੰਜਾਬੀ ਹੋਣ ਦੇ ਨਾਤੇ ਇਸ ਵਿਚਲੀ ਗੰਭੀਰਤਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਪੰਜਾਬ ਦੇ ਹਾਲਾਤ ਉਤੇ ਟਿੱਪਣੀ ਕਰਦਿਆਂ ਗਿਆਨੀ ਰਘਬੀਰ ਸਿੰਘ ਨੇ ਚਿੰਤਾ ਜ਼ਾਹਰ ਕੀਤੀ ਕਿ ਜਿਸ ਤਰ੍ਹਾਂ ਨੌਜਵਾਨ ਜ਼ਮੀਨਾਂ ਵੇਚ ਕੇ ਬਾਹਰ ਆ ਰਹੇ ਹਨ ਜਾਂ ਜਿਹੜੇ ਉਥੇ ਰਹਿ ਗਏ ਹਨ, ਉਨ੍ਹਾਂ 'ਚੋਂ ਬਹੁਤੇ ਨਸ਼ੇ ਦੀ ਲਪੇਟ ਵਿੱਚ ਆ ਗਏ ਹਨ। ਅਜਿਹੀ ਸਥਿਤੀ ਵਿੱਚ ਨੌਜਵਾਨ ਪਤਿਤ ਹੋ ਰਹੇ ਹਨ ਜਾਂ ਡਿਪਰੈਸ਼ਨ ਦਾ ਸ਼ਿਕਾਰ ਹੋ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਆਰਥਿਕ ਪੱਖੋਂ ਟੁੱਟ ਰਿਹਾ ਹੈ ਅਤੇ ਜ਼ਰਾਇਮ ਵਧ ਜਾਣ ਕਾਰਨ ਹਾਲਾਤ ਅਜਿਹੇ ਪੈਦਾ ਹੋ ਗਏ ਹਨ ਕਿ ਪੰਜਾਬ ਬਰਬਾਦ ਹੋ ਰਿਹਾ ਹੈ।

ਸਿੱਖਾਂ ਦੀ ਸਿਰਮੌਰ ਸੰਸਥਾ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਪੰਜਾਬ ਪ੍ਰਤੀ ਅਜਿਹੀ ਚਿੰਤਾ ਪ੍ਰਗਟਾਉਣਾ ਕੋਈ ਆਮ ਗੱਲ ਨਹੀਂ, ਖਾਸ ਕਰ ਉਨ੍ਹਾਂ ਦਾ ਇਹ ਕਹਿਣਾ ਕਿ 'ਪੰਜਾਬ ਦਾ ਕੋਈ ਭਵਿੱਖ ਨਹੀਂ' ਆਪਣੇ ਆਪ ਵਿੱਚ ਗਹਿਰ-ਗੰਭੀਰ ਟਿੱਪਣੀ ਹੈ। ਵਿਦੇਸ਼ਾਂ ਵਿੱਚ ਵੱਸਦੇ ਪੰਜਾਬ ਦੇ ਦਰਦਮੰਦ ਲੋਕਾਂ ਲਈ ਇਹ ਇੱਕ ਤਰ੍ਹਾਂ ਦੀ ਚਿਤਾਵਨੀ ਹੈ ਕਿ ਪੰਜਾਬ ਦਾ ਭਵਿੱਖ ਕਿਸ ਰਾਹ 'ਤੇ ਹੈ। ਇਸ ਮੌਕੇ ਹਾਜ਼ਰੀਨ ਪਤਵੰਤਿਆਂ ਨੇ ਆਪੋ ਆਪਣੇ ਵਿਚਾਰ ਤੇ ਸੁਝਾਅ ਵੀ ਪੇਸ਼ ਕੀਤੇ। ਮਸਲਾ ਇਹ ਹੈ ਕਿ ਇਕੱਲੀ ਪੰਥਕ ਸੰਸਥਾਵਾਂ ਦੇ ਉਪਰਾਲਿਆਂ ਦੇ ਨਾਲ ਨਾਲ ਸਿੱਖ ਤੇ ਪੰਜਾਬੀ ਭਾਈਚਾਰੇ ਨੂੰ ਵੀ ਇਸ ਪ੍ਰਤੀ ਸੁਹਿਰਦ ਹੋ ਕੇ ਨਿੱਜੀ ਤੌਰ 'ਤੇ ਦ੍ਰਿੜ ਹੋਣ ਦੀ ਲੋੜ ਹੈ।

ਕੁਝ ਪੰਥਕ ਮਾਮਲਿਆਂ ਉਤੇ ਸ਼੍ਰੋਮਣੀ ਕਮੇਟੀ ਵੱਲੋਂ ਨਿਭਾਈ ਜਾ ਰਹੀ ਭੂਮਿਕਾ ਉਤੇ ਵੀ ਵਿਚਾਰ-ਵਟਾਂਦਰਾ ਹੋਇਆ। ਜਥੇਦਾਰ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਆਪਣੇ ਵੱਲੋਂ ਬੜਾ ਕੁਝ ਕਰ ਰਹੀ ਹੈ, ਪਰ ਸੋਸ਼ਲ ਮੀਡੀਆ ਉਤੇ ਦੁਰ-ਪ੍ਰਚਾਰ ਕਾਰਨ ਚੰਗੀਆਂ ਗੱਲਾਂ ਦੀ ਚਰਚਾ ਹੋਣੋਂ ਰਹਿ ਜਾਂਦੀ ਹੈ, ਜਦਕਿ ਕੁਝ ਨਿਰਆਧਾਰ ਗੱਲਾਂ ਵਾਇਰਲ ਹੋ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ ਇੱਕ ਗਜ਼ਟ ਤਿਆਰ ਕੀਤਾ ਜਾਂਦਾ ਹੈ, ਜਿਸ ਵਿੱਚ ਸਾਰਾ ਲੇਖਾ-ਜੋਖਾ ਕੀਤਾ ਗਿਆ ਹੁੰਦਾ ਹੈ।

ਗਿਆਨੀ ਰਘਬੀਰ ਸਿੰਘ ਦਾ ਇਹ ਬਿਆਨ ਕਿ ਪੰਜਾਬ ਦਾ ਜੇ ਕੋਈ ਕੁਝ ਸੰਵਾਰ ਸਕਦਾ ਹੈ ਤਾਂ ਉਹ ਅਕਾਲੀ ਦਲ ਹੈ, ਬੇਸ਼ਕ ਸਿਆਸਤ ਭਰਪੂਰ ਬਿਆਨ ਮਹਿਸੂਸ ਕੀਤਾ ਗਿਆ, ਪਰ ਉਨ੍ਹਾਂ ਨਾਲ ਹੀ ਪੰਜਾਬ ਲਈ ਅਕਾਲੀ ਦਲ ਦੀਆਂ ਘਾਲਣਾਵਾਂ ਦੇ ਸੰਦਰਭ ਵਿੱਚ ਅਸਿੱਧੇ ਤੌਰ 'ਤੇ ਕਿਹਾ ਕਿ ਸ਼੍ਰੋਮਣੀ ਕਮੇਟੀ, ਅਕਾਲ ਤਖਤ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਵੱਖ ਕਰ ਕੇ ਨਹੀਂ ਵੇਖਿਆ ਜਾ ਸਕਦਾ। ਹਾਜ਼ਰੀਨ ਵਿੱਚੋਂ ਬਹੁਤੇ ਸੱਜਣ ਜਥੇਦਾਰ ਦੀ ਇਸ ਗੱਲ ਨਾਲ ਸਹਿਮਤ ਸਨ, ਪਰ ਅਕਾਲੀ ਦਲ ਨਾਲ 'ਬਾਦਲ' ਭਾਵ ਇੱਕ ਪਰਿਵਾਰ ਦੇ ਜੁੜ ਜਾਣ ਨੂੰ ਲੈ ਕੇ ਦੱਬਵੀਂ ਸੁਰ ਵਿੱਚ ਗੱਲ ਵੀ ਹੋਈ।

ਜਥੇਦਾਰ ਨੇ ਸਿੱਖ ਪੰਥ ਦੀ ਸਾਂਝ ਬਰਕਰਾਰ ਰੱਖਣ ਉਤੇ ਜ਼ੋਰ ਦਿੰਦਿਆਂ ਭਾਈਚਾਰਕ ਸਾਂਝ ਨੂੰ ਦੁਫਾੜ ਕਰਨ ਵਾਲੀਆਂ ਤਾਕਤਾਂ ਤੋਂ ਸੁਚੇਤ ਰਹਿਣ 'ਤੇ ਜ਼ੋਰ ਦਿੱਤਾ; ਪਰ ਇਸ ਮੌਕੇ ਸਿੱਖ ਪੰਥ ਅਤੇ ਪੰਜਾਬ ਨਾਲ ਜੁੜੇ ਵੱਖ-ਵੱਖ ਮਸਲਿਆਂ ਉਤੇ ਵੀ ਚਰਚਾ ਹੋਈ ਅਤੇ ਹਾਜ਼ਰੀਨ ਨੇ ਗਿਆਨੀ ਰਘਬੀਰ ਸਿੰਘ ਨਾਲ ਸਵਾਲ-ਜਵਾਬ ਵੀ ਕੀਤੇ।

ਜ਼ਿਕਰਯੋਗ ਹੈ ਕਿ ਗਿਆਨੀ ਰਘਬੀਰ ਸਿੰਘ ਸਥਾਨਕ ਪਤਵੰਤੇ ਮੁਖਤਿਆਰ ਸਿੰਘ (ਹੈਪੀ) ਹੀਰ ਦੇ ਗ੍ਰਹਿ ਵਿਖੇ ਨਿੱਜੀ ਫੇਰੀ 'ਤੇ ਆਏ ਹੋਏ ਸਨ। ਇਸ ਮੌਕੇ ਜਥੇਦਾਰ ਨਾਲ ਆਈਆਂ ਕੁਝ ਹੋਰ ਸ਼ਖਸੀਅਤਾਂ ਤੋਂ ਇਲਾਵਾ ਸ਼ਿਕਾਗੋਲੈਂਡ ਦੀਆਂ ਭਾਈਚਾਰਕ ਸ਼ਖਸੀਅਤਾਂ ਵੀ ਹਾਜ਼ਰ ਸਨ। ਜਥੇਦਾਰ ਨਾਲ ਗੱਲ ਕਰਦਿਆਂ ਵੱਖ-ਵੱਖ ਸੱਜਣਾਂ ਨੇ ਪੰਥਕ ਮੁੱਦਿਆਂ ਉਤੇ ਆਪੋ-ਆਪਣੇ ਤੌਖਲੇ ਪ੍ਰਗਟ ਕੀਤੇ ਅਤੇ ਇਨ੍ਹਾਂ ਸਭ ਦੇ ਹੱਲ ਲਈ ਹੋਰ ਉਪਰਾਲੇ ਕਰਨ ਦੀ ਅਪੀਲ ਕੀਤੀ। ਕੁਝ ਸੱਜਣਾਂ ਨੇ ਵਿਦੇਸ਼ਾਂ ਵਿਚਲੇ ਗੁਰਦੁਆਰਿਆਂ ਵਿੱਚ ਅਜਿਹੀਆਂ ਪ੍ਰਬੰਧਕ ਕਮੇਟੀਆਂ ਦੇ ਰਵੱਈਏ ਦਾ ਵੀ ਜ਼ਿਕਰ ਛੋਹਿਆ, ਜੋ ਆਪੋ-ਆਪਣੀ ਮਰਿਆਦਾ ਗੁਰੂਘਰਾਂ ਵਿੱਚ ਲਾਗੂ ਕਰਨ ਲਈ ਯਤਨਸ਼ੀਲ ਹਨ। ਜਥੇਦਾਰ ਨੂੰ ਅਪੀਲ ਕੀਤੀ ਗਈ ਕਿ ਅਕਾਲ ਤਖਤ ਸਾਹਿਬ ਤੋਂ ਪ੍ਰਵਾਨਿਤ ਰਹਿਤ ਮਰਿਆਦਾ ਦੇਸ਼-ਵਿਦੇਸ਼ ਦੇ ਗੁਰਦੁਆਰਿਆਂ ਵਿੱਚ ਲਾਗੂ ਕਰਨ ਲਈ ਹੋਰ ਚਾਰਾਜੋਈਆਂ ਕਰਨ ਦੀ ਲੋੜ ਹੈ, ਤਾਂ ਜੋ ਸਿੱਖ ਭਾਈਚਾਰੇ ਵਿੱਚ ਦੁਵਿਧਾ ਖੜ੍ਹੀ ਹੋਣ ਨਾਲੋਂ 'ਇੱਕ ਪੰਥ, ਇੱਕ ਮਰਿਆਦਾ' ਦਾ ਸਿਧਾਂਤ ਗੁਰੂਘਰਾਂ ਵਿੱਚ ਦ੍ਰਿੜਤਾ ਨਾਲ ਲਾਗੂ ਹੋਵੇ। ਸਜ਼ਾਵਾਂ ਭੁਗਤ ਚੁਕੇ ਬੰਦੀ ਸਿੰਘਾਂ ਦੀ ਰਿਹਾਈ ਅਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਘੇਰੇ ਵਿੱਚ ਸਿੱਖ ਸ਼ਬਦ ਦੇ ਗੁੰਮ ਹੁੰਦੇ ਜਾ ਰਹੇ ਪ੍ਰਭਾਵ ਦਾ ਵੀ ਜ਼ਿਕਰ ਛਿੜਿਆ। ਸਿਨਸਿਨੈਟੀ ਦੇ ਗੁਰਦੁਆਰਾ ਗੁਰੂ ਨਾਨਕ ਸੁਸਾਇਟੀ ਦੇ ਗ੍ਰੰਥੀ ਸਿੰਘ ਸਬੰਧੀ ਮਾਮਲੇ ਪਿੱਛੋਂ ਪੈਦਾ ਹੋਈ ਸਥਿਤੀ ਬਾਰੇ ਵੀ ਚਰਚਾ ਹੋਈ।

ਗੁਰਦੁਆਰਾ ਪੈਲਾਟਾਈਨ ਮਿਡਵੈਸਟ ਦਾ ਸਭ ਤੋਂ ਵੱਡਾ ਤੇ ਪੁਰਾਣਾ ਗੁਰਦੁਆਰਾ ਹੈ, ਪਰ ਜਥੇਦਾਰ ਸਾਹਿਬ ਦੇ ਉਥੇ ਜਾਣ ਜਾਂ ਨਾ ਜਾਣ ਸਬੰਧੀ ਪੈਦਾ ਹੋਈ ਸਥਿਤੀ ਦੀ ਵੀ ਇਸ ਮੌਕੇ ਚਰਚਾ ਹੋਈ। ਕੁਝ ਲੋਕਾਂ ਦਾ ਮੰਨਣਾ ਸੀ ਕਿ ਗੁਰਦੁਆਰਾ ਪੈਲਾਟਾਈਨ ਦੇ ਪ੍ਰਬੰਧ ਉਤੇ ਕਾਬਜ਼ ਧੜੇ ਨਾਲ ਸਬੰਧਤ ਕੁਝ ਲੋਕ ਸਿਆਸੀ ਤੌਰ 'ਤੇ ਦੂਜੀ ਧਿਰ ਨਾਲ ਜੁੜੇ ਹੋਏ ਹਨ, ਜਿਸ ਕਾਰਨ ਗੁਰਦੁਆਰਾ ਪ੍ਰਬੰਧ ਨਾਲ ਜੁੜੀ ਧਿਰ ਵੱਲੋਂ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਗੁਰੂਘਰ ਆਉਣ ਦਾ ਸੱਦਾ ਨਹੀਂ ਦਿੱਤਾ ਗਿਆ।

ਇਸ ਤੋਂ ਪਹਿਲਾਂ ਗਿਆਨੀ ਰਘਬੀਰ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਅਮਰੀਕਾ ਵਿੱਚ ਸਿੱਖਾਂ ਦੇ ਆਉਣ ਦੀ ਗੱਲ ਕਰੀਏ ਤਾਂ ਸਭ ਤੋਂ ਪਹਿਲਾਂ ਗਦਰੀ ਬਾਬਿਆਂ ਨੇ ਸਟਾਕਟਨ ਵਿੱਚ ਫੇਰੀ ਪਾਈ। ਇਸ ਤੋਂ ਪਹਿਲਾਂ ਬ੍ਰਿਟਿਸ਼ ਫੌਜ ਵਿੱਚ ਸਿੱਖ ਘੋੜਸਵਾਰਾਂ ਨੇ ਵੈਨਕੂਵਰ (ਕੈਨੇਡਾ) ਵਿੱਚ ਆ ਕੇ ਰਹਿਣਾ ਸ਼ੁਰੂ ਕੀਤਾ। ਸਦੀਆਂ ਤੋਂ ਸਿੱਖ ਪੰਥ ਦੇ ਦੇਸ਼-ਵਿਦੇਸ਼ ਵਿੱਚ ਫੈਲੇ ਹੋਣ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਸਿੱਖ ਪੰਥ ਵਿੱਚ ਰਵਾਇਤ ਰਹੀ ਹੈ ਕਿ ਜਿੱਥੇ ਗੁਰੂ ਸਾਹਿਬ ਆਪ ਨਹੀਂ ਸਨ ਜਾ ਸਕਦੇ, ਉਥੇ ਆਪਣੇ ਸਿੱਖਾਂ ਨੂੰ ਭੇਜਿਆ ਕਰਦੇ ਸਨ। ਸਾਡਾ ਮਕਸਦ ਇਹੋ ਹੈ ਕਿ ਸਿੱਖ ਭਾਈਚਾਰੇ ਵਿੱਚ ਆਪਸੀ ਤਾਲ-ਮੇਲ ਬਣਿਆ ਰਹੇ ਤੇ ਸਿੱਖ ਆਪਣੇ ਧੁਰੇ ਨਾਲ ਜੁੜੇ ਰਹਿਣ।

ਉਨ੍ਹਾਂ ਕਿਹਾ ਕਿ ਸਿੱਖ ਆਪਣੇ ਕੇਂਦਰੀ ਸਥਾਨ ਅਕਾਲ ਤਖਤ ਸਾਹਿਬ ਤੋਂ ਟੁੱਟ ਜਾਣ, ਅਜਿਹਾ ਪ੍ਰਾਪੇਗੰਡਾ ਦੇਸ਼-ਵਿਦੇਸ਼ ਵਿੱਚ ਵੱਡੇ ਪੱਧਰ 'ਤੇ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ, ਗੁਰਬਾਣੀ ਤੇ ਗੁਰੂ ਸਾਹਿਬਾਨ ਬਾਰੇ ਬਹੁਤ ਕੁਝ ਗਲਤ ਪ੍ਰਚਾਰਿਆ ਜਾ ਰਿਹਾ ਹੈ। ਉਨ੍ਹਾਂ ਗੁਮਰਾਹਕੁੰਨ ਪ੍ਰਚਾਰ ਤੋਂ ਸੁਚੇਤ ਰਹਿਣ ਦੀ ਸਲਾਹ ਦਿੱਤੀ ਅਤੇ ਕਿਸੇ ਵੀ ਪੰਥਕ ਮਸਲੇ ਸਬੰਧੀ ਸਹੀ ਜਾਣਕਾਰੀ ਲੈਣ ਲਈ ਸਿੱਧਿਆਂ ਅਕਾਲ ਤਖਤ ਸਾਹਿਬ ਜਾਂ ਸ਼੍ਰੋਮਣੀ ਕਮੇਟੀ ਨਾਲ ਸੰਪਰਕ ਕਰਨ ਦੀ ਗੱਲ ਆਖੀ।

ਇਸ ਮੌਕੇ ਗਿਆਨੀ ਰਘਬੀਰ ਸਿੰਘ ਨੇ ਸੁਲਤਾਨਵਿੰਡ ਤੋਂ ਆਪਣੀ ਪੱਤੀ ਦੇ ਰਘਵਿੰਦਰ ਸਿੰਘ ਮਾਹਲ ਦੇ ਪਰਿਵਾਰ ਦਾ ਉਚੇਚਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਪਰਿਵਾਰ ਸਾਡੇ ਇਲਾਕੇ ਦਾ ਮਾਣ ਹੈ; ਕਿਉਂਕਿ ਇਸ ਪਰਿਵਾਰ ਦੇ ਵਡੇਰੇ ਸ. ਅਰਸਾ ਸਿੰਘ ਮਾਹਲ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਜਰਨੈਲ ਸਨ। ਸ. ਅਰਸਾ ਸਿੰਘ ਗਤਕੇ ਦੇ ਅਜਿਹੇ ਜਰਨੈਲ ਖਿਡਾਰੀ ਸਨ ਕਿ ਜੇ ਉਨ੍ਹਾਂ ਦੀ ਮੰਜੀ ਹੇਠਾਂ ਕਾਂ ਛੱਡ ਦਿਓ ਤਾਂ ਕਾਂ ਬਾਹਰ ਨਹੀਂ ਸੀ ਆ ਸਕਦਾ। ਇਨ੍ਹਾਂ ਦਾ ਪਰਿਵਾਰ ਕਿਲੇ ਵਾਲੇ ਸਰਦਾਰਾਂ ਕਰਕੇ ਜਾਣਿਆ ਜਾਂਦਾ ਹੈ ਅਤੇ ਤਕਰੀਬਨ ਅੱਧਾ ਪਿੰਡ ਇਸ ਕਿਲੇ ਦੀ ਹਦੂਦ ਵਿੱਚ ਵੱਸਿਆ ਹੋਇਆ ਹੈ।

ਜਥੇਦਾਰ ਨੇ ਕਿਹਾ ਕਿ ਜਦੋਂ ਅਸੀਂ ਛੋਟੇ ਸਾਂ ਤਾਂ ਪਰਿਵਾਰ ਵੱਲੋਂ ਸ. ਅਰਸਾ ਸਿੰਘ ਦੀ ਤਸਵੀਰ ਲੈ ਕੇ ਨਗਰ ਕੀਰਤਨ ਵਿੱਚ ਸ਼ਾਮਲ ਹੁੰਦੇ ਸਾਂ ਅਤੇ ਸੰਗਤ ਨੂੰ ਉਨ੍ਹਾਂ ਬਾਰੇ ਦੱਸਦੇ ਸਾਂ। ਜਥੇਦਾਰ ਨੇ ਸ. ਅਰਸਾ ਸਿੰਘ ਮਾਹਲ ਦੇ ਪਰਿਵਾਰ ਬਾਰੇ ਇਹ ਗੱਲ ਵੀ ਸਾਂਝੀ ਕੀਤੀ, ਸਾਡੀ ਬੀਬੀ ਦੱਸਦੀ ਹੁੰਦੀ ਸੀ ਕਿ ਜਦੋਂ ਇਸ ਪਰਿਵਾਰ ਦੀਆਂ ਬੀਬੀਆਂ-ਮਾਈਆਂ ਕਿਲੇ ਵਿੱਚੋਂ ਬਾਹਰ ਆਉਂਦੀਆਂ ਸਨ ਤਾਂ ਕਿਲੇ ਦੀਆਂ ਦਾਸੀਆਂ ਗਲੀ ਵਿੱਚ ਦੋਨੋਂ ਪਾਸੇ ਫੁਲਕਾਰੀਆਂ ਲੈ ਕੇ ਖੜ੍ਹੀਆਂ ਹੁੰਦੀਆਂ ਸਨ। ਜ਼ਿਕਰਯੋਗ ਹੈ ਕਿ ਸ. ਅਰਸਾ ਸਿੰਘ ਮਾਹਲ ਦੇ ਵੰਸ਼ ਵਿੱਚੋਂ ਰਘਵਿੰਦਰ ਸਿੰਘ ਮਾਹਲ ਕਾਫੀ ਸਮਾਂ ਪਹਿਲਾਂ ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੀ ਰਹੇ ਹਨ।



ਇਸ ਤੋਂ ਪਹਿਲਾਂ ਬਾਬਾ ਦਲਜੀਤ ਸਿੰਘ ਸ਼ਿਕਾਗੋ ਨੇ ਕਿਹਾ, ਇਹ ਸਾਡੇ ਲਈ ਸੁਭਾਗਾ ਸਮਾਂ ਹੈ ਕਿ ਸਿੱਖ ਪੰਥ ਦੀ ਅਜ਼ੀਮ ਸ਼ਖਸੀਅਤ ਸਾਡੇ ਵਿਚਕਾਰ ਹੈ। ਉਨ੍ਹਾਂ ਕਿਹਾ ਕਿ ਅਸੀਂ ਸਿੱਖ ਹੋਣ ਦੇ ਨਾਤੇ ਸੱਚਖੰਡ ਅੰਮ੍ਰਿਤਸਰ ਨਾਲ ਰੂਹਾਨੀਅਤ ਤੌਰ 'ਤੇ ਜੁੜੇ ਹੋਏ ਹਾਂ ਤੇ ਅਰਦਾਸ ਸਮੇਂ ਵੀ ਸੱਚਖੰਡ ਦੇ ਦਰਸ਼ਨਾਂ ਦਾ ਦਾਨ ਮੰਗਦੇ ਹਾਂ। ਉਨ੍ਹਾਂ ਹਰਿਮੰਦਰ ਸਾਹਿਬ ਤੇ ਅਕਾਲ ਤਖਤ ਦੀ ਸਥਾਪਨਾ ਦੇ ਇਤਿਹਾਸ ਉਤੇ ਚਾਨਣਾ ਪਾਇਆ ਅਤੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੀ ਸੇਵਾ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਅਕਾਲ ਤਖਤ ਕੋਈ ਇਮਾਰਤ ਨਹੀਂ, ਸਗੋਂ ਇੱਕ ਸਿਧਾਂਤ ਹੈ। ਉਨ੍ਹਾਂ ਜਥੇਦਾਰ ਸਾਹਿਬ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਜਦੋਂ ਪੰਥ ਦੀ ਸਿਰਮੌਰ ਹਸਤੀ ਸਾਡੇ ਵਿਚਾਕਰ ਆਉਂਦੀ ਹੈ ਅਤੇ ਜਥੇਦਾਰ ਪੰਥਕ ਵਿਚਾਰਾਂ ਕਰਦੇ ਹਨ ਤਾਂ ਸਾਨੂੰ ਵੀ ਮਾਣ ਹੁੰਦਾ ਹੈ ਕਿ ਇਹ ਸਾਡੀ ਪਿੱਠ 'ਤੇ ਹਨ।

ਡਾ. ਹਰਜਿੰਦਰ ਸਿੰਘ ਖਹਿਰਾ ਨੇ ਗਿਆਨੀ ਰਘਬੀਰ ਸਿੰਘ ਨੂੰ ਜੀ ਆਇਆਂ ਆਖਦਿਆਂ ਦੱਸਿਆ ਕਿ ਉਹ ਹੀਰ ਪਰਿਵਾਰ ਦੇ ਨਿੱਘੇ ਸੱਦੇ ਉਤੇ ਆਏ ਹਨ। ਉਨ੍ਹਾਂ ਹੈਪੀ ਹੀਰ ਦੇ ਪਿਤਾ ਸਵਰਗੀ ਮੇਜਰ ਸਿੰਘ ਮੋਜੀ ਨੂੰ ਵੀ ਯਾਦ ਕੀਤਾ।

ਇਸ ਮੌਕੇ ਤਖਤ ਕੇਸਗੜ੍ਹ ਸਾਹਿਬ ਵਿਖੇ ਲੰਮਾ ਸਮਾਂ ਕੀਰਤਨ ਕਰਦੇ ਰਹੇ ਭਾਈ ਰਸ਼ਪਾਲ ਸਿੰਘ, ਦਰਬਾਰ ਸਾਹਿਬ ਦੇ ਕੀਰਤਨੀਏ ਭਾਈ ਹਰਦੀਪ ਸਿੰਘ, ਭਾਈ ਕਿਰਪਾਲ ਸਿੰਘ, ਬੁੱਢਾ ਦਲ ਨਾਰਥ ਅਮੈਰਿਕਾ ਦੇ ਮੁਖੀ ਜਸਵਿੰਦਰ ਸਿੰਘ ਜੱਸੀ ਤੋਂ ਇਲਾਵਾ ਗੁਰਦੁਆਰਾ ਪੈਲਾਟਾਈਨ ਦੇ ਸਾਬਕਾ ਪ੍ਰਧਾਨ ਸੋਖੀ ਸਿੰਘ, ਅੰਮ੍ਰਿਤਪਾਲ ਸਿੰਘ ਸੰਘਾ, ਅਮਰੀਕ ਸਿੰਘ ਸ਼ਿਕਾਗੋ, ਅਜੈਬ ਸਿੰਘ ਲੱਖਣ, ਜੈਦੇਵ ਸਿੰਘ ਭੱਠਲ, ਮਨਜਿੰਦਰ ਸਿੰਘ (ਮੈਕ) ਭਮਰਾ, ਮਨਜੀਤ ਸਿੰਘ (ਟੇਸਟ ਆਫ ਇੰਡੀਆ), ਡਾ. ਰਛਪਾਲ ਸਿੰਘ ਬਾਜਵਾ, ਜਿੰਦੀ ਦਿਆਲ, ਰਾਜਾ ਦਿਆਲ, ਪਰਮਿੰਦਰ ਸਿੰਘ ਵਾਲੀਆ, ਜਸਕਰਨ ਸਿੰਘ ਧਾਲੀਵਾਲ, ਨਰਿੰਦਰ ਸਰਾਂ, ਜਸਪਾਲ ਮਿੰਢਾ, ਸੋਨੂ ਖਹਿਰਾ, ਅਜੀਤ ਸਿੰਘ ਤੇ ਹੋਰ ਸੱਜਣ ਹਾਜ਼ਰ ਸਨ। ਨਵਰੀਨ ਕੌਰ ਹੀਰ ਅਤੇ ਹੋਰ ਪਰਿਵਾਰਕ ਮੈਂਬਰ ਉਚੇਚੀ ਮਹਿਮਾਨਨਿਵਾਜ਼ੀ ਕਰ ਰਹੇ ਸਨ। ਖਾਣਾ ਕੇ.ਕੇ. ਪੰਮਾ ਨੇ ਪਰੋਸਿਆ।

## ਜਥੇਦਾਰ ਦੀ ਸ਼ਿਕਾਗੋ ਫੇਰੀ ਦੇ ਚਰਚੇ

ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਮਿਡਵੈਸਟ ਦੇ ਗੁਰੂ ਘਰਾਂ ਵਿੱਚ ਨਾ ਜਾਣ ਨੂੰ ਲੈ ਕੇ ਪਿਛਲੇ ਦਿਨਾਂ ਦੌਰਾਨ ਚਰਚਾ ਛਿੜੀ ਰਹੀ ਹੈ। ਜ਼ਿਕਰਯੋਗ ਹੈ ਕਿ ਜਥੇਦਾਰ ਸਾਹਿਬ ਕਰੀਬ ਤੇਰਾਂ ਦਿਨਾਂ ਲਈ ਅਮਰੀਕਾ ਦੌਰੇ 'ਤੇ ਸਨ। ਇਸ ਦੌਰਾਨ ਉਨ੍ਹਾਂ ਵੱਖ ਵੱਖ ਸ਼ਰਧਾਲੂਆਂ ਦੇ ਸੱਦੇ ਉਤੇ ਉਨ੍ਹਾਂ ਦੇ ਗ੍ਰਹਿ ਵਿਖੇ ਨਿੱਜੀ ਤੌਰ 'ਤੇ ਇਕੱਤਰਤਾਵਾਂ ਅਤੇ ਵਿਚਾਰਾਂ ਕੀਤੀਆਂ।

ਜਥੇਦਾਰ ਦੀ ਨਿੱਜੀ ਫੇਰੀ ਸਬੰਧੀ ਸੋਸ਼ਲ ਮੀਡੀਆ ਉਤੇ ਵਾਇਰਲ ਹੋਈਆਂ ਤਸਵੀਰਾਂ ਨੂੰ ਲੈ ਕੇ ਲੰਘੇ ਐਤਵਾਰ ਗੁਰਦੁਆਰਾ ਪੈਲਾਟਾਈਨ ਵਿਖੇ ਚਰਚਾ ਹੁੰਦੀ ਰਹੀ। ਇਸ ਸਬੰਧੀ ਕੁਝ ਲੋਕਾਂ ਦੇ ਸਵਾਲ ਸਨ- ਕੀ ਜਥੇਦਾਰ ਸਾਹਿਬ ਗੁਰਦੁਆਰਾ ਪੈਲਾਟਾਈਨ ਵਿਖੇ ਵੀ ਆ ਰਹੇ ਹਨ? ਕੀ ਜਥੇਦਾਰ ਨਿੱਜੀ ਫੇਰੀ 'ਤੇ ਹੀ ਅਮਰੀਕਾ ਆਏ ਸਨ? ਕੀ ਜਥੇਦਾਰ ਵੱਲੋਂ ਆਪਣੀ ਫੇਰੀ ਦੌਰਾਨ ਗੁਰਦੁਆਰਾ ਪੈਲਾਟਾਈਨ ਤੋਂ ਦੂਰੀ ਬਣਾਈ ਰੱਖਣ ਦਾ ਕਾਰਨ ਸ਼੍ਰੋਮਣੀ ਅਕਾਲੀ ਦਲ (ਬ) ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਰਮਿਆਨ ਸਿਆਸੀ ਮਤਭੇਦ ਤਾਂ ਨਹੀਂ? ਕੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿਆਸੀ ਮਤਭੇਦ ਇੱਕ ਪਾਸੇ ਰੱਖ ਕੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਗੁਰਦੁਆਰਾ ਆਉਣ ਅਤੇ ਸੰਗਤ ਦੇ ਨਾਂ ਸੰਦੇਸ਼ ਦੇਣ ਦਾ ਸੱਦਾ ਨਹੀਂ ਸੀ ਦੇਣਾ ਚਾਹੀਦਾ? ਅਜਿਹੇ ਹੀ ਮਿਲਦੇ-ਜੁਲਦੇ ਹੋਰ ਕੁਝ ਸਵਾਲ ਉਠ ਰਹੇ ਸਨ ਅਤੇ ਜਥੇਦਾਰ ਦੀ ਸ਼ਿਕਾਗੋ ਫੇਰੀ ਦੇ ਅਰਥ ਕੁਝ ਹੋਰ ਕੱਢੇ ਜਾ ਰਹੇ ਸਨ।

ਜ਼ਿਕਰਯੋਗ ਹੈ ਕਿ ਜਥੇਦਾਰ ਰਘਬੀਰ ਸਿੰਘ ਇੱਕ ਹੋਰ ਸ਼ਰਧਾਲੂ ਦੇ ਘਰ ਨਿੱਜੀ ਇਕੱਠ ਨੂੰ ਵੀ ਮਿਲੇ ਅਤੇ ਗੱਲਬਾਤ ਕੀਤੀ। ਇਸ ਮੌਕੇ ਸ਼ਿਕਾਗੋ ਵਿੱਚ ਸਥਿਤ ਭਾਰਤੀ ਕੌਂਸਲ ਜਨਰਲ ਸੋਮ ਨਾਥ ਘੋਸ਼ ਅਤੇ ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਥੀ ਤੋਂ ਇਲਾਵਾ ਹੋਰਨਾਂ ਜਥੇਬੰਦੀਆਂ ਦੇ ਨੁਮਾਇੰਦੇ ਵੀ ਹਾਜ਼ਰ ਸਨ। ਇਹ ਗੱਲ ਵੀ ਚੱਲੀ ਕਿ ਸਿੱਖ ਭਾਈਚਾਰੇ ਦੇ ਕੇਂਦਰੀ ਅਸਥਾਨ ਅਕਾਲ ਤਖਤ ਸਾਹਿਬ ਦੇ ਜਥੇਦਾਰ ਹੋਣ ਦੇ ਨਾਤੇ ਗਿਆਨੀ ਰਘਬੀਰ ਸਿੰਘ ਦਾ ਰੁਤਬਾ ਉਚ ਹੈ ਅਤੇ ਉਨ੍ਹਾਂ ਦਾ ਕਿਸੇ ਵੀ ਧਰਮ ਜਾਂ ਧਿਰ ਦੇ ਲੋਕਾਂ ਨਾਲ ਮੁਲਾਕਾਤ ਕਰਨਾ ਗਲਤ ਨਹੀਂ ਹੈ; ਕਿਉਂਕਿ ਸਿੱਖ ਧਰਮ ਸਾਂਝੀਵਾਲਤਾ ਦਾ ਮੁਦੱਈ ਹੈ।

ਗੁਰਦੁਆਰਾ ਪੈਲਾਟਾਈਨ 'ਚ ਸੰਗਤ ਦੇ ਕੁਝ ਗਿਣੇ-ਚੁਣੇ ਮੈਂਬਰਾਂ ਦਾ ਇਹ ਵਿਚਾਰ ਸੀ ਕਿ ਜੇ ਅਕਾਲ ਤਖਤ ਦੇ ਜਥੇਦਾਰ ਸ਼ਿਕਾਗੋ ਆਏ ਹੀ ਸਨ ਤਾਂ ਉਨ੍ਹਾਂ ਨੂੰ ਗੁਰੂਘਰ ਜ਼ਰੂਰ ਆਉਣਾ ਚਾਹੀਦਾ ਸੀ ਅਤੇ ਕੌਮ ਦੇ ਨਾਂ ਸੰਦੇਸ਼ ਦੇਣ ਤੇ ਪੰਥਕ ਮਸਲਿਆਂ ਉਤੇ ਗੱਲਬਾਤ ਕਰਨੀ ਚਾਹੀਦੀ ਸੀ। ਬੇਸ਼ੱਕ ਪ੍ਰਬੰਧਕੀ ਧਿਰਾਂ ਕਿਸੇ ਵੀ ਸਿਆਸੀ ਪਾਰਟੀ ਨਾਲ ਜੁੜੀਆਂ ਹੋ ਸਕਦੀਆਂ ਹਨ, ਪਰ ਗੁਰੂ ਘਰਾਂ ਦੀ ਬਹੁ-ਗਿਣਤੀ ਸੰਗਤ ਅਕਾਲ ਤਖਤ ਨੂੰ ਸਮਰਪਿਤ ਹੈ।

ਇਹ ਵੀ ਚਰਚਾ ਸੀ ਕਿ ਗੁਰਦੁਆਰਾ ਪੈਲਾਟਾਈਨ ਦੇ ਪ੍ਰਬੰਧ ਨਾਲ ਜੁੜੇ ਧੜੇ ਵਿੱਚ ਗਰਮਖਿਆਲੀਆਂ ਦਾ ਕਥਿਤ ਤੌਰ 'ਤੇ ਦਬਦਬਾ ਹੋਣ ਕਾਰਨ ਗੁਰਦੁਆਰਾ ਪੈਲਾਟਾਈਨ ਵਿਖੇ ਜਥੇਦਾਰ ਦੇ ਆਉਣ ਦੇ ਸਬੱਬ ਨੂੰ ਬੂਰ ਨਾ ਪਿਆ। ਜਾਣਕਾਰੀ ਅਨੁਸਾਰ ਜਥੇਦਾਰ ਦੀ ਸ਼ਿਕਾਗੋ ਫੇਰੀ ਦੇ ਪ੍ਰਬੰਧਨ ਵਿੱਚ ਸ਼ਾਮਲ ਕੁਝ ਸ਼ਖਸੀਅਤਾਂ ਨੇ 'ਖਾਲਿਸਤਾਨ ਪੱਖੀ' ਸ਼ਖਸੀਅਤਾਂ ਵੱਲੋਂ ਕਿਸੇ ਤਰ੍ਹਾਂ ਦੇ ਸਵਾਲ-ਜਵਾਬ ਜਾਂ ਸੰਭਾਵੀ ਵਿਰੋਧ ਦੇ ਮੱਦੇਨਜ਼ਰ ਗੁਰੂਘਰ ਦੀ ਫੇਰੀ ਲਈ ਬਹੁਤਾ ਤਰੱਦਦ ਵੀ ਨਾ ਕੀਤਾ। ਇਸ ਗੱਲ ਨੂੰ ਲੈ ਕੇ ਦਲੀਲ ਪੇਸ਼ ਸੀ ਕਿ ਜੋ ਵੀ ਹੋਵੇ, ਪਰ ਗਿਆਨੀ ਰਘਬੀਰ ਸਿੰਘ ਅਕਾਲ ਤਖਤ ਸਾਹਿਬ ਦੇ ਜਥੇਦਾਰ ਤਾਂ ਹਨ ਹੀ! ਕਾਰਨ ਕੁਝ ਵੀ ਹੋਣ- ਨਿੱਜੀ ਜਾਂ ਸਿਆਸੀ, ਪਰ ਜਥੇਦਾਰ ਦੀ ਫੇਰੀ ਚਰਚਾ ਦਾ ਵਿਸ਼ਾ ਬਣੀ ਰਹੀ। ਇਹ ਵੀ ਜ਼ਿਕਰਯੋਗ ਹੈ ਕਿ ਪਿਛਲੇ ਸਮੇਂ ਦੌਰਾਨ ਆਉਂਦੇ ਰਹੇ ਅਕਾਲ ਤਖਤ ਦੇ ਜਥੇਦਾਰ ਸਾਹਿਬਾਨ ਅਤੇ ਹੋਰ ਪੰਥਕ ਜਥੇਬੰਦੀਆਂ ਦੇ ਬਹੁਤੇ ਨੁਮਾਇੰਦੇ ਵੀ ਨਿੱਜੀ ਇਕੱਤਰਤਾਵਾਂ ਤੱਕ ਹੀ ਸੀਮਤ ਰਹੇ ਹਨ, ਕੁਝ ਇੱਕ ਨੂੰ ਛੱਡ ਕੇ।

## ਬਾਇਡਨ ਦੀਆਂ ਟਿੱਪਣੀਆਂ

ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਦੇ ਇੱਕ ਭਾਸ਼ਣ ਵਿੱਚ ਮਿੱਤਰ ਮੁਲਕਾਂ ਭਾਰਤ ਅਤੇ ਜਪਾਨ ਨੂੰ ਰੂਸ ਅਤੇ ਚੀਨ ਦੇ ਨਾਲ ਰੱਖ ਕੇ ਪੇਸ਼ ਕਰਨ ਦਾ ਕਾਰਨ ਉਨ੍ਹਾਂ ਦੀ ਨਿਰਬਲਤਾ ਜਾਂ ਸਿਆਸੀ ਸਹੂਲਤ ਹੋ ਸਕਦਾ ਹੈ। ਪਿਛਲੇ ਹਫ਼ਤੇ ਚੰਦਾ ਇਕੱਠਾ ਕਰਨ ਮੌਕੇ ਦਿੱਤੇ ਭਾਸ਼ਣ ਵਿੱਚ ਜੋਅ ਬਾਇਡਨ ਨੇ ਪਾਰਟੀ ਵਿੱਚ ਨਵੇਂ ਆਵਾਸੀਆਂ ਨੂੰ ਸ਼ਾਮਿਲ ਕਰਨ ਦਾ ਪੱਖ ਪੂਰਿਆ ਤੇ ਨਾਲ ਹੀ ਅਮਰੀਕਾ ਨੂੰ ਚੁਣਨ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ। ਨਾਲ ਹੀ ਉਨ੍ਹਾਂ ਪਾਰਟੀ ਵਿਚਲੇ ਉਨ੍ਹਾਂ ਨਿੰਦਕਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਵੀ ਕੀਤੀ, ਜੋ ਮੈਕਸਿਕੋ ਬਾਰਡਰ ’ਤੇ ਬੇਰੋਕ ਪਰਵਾਸ ਦੀ ਤਿੱਖੀ ਆਲੋਚਨਾ ਕਰ ਰਹੇ ਹਨ। ਬਾਇਡਨ ਸ਼ਾਇਦ ਇਹ ਦੋਸ਼ ਲਾ ਕੇ ਕੁਝ ਵੀ ਸਿੱਧ ਕਰਨ ਵਿੱਚ ਕਾਮਯਾਬ ਨਹੀਂ ਹੋ ਸਕੇ ਕਿ ਚਾਰਾਂ ਮੁਲਕਾਂ ਦੇ ‘ਡਗਮਗਾ ਰਹੇ ਅਰਥਚਾਰਿਆਂ’ ਅਤੇ ਪਰਵਾਸ ਪ੍ਰਤੀ ਇਨ੍ਹਾਂ ਦੇ ‘ਓਪਰੇਪਨ’ ਵਿੱਚ ਸਿੱਧਾ ਲਾਗਾ-ਦੇਗਾ ਹੈ।

ਦੂਜੇ ਮੁਲਕ ਆਪੋ-ਆਪਣਾ ਪੱਖ ਆਪ ਰੱਖ ਸਕਦੇ ਹਨ, ਪਰ ਭਾਰਤ ਨੂੰ ਇਹ ਕਹਿਣਾ ਕਿ ਇਹ ‘ਬੇਗਾਨਿਆਂ ਨੂੰ ਨਾਪਸੰਦ’ ਕਰਨ ਵਾਲਾ ਜਾਂ ਆਦਤਨ ਵਿਦੇਸ਼ੀਆਂ ਦਾ ਵਿਰੋਧੀ ਹੈ, ਪਚਾਉਣਾ ਬੜਾ ਮੁਸ਼ਕਿਲ ਹੈ। ਆਜ਼ਾਦੀ ਤੋਂ ਬਾਅਦ ਦੇ ਭਾਰਤ ਵਿੱਚ ਕੋਈ ਸ਼ਰਨਾਰਥੀ ਨੀਤੀ ਨਹੀਂ ਸੀ। ਅੱਤਿਆਚਾਰਾਂ ਜਾਂ ਆਰਥਿਕ ਬਦਹਾਲੀ ਤੋਂ ਭੱਜਣ ਵਾਲਿਆਂ ਨੂੰ ਸਿਆਸੀ ਸਮੀਕਰਨਾਂ ਮੁਤਾਬਿਕ ਸ਼ਰਨ ਦਿੱਤੀ ਜਾਂਦੀ ਰਹੀ; ਅਮਰੀਕਾ ਵਿੱਚ ਵੀ ਕੁਝ ਅਜਿਹਾ ਹੀ ਹੁੰਦਾ ਰਿਹਾ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਵੱਲੋਂ ਬਾਇਡਨ ਦੀਆਂ ਟਿੱਪਣੀਆਂ ਦੇ ਜਵਾਬ ਵਿੱਚ ਦਿੱਤਾ ਨਾਗਰਿਕਤਾ ਸੋਧ ਕਾਨੂੰਨ ਦਾ ਹਵਾਲਾ ਦਾਇਰੇ ਅਤੇ ਇਰਾਦੇ ਦੇ ਪੱਖ ਤੋਂ ਸੀਮਤ ਹੈ, ਪਰ ਮਨੁੱਖੀ ਪਰਵਾਸ ਦੀਆਂ ਲਹਿਰਾਂ ਦੇ ਪ੍ਰਵਾਹ ਨੂੰ ਇੱਥੇ ਅਨੰਤ ਕਾਲ ਤੋਂ ਸੁਖਾਵਾਂ ਟਿਕਾਣਾ ਲੱਭਦਾ ਰਿਹਾ ਹੈ, ਭਾਵੇਂ ਇਹ ਤੰਗ, ਗੁੰਝਲਦਾਰ ਅਤੇ ਮੁਕਾਬਲੇ ਨਾਲ ਭਰਪੂਰ ਸੀ।

ਵਿਦੇਸ਼ ਨੀਤੀ ਦੇ ਪੱਖ ਤੋਂ ਬਾਇਡਨ ਉਨ੍ਹਾਂ ਮੁਲਕਾਂ ਦਾ ਨਿਰਾਦਰ ਕਰ ਰਹੇ ਹਨ, ਜੋ ਉਸ ਵੇਲੇ ਅਮਰੀਕਾ ਦੇ ਸਾਥੀ ਹਨ, ਜਦ ਆਲਮੀ ਪੱਧਰ ’ਤੇ ‘ਤਾਕਤਵਰ ਮੁਲਕਾਂ ’ਚ ਮੁਕਾਬਲੇ ਦੀ ਹੋੜ ਹੈ’, ਅਤੇ ਕੋਈ ਵੀ ਹੁਣ ਇੱਕੋ-ਇੱਕ ਮਹਾਂਸ਼ਕਤੀ ਹੋਣ ਦਾ ਦਾਅਵਾ ਨਹੀਂ ਕਰ ਸਕਦਾ, ਨਾ ਹੀ ਥੋਪ ਸਕਦਾ ਹੈ। ਸੰਸਾਰ ਦਾ ਭੂ-ਸਿਆਸੀ ਦ੍ਰਿਸ਼ ਬਦਲ ਰਿਹਾ ਹੈ ਅਤੇ ਇਸ ਦਾ ਅਸਰ ਸਮੁੱਚੇ ਸੰਸਾਰ ਉਤੇ ਪੈ ਰਿਹਾ ਹੈ। ਦੇਖਿਆ ਜਾਵੇ ਤਾਂ ਇਸ ਵਕਤ ਰੂਸ ਅਤੇ ਚੀਨ ਅਮਰੀਕਾ ਲਈ ਚੁਣੌਤੀ ਬਣੇ ਹੋਏ ਹਨ। ਭਾਰਤ ਤੇ ਜਪਾਨ, ਜਿਨ੍ਹਾਂ ਨੂੰ ਬਾਇਡਨ ਨੇ ‘ਵਿਦੇਸ਼ੀਆਂ ਤੋਂ ਝਿਜਕਣ ਵਾਲੇ’ ਮੁਲਕ ਗਰਦਾਨਿਆ ਹੈ, ਉਹ ਉਸ ਕੁਆਡ ਗੱਠਜੋੜ ਦਾ ਵੀ ਹਿੱਸਾ ਹਨ, ਜੋ ਚੀਨ ਨੂੰ ਸੁਰੱਖਿਆ ਤੇ ਆਰਥਿਕ ਮੁਕਾਬਲੇਬਾਜ਼ੀ ਦੇ ਪੱਖ ਤੋਂ ਟੱਕਰ ਦੇਣ ਲਈ ਬਣਾਇਆ ਗਿਆ ਹੈ। ਖ਼ੁਦ ਖ਼ੁਫ਼ੀਆ ਮਿਸ਼ਨਾਂ ਦੇ ‘ਮਾਸਟਰ’ ਕਹਾਉਂਦੇ ਅਮਰੀਕਾ ਨੂੰ ਲਗਾਤਾਰ ਬਦਲ ਰਹੀ ਸੰਸਾਰ ਵਿਵਸਥਾ ਵਿੱਚ ਚੋਟੀ ’ਤੇ ਟਿਕੇ ਰਹਿਣ ਲਈ ਖੇਤਰੀ ਗੱਠਜੋੜਾਂ ਅਤੇ ਸੰਸਥਾਵਾਂ ਦੇ ਆਪਣੇ ਤੰਤਰ ਵਿੱਚ ਹੋਰ ਵਾਧਾ ਕਰਨਾ ਚਾਹੀਦਾ ਹੈ।

# ਮਿਸ ਅਤੇ ਮਿਸਿਜ਼ ਮਿਡਵੈਸਟ ਯੂ.ਐਸ.ਏ. 2024 ਮੁਕਾਬਲਾ 23 ਜੂਨ ਨੂੰ

**ਇੰਡੀਅਨਐਪੋਲਿਸ, ਇੰਡੀਆਨਾ (ਅਨੁਰੀਤ ਕੌਰ ਢਿੱਲੋਂ):** ਮਿਸ ਅਤੇ ਮਿਸਿਜ਼ ਮਿਡਵੈਸਟ ਯੂ.ਐਸ.ਏ. 2024 ਮੁਕਾਬਲਾ 23 ਜੂਨ, ਐਤਵਾਰ ਨੂੰ ਇੰਡੀਅਨਐਪੋਲਿਸ ਦੇ ‘ਦ ਗਰੈਂਡ ਹਾਲ’ (400 N. High School Rd.) ਵਿਖੇ ਦੁਪਹਿਰ 12 ਵਜੇ ਤੋਂ ਸ਼ਾਮ 6 ਤੱਕ ਹੋਵੇਗਾ। ਇਨ੍ਹਾਂ ਮੁਕਾਬਲਿਆਂ ਸਬੰਧੀ ਲੰਘੇ ਐਤਵਾਰ ਮਿਲਵਾਕੀ ਅਤੇ ਸ਼ਿਕਾਗੋ ਵਿੱਚ ਆਡੀਸ਼ਨ ਵੀ ਹੋਏ, ਜਦਕਿ ਇਨ੍ਹਾਂ ਮੁਕਾਬਲਿਆਂ ਵਿੱਚ ਹਿੱਸਾ ਲੈਣ ਵਾਲੀਆਂ ਬਹੁਤੀਆਂ ਬੀਬੀਆਂ ਨੇ ਵਰਚੁਅਲ ਆਡੀਸ਼ਨ ਵੀ ਦਿੱਤੇ ਹਨ, ਜਿਸ ਦੌਰਾਨ ਉਨ੍ਹਾਂ ਦੀ ਪੰਜਾਬੀ ਸੱਭਿਆਚਾਰ, ਲੋਕ-ਗੀਤਾਂ, ਗਿੱਧੇ ਆਦਿ ਸਬੰਧੀ ਜਾਣਕਾਰੀ ਦਾ ਮਿਆਰ ਨਾਪਿਆ ਗਿਆ ਅਤੇ ਪੰਜਾਬ ਨਾਲ ਸਬੰਧਤ ਕੁਝ ਸਵਾਲ-ਜਵਾਬ ਵੀ ਕੀਤੇ ਗਏ।

ਇਹ ਜਾਣਕਾਰੀ ਦਿੰਦਿਆਂ ਮੁੱਖ ਪ੍ਰਬੰਧਕਾਂ ਵਿੱਚੋਂ ਬਲਜੀਤ ਕੌਰ ਫਗੂੜਾ ਤੇ ਲਵਲੀਨ ਕੌਰ ਮੁਲਤਾਨੀ ਨੇ ਦੱਸਿਆ ਕਿ ਇਸ ਮੌਕੇ ਨਾਮੀ ਗਾਇਕ ਜੈਜ਼ੀ ਬੀ. ਮੁਕਾਬਲੇ ਦੀਆਂ ਜੇਤੂਆਂ ਨੂੰ ਤਾਜ ਪਹਿਨਾਉਣਗੇ ਅਤੇ ਆਪਣੀ ਗਾਇਕੀ ਦਾ ਅਖਾੜਾ ਵੀ ਲਾਉਣਗੇ। ਮੁਕਾਬਲੇ ਵਿੱਚ ਅਠਾਰਾਂ ਸਾਲ ਤੋਂ ਉਪਰ ਕੋਈ ਵੀ ਕੁੜੀ, ਬੀਬੀ ਜਾਂ ਬੇਬੇ ਹਿੱਸਾ ਲੈ ਸਕਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਇਹ ਮੁਕਾਬਲਾ ਸ਼ੁਰੂ ਕੀਤਾ ਸੀ ਤਾਂ ਮਿਸ ਮਿਡਵੈਸਟ ਮੁਕਾਬਲਾ ਕਰਵਾਉਣ ਬਾਰੇ ਹੀ ਸੋਚਿਆ ਸੀ, ਪਰ ਇਸ ਵਾਰ ਮਿਸ ਅਤੇ ਮਿਸਿਜ਼ ਮਿਡਵੈਸਟ ਵੱਖਰੇ ਵੱਖਰੇ ਤੌਰ ‘ਤੇ ਚੁਣੀ ਜਾਵੇਗੀ। ਇਸ ਤੋਂ ਇਲਾਵਾ ਦੋਹਾਂ ਮੁਕਾਬਲਿਆਂ ਵਿੱਚੋਂ ਰਨਰ-ਅਪ ਵੀ ਚੁਣੀਆਂ ਜਾਣਗੀਆਂ। ਇਸ ਵਾਰ ਜੇਤੂਆਂ ਨੂੰ ਤਾਜ ਦੇਣ ਤੋਂ ਇਲਾਵਾ ਉਨ੍ਹਾਂ ਲਈ ਕੁਝ ਹੋਰ ਵਿਸ਼ੇਸ਼ ਵੀ ਕੀਤਾ ਜਾਵੇਗਾ। ਜੱਜਾਂ ਦਾ ਪੈਨਲ ਹੋਰਨਾਂ ਸਟੇਟਾਂ ਤੋਂ ਹੋਵੇਗਾ।

ਪ੍ਰਬੰਧਕਾਂ ਅਨੁਸਾਰ ਬੇਸ਼ੱਕ ਇਨ੍ਹਾਂ ਮੁਕਾਬਲਿਆਂ ਦਾ ਟਾਈਟਲ ਮਿਡਵੈਸਟ ਹੈ, ਪਰ ਕਿਸੇ ਵੀ ਸਟੇਟ ਤੋਂ ਹਿੱਸਾ ਲਿਆ ਜਾ ਸਕਦਾ ਹੈ। ਇਸ ਲਈ ਹੋਰਨਾਂ ਸਟੇਟਾਂ ਤੋਂ ਵੀ ਕੁੜੀਆਂ/ਬੀਬੀਆਂ ਇਨ੍ਹਾਂ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਹਨ। ਟੀਮ ਦੀਆਂ ਦੂਜੀਆਂ ਮੈਂਬਰਾਨ ਹੋਰਨਾਂ ਸਟੇਟਾਂ ਵਿੱਚ ਆਡੀਸ਼ਨ ਲੈ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਮੁਕਾਬਲੇ ਵਿੱਚ ਖੂਬਸੂਰਤੀ ਦਾ ਮਿਆਰ ਸਿਰਫ ਦਿਖ ਤੋਂ ਥੋੜ੍ਹਾ ਬਦਲ ਕੇ ਪੇਸ਼ ਕੀਤਾ ਜਾਵੇਗਾ। ਇਹ ਇੱਕ ਪਰਿਵਾਰਕ ਸ਼ੋਅ ਹੋਵੇਗਾ। ਇਸ ਸਾਲ ਇਹ ਦੂਜਾ ਸ਼ੋਅ ਹੈ। ਇਸ ਤੋਂ ਇਲਾਵਾ ਇਸ ਸਾਲ ਤੀਆਂ ਦਾ ਮੇਲਾ ਵੀ ਕਰਵਾਇਆ ਜਾਵੇਗਾ, ਜਿਸ ਦੀ ਤਰੀਕ ਜਲਦੀ ਹੀ ਐਲਾਨ ਦਿੱਤੀ ਜਾਵੇਗੀ।

ਇਨ੍ਹਾਂ ਮੁਕਾਬਲਿਆਂ ਦੇ ਮਕਸਦ ਤਹਿਤ ਨਾਰੀ ਸਸ਼ਕਤੀਕਰਨ ਦੇ ਮੱਦੇਨਜ਼ਰ ਘਰ ਬੈਠੀਆਂ ਜਵਾਨ ਕੁੜੀਆਂ ਜਾਂ ਵਿਆਹੀਆਂ ਨੂੰ ਆਪਣੀ ਪ੍ਰਤਿਭਾ ਉਭਾਰਨ ਦਾ ਮੌਕਾ ਦਿੱਤਾ ਜਾਂਦਾ ਹੈ ਤਾਂ ਜੋ ਉਨ੍ਹਾਂ ਦਾ ਆਪਣੇ-ਆਪ ‘ਤੇ ਵਿਸ਼ਵਾਸ ਪੱਕਾ ਹੋ ਸਕੇ। ਉਨ੍ਹਾਂ ਕਿਹਾ ਕਿ ਜਿਹੜੀਆਂ ਕੁੜੀਆਂ ਇੱਥੋਂ ਦੀਆਂ ਜੰਮਪਲ ਹਨ, ਉਨ੍ਹਾਂ ਨੂੰ ਅੱਗੇ ਵਧਣ ਦੇ ਕਾਫੀ ਮੌਕੇ ਮਿਲਦੇ ਹਨ, ਪਰ ਜਿਹੜੀਆਂ ਵਿਆਹ ਪਿੱਛੋਂ ਇੱਥੇ ਆਈਆਂ ਹਨ ਜਾਂ ਜਿਨ੍ਹਾਂ ਦੀ ਕਾਫੀ ਜ਼ਿੰਦਗੀ ਲੰਘ ਚੁਕੀ ਹੈ ਤੇ ਗ੍ਰਹਿਸਥ ਜੀਵਨ ਬਿਤਾਉਂਦਿਆਂ ਉਨ੍ਹਾਂ ਦਾ ਕਾਫੀ ਕੁਝ ਛੁਟ ਗਿਆ ਹੈ, ਉਨ੍ਹਾਂ ਲਈ ਇੱਕ ਪਲੈਟਫਾਰਮ ਮੁਹੱਈਆ ਕੀਤਾ ਗਿਆ ਹੈ ਤਾਂ ਜੋ ਉਹ ਆਪਣੇ ਸੁਪਨਿਆਂ ਤੇ ਚਾਅਵਾਂ ਨੂੰ ਪੂਰਾ ਕਰ ਸਕਣ।



ਇੱਕ ਹੋਰ ਪ੍ਰਬੰਧਕ ਸਿਮਰਨ ਬਾਜਵਾ ਸੇਖੋਂ ਅਨੁਸਾਰ, ਕਿਉਂਕਿ ਜ਼ਿਆਦਾਤਰ ਲੋਕ ਖੂਬਸੂਰਤੀ ਨੂੰ ਦਿੱਖ ਦੇ ਤੌਰ ‘ਤੇ ਪਰਿਭਾਸ਼ਿਤ ਕਰ ਦਿੰਦੇ ਹਨ, ਜਦਕਿ ਖੂਬਸੂਰਤੀ ਸਿਰਫ ਦਿਸਣ ਵਾਲੀ ਚੀਜ਼ ਨਹੀਂ ਹੈ, ਸੋਚ-ਸਮਝ ਤੇ ਗੁਣ ਵੀ ਖੂਬਸੂਰਤੀ ਦਾ ਹਿੱਸਾ ਹਨ। ਉਨ੍ਹਾਂ ਕਿਹਾ ਕਿ ਰੰਗ, ਕੱਦ ਜਾਂ ਚਿਹਰੇ ਦੇ ਨੈਣ-ਨਕਸ਼ਾਂ ਨੂੰ ਲੈ ਕੇ ਪੰਜਾਬੀਆਂ ਵਿੱਚ ਭੇਦਭਾਵ ਆਮ ਵਰਤਾਰਾ ਹੈ, ਪਰ ਇਨ੍ਹਾਂ ਮੁਕਾਬਲਿਆਂ ਵਿੱਚ ਅਜਿਹੇ ਵਿਤਕਰੇ ਲਈ ਕੋਈ ਥਾਂ ਨਹੀਂ ਹੈ, ਬਲਕਿ ਸਭ ਨੂੰ ਉਨ੍ਹਾਂ ਦੇ ਗੁਣਾਂ ਮੁਤਾਬਕ ਮੌਕਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਸ਼ੋਅ ਕਰਨ ਤੋਂ ਪਹਿਲਾਂ ਇਹੋ ਸੋਚਿਆ ਸੀ ਕਿ ਇਨ੍ਹਾਂ ਸਭ ਚੀਜ਼ਾਂ ਤੋਂ ਉਪਰ ਉਠ ਕੇ ਨਾਰੀ ਸਸ਼ਕਤੀਕਰਨ ਲਈ ਕੰਮ ਕੀਤਾ ਜਾਵੇਗਾ। ਹੋਰ ਜਾਣਕਾਰੀ ਲਵਲੀਨ ਮੁਲਤਾਨੀ ਫੋਨ: 317-970-3439, ਬਲਜੀਤ ਫਗੂੜਾ ਫੋਨ: 571-230-4452 ਜਾਂ ਸਿਮਰਨ ਬਾਜਵਾ ਸੇਖੋਂ ਫੋਨ: 209-242-6704 ਤੋਂ ਲਈ ਜਾ ਸਕਦੀ ਹੈ। ਪ੍ਰਬੰਧਕਾਂ ਵਿੱਚ ਪ੍ਰਭਦੀਪ ਚਾਹਲ, ਜਸਪ੍ਰੀਤ ਦਿਓਲ ਤੇ ਜਸਪ੍ਰੀਤ ਬਸਰਾ ਵੀ ਸ਼ਾਮਲ ਹਨ।



# ਭਾਰਤ ਦੇ ਅਮਰੀਕਾ-ਕੈਨੇਡਾ ਨਾਲ ਸੰਬੰਧ ਡੂੰਘੀ ਰਸਾਤਲ ਵੱਲ?

**ਜੇ.ਐਸ. ਮਾਂਗਟ**

***ਗ੍ਰਿਫਤਾਰ ਹੋਏ ਤਿੰਨ ਨੌਜਵਾਨਾਂ ਦਾ ਬਿਸ਼ਨੋਈ ਗਰੁੱਪ ਨਾਲ ਸੰਬੰਧ ਹੋਣ ਦੇ ਦੋਸ਼ *ਦੋਸ਼ ਨਿੱਗਰ ਨਹੀਂ-ਭਾਰਤ***

ਕੈਨੇਡਾ ਅਤੇ ਭਾਰਤ ਵਿਚਕਾਰ ਆਪਸੀ ਸੰਬੰਧ ਲਗਾਤਾਰ ਹੇਠਾਂ ਵੱਲ ਖਿਸਕ ਰਹੇ ਹਨ। ਕੈਨੇਡਾ ਵਿੱਚ ਵੱਸਦੇ ਵੱਡੀ ਗਿਣਤੀ ਭਾਰਤੀ ਪਰਵਾਸੀਆਂ ਲਈ ਇਹ ਹੋਰ ਵੀ ਫਿਕਰ ਵਾਲੀ ਸਥਿਤੀ ਹੈ। ਦੋਹਾਂ ਦੇਸ਼ਾਂ ਵਿੱਚ ਆਮ ਚੋਣਾਂ ਦੇ ਚੱਲ ਰਹੇ ਇਸ ਦੌਰ ਅਤੇ ਇਸ ਨੂੰ ਜਿੱਤਣ ਦੀ ਸਿਆਸੀ ਲਾਲਸਾ, ਦੋਹਾਂ ਮੁਲਕਾਂ ਦੇ ਆਪਸੀ ਰਿਸ਼ਤਿਆਂ ਨੂੰ ਹੋਰ ਨਿਵਾਣਾ ਵੱਲ ਧੱਕ ਰਹੀ ਹੈ। ਭਾਰਤ ਵਾਂਗ ਹੀ ਵੋਟ ਬੈਂਕ ਦੀ ਰਾਜਨੀਤੀ ਦਾ ਅਸਰ ਕੈਨੇਡਾ ਦੀ ਸਿਆਸਤ 'ਤੇ ਵੀ ਪ੍ਰਭਾਵੀ ਹੁੰਦਾ ਵਿਖਾਈ ਦੇ ਰਿਹਾ ਹੈ। ਇਸ ਦੇ ਨਾਲ ਹੀ ਇਹ ਜ਼ਿਕਰ ਕਰਨਾ ਵੀ ਦਿਲਚਸਪ ਹੋਵੇਗਾ ਕਿ ਬੀਤੇ ਹਫਤੇ ਹੀ ਅਮਰੀਕਾ ਵਿੱਚ ਲਾਰੈਂਸ ਬਿਸ਼ਨੋਈ ਗਰੁੱਪ ਨਾਲ ਸੰਬੰਧ ਗੈਂਗਸਟਰ ਗੋਲਡੀ ਬਰਾੜ ਦੇ ਮਾਰੇ ਜਾਣ ਦੀ ਅਫਵਾਹ ਸਾਹਮਣੇ ਆਏ ਸੀ, ਪਰ ਬਾਅਦ ਵਿੱਚ ਇਹ ਝੂਠੀ ਸਾਬਤ ਹੋਈ। ਇਸੇ ਦੌਰਾਨ ਅਮਰੀਕਾ ਦੇ ਇੱਕ ਵੱਡੇ ਅਖ਼ਬਾਰ ਨੇ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਦੇ ਆਗੂ ਗੁਰਪਤਵੰਤ ਸਿੰਘ ਪੰਨੂੰ ਦੇ ਕਤਲ ਦੀ ਕਥਿੱਤ ਸਾਜ਼ਿਸ਼ ਨਾਲ ਸੰਬੰਧਤ ਭਾਰਤੀ ਖੁਫੀਆ ਏਜੰਸੀ ਰਾਅ ਦੇ ਅਫਸਰਾਂ ਦੇ ਨਾਂਵਾਂ ਤੋਂ ਪਰਦਾ ਚੁੱਕਿਆ ਹੈ। ਇਸ ਤੋਂ ਬਾਅਦ ਹੀ ਕੈਨੇਡਾ ਰੌਇਲ ਮਾਉਂਟਿਡ ਪੁਲਿਸ ਨੇ ਨਿੱਝਰ ਕਤਲ ਕੇਸ ਵਿੱਚ ਗ੍ਰਿਫਤਾਰ ਕੀਤੇ ਗਏ ਨੌਜਵਾਨਾਂ ਬਾਰੇ ਵੇਰਵੇ ਦਿੱਤੇ ਹਨ। ਲਗਦਾ ਹੈ, ਇਨ੍ਹਾਂ ਸਾਰੀਆਂ ਘਟਨਾਵਾਂ ਬਾਰੇ ਜਾਣਕਾਰੀਆਂ ਅਮਰੀਕਾ ਅਤੇ ਕੈਨੇਡਾ ਨੇ ਆਪਸ ਵਿੱਚ ਸਾਂਝੀਆਂ ਕਰਨ ਤੋਂ ਬਾਅਦ ਹੀ ਜਾਰੀ ਕੀਤੀਆਂ ਹਨ। ਕੈਨੇਡਾ ਵਿੱਚ ਗ੍ਰਿਫਤਾਰ ਕੀਤੇ ਗਏ ਨੌਜਵਾਨ ਤਿੰਨ ਹੋਰ ਕਤਲਾਂ ਵਿੱਚ ਵੀ ਸ਼ਾਮਲ ਦੱਸੇ ਜਾਂਦੇ ਹਨ, ਜਿਨ੍ਹਾਂ ਵਿੱਚੋਂ ਇੱਕ ਜਣਾ ਗੈਂਗਸਟਰ 'ਬੰਬੀਹਾ ਗਰੁੱਪ' ਨਾਲ ਜੁੜਿਆ ਹੋਇਆ ਦੱਸਿਆ ਜਾ ਰਿਹਾ ਹੈ। ਲਾਰੈਂਸ ਬਿਸ਼ਨੋਈ ਤੇ ਬੰਬੀਹਾ ਗਰੁੱਪ ਦੀ ਆਪਸੀ ਦੁਸ਼ਮਣੀ ਜੱਗ ਜ਼ਾਹਰ ਹੈ ਅਤੇ ਪੰਜਾਬੀ ਦਾ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਵੀ ਇਸੇ ਦਾ ਸ਼ਿਕਾਰ ਹੋਇਆ। ਇਸ ਮਾਮਲੇ ਵਿੱਚ ਪੰਜਾਬ ਪੁਲਿਸ ਵੱਲੋਂ ਤਕਰੀਬਨ ਦੋ ਦਰਜਨ ਤੋਂ ਵੱਧ ਵਿਅਕਤੀਆਂ ਖਿਲਾਫ ਦੋਸ਼ ਆਇਦ ਕੀਤੇ ਗਏ ਹਨ।

ਯਾਦ ਰਹੇ, ਬੀਤੇ ਹਫਤੇ ਕੈਨੇਡਾ ਸਰਕਾਰ ਵੱਲੋਂ ਦਿੱਤੀ ਗਈ ਇੱਕ ਜਾਣਕਾਰੀ ਅਨੁਸਾਰ ਰੌਇਲ ਮਾਉਂਟਿਡ ਪੁਲਿਸ ਨੇ ਪੰਜਾਬੀ ਮੂਲ ਦੇ ਤਿੰਨ ਵਿਅਕਤੀਆਂ- ਕਮਲਪ੍ਰੀਤ ਸਿੰਘ, ਕਰਨਪ੍ਰੀਤ ਸਿੰਘ ਅਤੇ ਕਰਨ ਬਰਾੜ ਨੂੰ ਗ੍ਰਿਫਤਾਰ ਕੀਤਾ ਹੈ, ਜਿਹੜੇ ਖਾਲਿਸਤਾਨ ਪੱਖੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਸ਼ਾਮਲ ਹਨ। ਰੌਇਲ ਕੈਨੇਡੀਅਨ ਪੁਲਿਸ ਤੋਂ ਮਿਲੀ ਜਾਣਕਾਰੀ 'ਤੇ ਆਧਾਰਤ ਸਥਾਨਕ ਮੀਡੀਆ ਵਿੱਚ ਛਪੀਆਂ ਰਿਪੋਰਟਾਂ ਅਨੁਸਾਰ ਇਨ੍ਹਾਂ ਨੌਜਵਾਨਾਂ ਦਾ ਸੰਬੰਧ ਲਾਰੈਂਸ ਬਿਸ਼ਨੋਈ ਨਾਲ ਸੰਬੰਧਤ ਗੈਂਗ ਨਾਲ ਹੈ। ਇਨ੍ਹਾਂ ਤਿੰਨਾਂ ਨੂੰ ਐਲਬਰਟਾ ਸਟੇਟ ਦੇ ਐਡਮਿੰਟਨ ਸ਼ਹਿਰ ਵਿੱਚੋਂ ਗ੍ਰਿਫਤਾਰ ਕੀਤਾ ਗਿਆ। 22 ਸਾਲਾ ਕਮਲਪ੍ਰੀਤ ਸਿੰਘ ਨਕੋਦਰ ਲਾਗੇ ਜਲੰਧਰ ਜ਼ਿਲ੍ਹੇ ਵਿੱਚ ਪੈਂਦੇ ਪਿੰਡ ਚੱਕ ਕਲਾਂ ਦੇ ਚੰਗੇ ਖਾਂਦੇ-ਪੀਂਦੇ ਕਿਸਾਨੀ ਪਰਿਵਾਰ ਨਾਲ ਸੰਬੰਧਤ ਹੈ। ਕਮਲਪ੍ਰੀਤ ਸਿੰਘ ਦੇ ਪਿਤਾ ਸਤਨਾਮ ਸਿੰਘ ਪਿੰਡ ਦੇ ਨੰਬਰਦਾਰ ਹਨ। ਉਨ੍ਹਾਂ ਦੀ ਸ਼ੰਕਰ ਦੀ ਦਾਣਾਮੰਡੀ ਵਿੱਚ ਆੜ੍ਹਤ ਦੀ ਦੁਕਾਨ ਵੀ ਹੈ। ਪਿੰਡ ਦੇ ਸਰਪੰਚ ਤੀਰਥ ਸਿੰਘ ਨੇ ਦੱਸਿਆ ਕਿ ਨਾ ਤਾਂ ਸਥਾਨਕ ਪੁਲਿਸ ਨੇ ਅਤੇ ਨਾ ਹੀ ਕੈਨੇਡੀਅਨ ਪੁਲਿਸ ਨੇ ਕਮਲਪ੍ਰੀਤ ਦੇ ਪਰਿਵਾਰ ਨਾਲ ਸੰਪਰਕ ਕਰਨ ਦਾ ਯਤਨ ਕੀਤਾ ਹੈ।

ਇਸ ਤੋਂ ਇਲਾਵਾ ਕਰਨਪ੍ਰੀਤ ਸਿੰਘ ਬਟਾਲਾ ਨੇੜੇ ਸਥਿਤ ਘਣੀਏ ਕੇ ਬਾਂਗਰ ਥਾਣੇ ਵਿੱਚ ਪੈਂਦੇ ਪਿੰਡ ਸੁੰਦਰ ਦਾ ਰਹਿਣ ਵਾਲਾ ਹੈ। ਕਮਲਪ੍ਰੀਤ ਦੇ ਮਾਪਿਆਂ ਨੇ ਇਹ ਗੱਲ ਸਵੀਕਾਰ ਕੀਤੀ ਹੈ ਕਿ ਕਰਨਪ੍ਰੀਤ ਨਾਲ ਉਨ੍ਹਾਂ ਦੇ ਬੇਟੇ ਦੀ ਗਹਿਰੀ ਦੋਸਤੀ ਹੈ। ਕਰਨਪ੍ਰੀਤ ਸਿੰਘ ਦੇ ਪਿਤਾ ਪਿੰਡ ਦੇ ਗੁਰਦੁਆਰੇ ਦੇ ਗ੍ਰੰਥੀ ਹਨ ਅਤੇ ਕਿਸੇ ਕਿਸਾਨ ਜਥੇਬੰਦੀ ਨਾਲ ਵੀ ਉਨ੍ਹਾਂ ਦੇ ਸੰਬੰਧ ਹਨ। ਕੈਨੇਡਾ ਜਾਣ ਤੋਂ ਪਹਿਲਾਂ ਉਹ ਆਪਣੇ ਪਿਤਾ ਨਾਲ ਦੁਬਈ ਵਿੱਚ ਟਰੱਕ ਡਰਾਈਵਿੰਗ ਵੀ ਕਰਦਾ ਰਿਹਾ। ਕੈਨੇਡਾ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਗਏ ਤੀਜੇ ਕਥਿਤ ਦੋਸ਼ੀ ਕਰਨ ਬਰਾੜ, ਜ਼ਿਲ੍ਹਾ ਫਰੀਦਕੋਟ ਦੇ ਪਿੰਡ ਕੋਟ ਸੁਖੀਆ ਦਾ ਵਸਨੀਕ ਹੈ। ਉਸ ਦਾ ਅਸਲ ਨਾਮ ਕਿਰਨਜੀਤ ਸਿੰਘ ਹੈ। ਉਸ ਦੀ ਅਚਾਨਕ ਗ੍ਰਿਫਤਾਰੀ ਤੋਂ ਬਾਅਦ ਉਹਦੇ ਮਾਪੇ ਸਦਮੇ ਵਿੱਚ ਵਿਖਾਈ ਦਿੱਤੇ। ਉਹ 2020 ਵਿੱਚ ਬਾਰਵੀਂ ਕਰਨ ਤੋਂ ਬਾਅਦ ਸਟਡੀ ਵੀਜ਼ੇ 'ਤੇ ਕੈਨੇਡਾ ਗਿਆ ਸੀ। ਸਥਾਨਕ ਪੁਲਿਸ ਅਨੁਸਾਰ ਕਰਨ ਬਰਾੜ ਦਾ ਵੀ ਪੰਜਾਬ ਵਿੱਚ ਕਿਸੇ ਕਿਸਮ ਦਾ ਕੋਈ ਅਪਰਾਧਕ ਰਿਕਾਰਡ ਨਹੀਂ ਹੈ।




ਕਰਨ ਬਰਾੜ ਕਰਨਪ੍ਰੀਤ ਸਿੰਘ ਕਮਲਪ੍ਰੀਤ ਸਿੰਘ

ਇੱਧਰ ਭਾਰਤ ਸਰਕਾਰ ਨੇ ਸਪਸ਼ਟ ਕੀਤਾ ਹੈ ਕਿ ਕੈਨੇਡਾ ਵੱਲੋਂ ਭਾਰਤ 'ਤੇ ਆਧਾਰਹੀਣ ਦੋਸ਼ ਲਾਏ ਜਾ ਰਹੇ ਹਨ। ਖਾਲਸਾ ਡੇਅ ਪ੍ਰੇਡ ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੀਤੀਆ ਗਈ ਟਿੱਪਣੀਆਂ ਅਤੇ ਉਥੇ ਲਗਾਏ ਗਏ ਖਾਲਿਸਤਾਨ ਦੇ ਨਾਹਰਿਆਂ ਵੱਲ ਉਂਗਲ ਕਰਦਿਆਂ ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਬੋਲਣ ਦੀ ਆਜ਼ਾਦੀ ਦੇ ਨਾਂ 'ਤੇ ਕੈਨੇਡਾ ਵੱਲੋਂ ਖਾਲਿਸਤਾਨੀ ਵੱਖਵਾਦੀਆਂ ਨੂੰ ਜਿਹੜੀ ਰਾਜਨੀਤਿਕ ਸਪੇਸ ਮੁਹੱਈਆ ਕੀਤੀ ਜਾ ਰਹੀ ਹੈ, ਉਹ ਭਾਰਤ ਲਈ ਵੱਡੀ ਸਿਰਦਰਦੀ ਹੈ। ਭਾਰਤ ਨੇ ਇਸ ਮਾਮਲੇ ਨੂੰ ਲੈ ਕੇ ਕੈਨੇਡਾ ਦੇ ਰਾਜਦੂਤ ਨੂੰ ਤਲਬ ਵੀ ਕੀਤਾ ਅਤੇ ਉਨ੍ਹਾਂ ਕੋਲ ਆਪਣਾ ਇਤਰਾਜ ਜਤਾਇਆ। ਉਧਰ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੇ ਦੇਸ਼ ਵਿੱਚ ਕਾਨੂੰਨ ਦਾ ਰਾਜ ਹੈ। ਉਨ੍ਹਾਂ ਕਿਹਾ ਕਿ ਨਿੱਝਰ ਮਾਮਲੇ ਵਿੱਚ ਰੌਇਲ ਮਾਉਂਟਿਡ ਪੁਲਿਸ ਦੀ ਜਿਹੜੀ ਜਾਂਚ ਚੱਲ ਰਹੀ ਹੈ, ਉਸ ਵਿੱਚ ਨਿੱਝਰ ਕਤਲ ਕੇਸ ਨਾਲ ਸੰਬੰਧਤ ਕੁਝ ਹੋਰਨਾਂ ਲੋਕਾਂ ਦੇ ਫੜੇ ਜਾਣ ਦੀ ਵੀ ਉਮੀਦ ਹੈ।

ਯਾਦ ਰਹੇ, ਬੀਤੇ ਸਾਲ ਸਤੰਬਰ ਵਿੱਚ ਕੈਨੇਡੀਅਨ ਪਾਰਲੀਮੈਂਟ ਵਿੱਚ ਬੋਲਦਿਆਂ ਜਸਟਿਨ ਟਰੂਡੋ ਨੇ ਕਿਹਾ ਸੀ ਕਿ ਕੈਨੇਡਾ ਵਿੱਚ ਕਤਲ ਕੀਤੇ ਗਏ ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤੀ ਏਜੰਸੀਆਂ ਦਾ ਹੱਥ ਹੋ ਸਕਦਾ ਹੈ। ਕੈਨੇਡੀਅਨ ਪ੍ਰਧਾਨ ਮੰਤਰੀ ਵੱਲੋਂ ਇਸ ਕਿਸਮ ਦੇ ਬਿਆਨ ਬਾਅਦ ਵਿੱਚ ਵੀ ਕਈ ਵਾਰ ਦੁਹਰਾਏ ਗਏ, ਜਦੋਂਕਿ ਭਾਰਤ ਨੇ ਵਾਰ-ਵਾਰ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਹੈ। ਭਾਰਤ ਦਾ ਆਖਣਾ ਹੈ ਕਿ ਕੈਨੇਡਾ ਵੱਲੋਂ ਇਸ ਮਾਮਲੇ ਵਿੱਚ ਭਾਰਤ ਨੂੰ ਕੋਈ ਜਚਣਯੋਗ (ਸਬਸਟੈਂਸ਼ੀਅਲ) ਸਬੂਤ ਨਹੀਂ ਦਿੱਤੇ ਗਏ। ਹੁਣ ਵੀ ਭਾਰਤ ਵੱਲੋਂ ਇਹੋ ਕਿਹਾ ਗਿਆ ਹੈ ਕਿ ਕਥਿਤ ਭਾਰਤੀ ਏਜੰਟਾਂ ਖਿਲਾਫ ਲਗਾਏ ਗਏ ਦੋਸ਼ ਆਧਾਰਹੀਣ ਹਨ।

ਭਾਰਤ ਦੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਐਸ. ਜੈਸ਼ੰਕਰ ਨੇ ਉਲਟੇ ਦੋਸ਼ ਲਾਉਂਦਿਆਂ ਕਿਹਾ ਕਿ ਨਵੀਂ ਦਿੱਲੀ ਵੱਲੋਂ ਵਾਰ-ਵਾਰ ਦਿੱਤੀਆਂ ਗਈਆਂ ਚਿਤਾਵਨੀਆਂ ਦੇ ਬਾਵਜੂਦ ਕੈਨੇਡਾ ਭਾਰਤ ਵਿੱਚ ਜਥੇਬੰਦ ਜ਼ੁਰਮਾਂ ਨਾਲ ਸੰਬੰਧਤ ਵਿਅਕਤੀਆਂ ਨੂੰ ਵੀਜ਼ੇ ਦੇ ਰਿਹਾ ਹੈ। ਆਪਣੀ ਕਿਤਾਬ 'ਵਾਏ ਭਾਰਤ ਮੈਟਰ' ਬਾਰੇ ਭੁਬਨੇਸ਼ਵਰ ਵਿੱਚ ਬੁੱਧੀਜੀਵੀਆਂ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਕੈਨੇਡਾ ਵਿੱਚ ਖਾਲਿਸਤਾਨ ਪੱਖੀ ਆਗੂਆਂ ਨੇ ਆਪਣੇ ਆਪ ਨੂੰ ਰਾਜਨੀਤਿਕ ਰੂਪ ਵਿੱਚ ਜਥੇਬੰਦ ਕਰ ਲਿਆ ਹੈ ਅਤੇ ਪ੍ਰਭਾਵਸ਼ਾਲੀ ਰਾਜਨੀਤਿਕ ਲੌਬੀ ਬਣ ਗਏ ਹਨ। ਉਨ੍ਹਾਂ ਕਿਹਾ ਕਿ ਹਾਲ ਦੀ ਘੜੀ ਅਮਰੀਕਾ ਵਿੱਚ ਇਸ ਕਿਸਮ ਦੀ ਸਮੱਸਿਆ ਨਹੀਂ ਹੈ। ਉਨ੍ਹਾਂ ਕਿਹਾ ਕਿ ਹੁਣ ਸਾਡੀ ਸਭ ਤੋਂ ਵੱਡੀ ਸਮੱਸਿਆ ਕੈਨੇਡਾ ਵਿੱਚ ਹੈ। ਵਿਦੇਸ਼ ਮੰਤਰੀ ਨੇ ਕਿਹਾ, "ਕੈਨੇਡਾ ਦੀ ਸੱਤਾ ਵਿੱਚ ਮੌਜੂਦ ਪਾਰਟੀ ਨੇ ਅਤਿਵਾਦੀ (ਐਕਸਟਰਮਿਸਟ) ਕਿਸਮ ਦੇ ਖਾਲਿਸਤਾਨੀਆਂ ਨੂੰ, ਜੋ ਹਿੰਸਾ ਦੀ ਵਕਾਲਤ ਕਰਦੇ ਹਨ, ਬੋਲਣ ਦੀ ਆਜ਼ਾਦੀ ਦੇ ਨਾਂ 'ਤੇ ਖੁੱਲ੍ਹ ਦੇ ਦਿੱਤੀ ਹੈ। ਇੱਥੇ ਹੀ ਬੱਸ ਨਹੀਂ ਸਗੋਂ ਗੈਂਗਵਾਰ ਅਤੇ ਜੁਰਮ ਨਾਲ ਸੰਬੰਧਤ ਬਹੁਤ ਸਾਰੇ ਵਿਅਕਤੀਆਂ ਨੂੰ ਕੈਨੇਡਾ ਵਿੱਚ ਪਨਾਹ ਦੇ ਦਿੱਤੀ ਹੈ। ਇਹ ਮਾਰਖੋਰੇ ਅਨਸਰ ਹੁਣ ਕੈਨੇਡਾ ਵਿੱਚ ਵੀ ਸਰਗਰਮ ਹੋ ਗਏ ਹਨ।"

ਕੈਨੇਡੀਅਨ ਪੁਲਿਸ ਨੇ ਗ੍ਰਿਫਤਾਰ ਕੀਤੇ ਗਏ ਨੌਜਵਾਨਾਂ ਦੇ ਨਾਲ-ਨਾਲ ਨਿੱਜਰ ਦੇ ਕਤਲ ਵਿੱਚ ਵਰਤੀ ਗਈ ਟੋਏਟਾ ਕਰੋਲਾ ਗੱਡੀ ਦੀਆਂ ਫੋਟੋਆਂ ਵੀ ਜਾਰੀ ਕੀਤੀਆਂ ਹਨ। ਇਸ ਕੇਸ ਦੀ ਪੜਤਾਲ ਕਰ ਰਹੀ ਇੰਟੈਗਰੇਟਿਡ ਹੋਮੀਸਾਇਡਿ ਇਨਵੈਸਟੀਗੇਸ਼ਨ ਟੀਮ (ਆਈ. ਐਚ. ਆਈ. ਟੀ.) ਦੇ ਅਧਿਕਾਰੀ ਡੇਵਿਡ ਟੇਬੁਲ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਭਾਰਤੀ ਏਜੰਸੀਆਂ ਵੱਲੋਂ ਕਥਿੱਤ ਤੌਰ 'ਤੇ ਨਿਭਾਈ ਗਈ ਭੂਮਿਕਾ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

ਕੈਨੇਡੀਅਨ ਪੁਲਿਸ ਦੇ ਅਧਿਕਾਰੀਆਂ ਨੇ ਦੱਸਿਆ ਕਿ ਫੜੇ ਗਏ ਨੌਜਵਾਨ 20 ਸਤੰਬਰ 2023 ਨੂੰ ਵਿੰਨੀਪੈਗ ਵਿੱਚ 34 ਸਾਲਾ ਸੁਖਦੂਲ ਸਿੰਘ ਗਿੱਲ ਦੇ ਹੋਏ ਕਤਲ ਵਿੱਚ ਵੀ ਸ਼ਾਮਲ ਸਨ। ਇਸ ਤੋਂ ਬਾਅਦ ਐਡਮਿੰਟਨ ਵਿੱਚ 41 ਸਾਲਾ ਹਰਪ੍ਰੀਤ ਸਿੰਘ ਉਪਲ ਦਾ ਉਸ ਦੇ 11 ਸਾਲਾ ਬੱਚੇ ਸਮੇਤ ਕਤਲ ਕਰ ਦਿੱਤਾ ਗਿਆ। ਸੁਖਦੂਲ ਸਿੰਘ ਗਿੱਲ ਬੰਬੀਹਾ ਗਰੁੱਪ ਦਾ ਮੈਂਬਰ ਸਮਝਿਆ ਜਾ ਰਿਹਾ ਸੀ। ਗ੍ਰਿਫਤਾਰ ਨੌਜਵਾਨ ਲਾਰੈਂਸ ਬਿਸ਼ਨੋਈ ਗਰੁੱਪ ਨਾਲ ਸੰਬੰਧਤ ਦੱਸੇ ਜਾ ਰਹੇ ਹਨ। ਕੈਨੇਡੀਅਨ ਪੁਲਿਸ ਅਨੁਸਾਰ ਖੁਫੀਆ ਏਜੰਸੀਆਂ ਵੱਲੋਂ ਖਾਸ ਵਿਅਕਤੀਆਂ ਦੇ ਕਤਲਾਂ ਲਈ ਇਨ੍ਹਾਂ ਨੂੰ ਵਰਤਿਆ ਗਿਆ ਹੈ।

ਇੱਥੇ ਜ਼ਿਕਰਯੋਗ ਹੈ ਕਿ ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦਾ ਕਤਲ 18 ਜੂਨ 2023 ਨੂੰ ਗੋਲੀਆਂ ਮਾਰ ਕੇ ਉਦੋਂ ਕਰ ਦਿੱਤਾ ਗਿਆ ਸੀ, ਜਦੋਂ ਉਹ ਸਰੀ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਵਿਖੇ ਅਰਦਾਸ ਤੋਂ ਬਾਅਦ ਵਾਪਸ ਪਰਤ ਰਹੇ ਸਨ। ਬੀਤੇ ਸਾਲ ਅਗਸਤ ਮਹੀਨੇ ਵਿੱਚ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਨਿੱਝਰ ਦੇ ਕਤਲ ਵਿੱਚ ਸੰਭਾਵਿਤ ਤੌਰ 'ਤੇ ਭਾਰਤੀ ਏਜੰਸੀਆਂ ਦੇ ਸ਼ਾਮਲ ਹੋਣ ਦਾ ਦੋਸ਼ ਲਾਇਆ ਸੀ। ਇੱਧਰ ਭਾਰਤ ਦਾ ਦੋਸ਼ ਹੈ ਕਿ ਨਿੱਝਰ ਖਾਲਿਸਤਾਨ ਟਾਈਗਰ ਫੋਰਸ ਦਾ ਮੁਖੀ ਸੀ ਅਤੇ ਕੈਨੇਡਾ ਵਿੱਚ ਵੱਖਵਾਦੀ ਕਾਰਵਾਈਆਂ ਨੂੰ ਉਗਾਸਾ ਦੇ ਰਿਹਾ ਸੀ। ਨਿੱਝਰ ਨੂੰ ਭਾਰਤ ਸਰਕਾਰ ਵੱਲੋਂ ਸਾਲ 2020 ਵਿੱਚ ਅਤਿਵਾਦੀ ਐਲਾਨ ਦਿੱਤਾ ਗਿਆ ਸੀ।

ਇਸੇ ਦਰਮਿਆਨ ਅਮਰੀਕਾ ਵਿੱਚ ਛਪਦੀ ਇੱਕ ਅਖਬਾਰ, 'ਵਾਸ਼ਿੰਗਟਨ ਪੋਸਟ' ਨੇ ਸਿੱਖਸ ਫਾਰ ਜਸਟਿਸ ਦੇ ਆਗੂ ਗੁਰਪਤਵੰਤ ਸਿੰਘ ਪੰਨੂੰ ਨੂੰ ਕਤਲ ਕਰਨ ਦੀ ਕਥਿਤ ਸਾਜ਼ਿਸ਼ ਵਿੱਚ ਸ਼ਾਮਲ ਦੱਸੇ ਜਾਂਦੇ ਭਾਰਤੀ ਖੁਫੀਆ ਏਜੰਸੀ ਦੇ ਅਧਿਕਾਰੀਆਂ ਵਿਕਰਮ ਯਾਦਵ ਅਤੇ ਉਸ ਸਮੇਂ ਦੇ 'ਰਾਅ' ਦੇ ਮੁਖੀ ਰਹੇ ਸ੍ਰੀ ਗੋਇਲ ਵੱਲ ਉਂਗਲ ਕੀਤੀ ਹੈ। ਯਾਦ ਰਹੇ, ਕੁਝ ਦਿਨ ਪਹਿਲਾਂ ਭਾਰਤ ਨੇ ਕਿਹਾ ਸੀ ਕਿ ਸਰਕਾਰ ਵੱਲੋਂ ਗੈਰ-ਪ੍ਰਵਾਨਿਤ, ਪੰਨੂੰ ਹੱਤਿਆ ਕਾਂਡ ਦੀ ਸਾਜ਼ਿਸ਼ ਵਿੱਚ ਸ਼ਾਮਲ ਅਧਿਕਾਰੀ ਨੂੰ ਉਸ ਦੇ ਫੋਰਸ ਵਿੱਚ ਵਾਪਸ ਭੇਜ ਦਿੱਤਾ ਗਿਆ। ਪੰਨੂੰ ਸਾਜ਼ਿਸ਼ ਕਾਂਡ ਨੂੰ ਲੈ ਕੇ ਨਿਖਿਲ ਗੁਪਤਾ ਨਾਂ ਦੇ ਇੱਕ ਸਖ਼ਸ਼ ਨੂੰ ਚੈਕ ਗਣਰਾਜ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਬਾਅਦ ਵਿੱਚ ਉਸ ਖਿਲਾਫ ਮੈਨਹਟਨ ਦੀ ਇੱਕ ਅਦਾਲਤ ਵਿੱਚ ਇੱਕ ਮੁਕੱਦਮਾ ਦਾਇਰ ਕੀਤਾ ਗਿਆ। ਉਸ 'ਤੇ ਦੋਸ਼ ਹੈ ਕਿ ਉਸ ਨੇ ਹਿੰਦੋਸਤਾਨੀ ਖੁਫੀਆ ਅਧਿਕਾਰੀ, ਸੀ ਸੀ-1 ਦੇ ਨਿਰਦੇਸ਼ 'ਤੇ ਇੱਕ ਸ਼ੂਟਰ ਨੂੰ ਪੈਸੇ ਦਿੱਤੇ ਸਨ, ਜਿਹੜਾ ਅਮਰੀਕੀ ਖੁਫੀਆ ਏਜੰਸੀ ਦਾ ਗੁਪਤ ਏਜੰਟ ਸੀ। ਇਸ ਤਰ੍ਹਾਂ ਇਸ ਕਥਿਤ ਸਾਜ਼ਿਸ਼ ਤੋਂ ਪਰਦਾ ਚੁੱਕਿਆ ਗਿਆ ਸੀ। ਨਿਖਿਲ ਗੁਪਤਾ ਦੀ ਚੈਕ ਗਣਰਾਜ ਤੋਂ ਅਮਰੀਕਾ ਹਵਾਲਗੀ ਹਾਲੇ ਪੈਂਡਿੰਗ ਪਈ ਹੈ।





## ਡੇਵਨਪੋਰਟ ਫੈਮਿਲੀ ਫਿਊਨਰਲ ਹੋਮ ਅਤੇ ਸ਼ਮਸ਼ਾਨਘਰ

**ਸਿੱਖ ਭਾਈਚਾਰੇ ਨਾਲ ਸਬੰਧਤ ਮ੍ਰਿਤਕਾਂ ਦਾ ਸਸਕਾਰ ਭਾਵਨਾਤਮਕ ਤੌਰ 'ਤੇ ਪੂਰੀ ਦੇਖਭਾਲ ਨਾਲ ਕੀਤਾ ਜਾਂਦਾ ਹੈ**

| | |
|---|---|
| -ਮੌਕੇ 'ਤੇ ਸਸਕਾਰ | -On Site Crematory |
| -ਅੰਤਿਮ ਦਰਸ਼ਨਾਂ ਲਈ ਕਮਰਾ | -Viewing Room Available |
| -ਵੱਡਾ ਤੇ ਸੁੰਦਰ ਚੈਪਲ | -Large, Beautiful Chapels |
| -ਘੱਟ ਖਰਚ ਉਤੇ ਸੇਵਾਵਾਂ | -Competitive Prices |

ਪਰਿਵਾਰਾਂ ਦੀ ਉਸੇ ਤਰ੍ਹਾਂ ਸੇਵਾ ਕਰਦੇ ਹਾਂ, ਜਿਵੇਂ ਅਸੀਂ ਆਪਣੇ ਪਰਿਵਾਰ ਲਈ ਚਾਹੁੰਦੇ ਹਾਂ

**Serving Families As We Would Want Ours Served**

| Lake Zurich | Crystal Lake | Barrington |
|---|---|---|
| 847-550-4221 | 825-459-3411 | 847-381-3411 |

Please call or visit our website at
www.davenportfamily.com

Davenport
FAMILY FUNERAL HOMES
AND CREMATORY

# BECOME YOUR OWN BOSS TODAY!

**We are offering used trucks for those who are wants to be OWNER OPERATORS!**

## New Program for Owner Operators at R&P logistics Inc.

**We are excited to offer you a newly launched program for 2024!**
**We have company equipment that's ready for you to get in and drive!**

## Company Inventory for trucks and trailers are being sold at good fair prices including dispatch.

**Along with Truck purchase we also offer dispatch programs!**

### Also included in the package is!

- -Friendly dispatching if needed!
- -Dedicated Lanes
- -Trailers avlb for buy or rent
- -Good Paying Loads
- -Safe Parking available
- -Well Kept Clean Units for Lease or Purchase
- -Direct Deposit -Weekly pay
- -Dedicated Point A to point B freight



## ਅੱਜ ਹੀ ਆਪਣੇ ਖੁਦ ਦੇ ਬੌਸ ਬਣੋ!

**ਅਸੀਂ ਉਨ੍ਹਾਂ ਲਈ ਵਰਤੇ ਹੋਏ ਟਰੱਕਾਂ ਦੀ ਪੇਸ਼ਕਸ਼ ਕਰ ਰਹੇ ਹਾਂ, ਜੋ ਓਨਰ ਅਪਰੇਟਰ ਬਣਨਾ ਚਾਹੁੰਦੇ ਹਨ!**

## R&P ਲੌਜਿਸਟਿਕਸ ਇੰਕ ਵਿਖੇ ਓਨਰ ਅਪਰੇਟਰਾਂ ਲਈ ਨਵਾਂ ਪ੍ਰੋਗਰਾਮ

**ਅਸੀਂ ਤੁਹਾਨੂੰ 2024 ਲਈ ਨਵਾਂ ਲਾਂਚ ਕੀਤਾ ਪ੍ਰੋਗਰਾਮ ਪੇਸ਼ ਕਰਨ ਲਈ ਉਤਸ਼ਾਹਿਤ ਹਾਂ!**
**ਸਾਡੇ ਕੋਲ ਕੰਪਨੀ ਦੇ ਉਪਕਰਣ ਹਨ, ਜੋ ਤੁਹਾਡੇ ਲਈ ਤਿਆਰ ਹਨ!**

ਟਰੱਕਾਂ ਅਤੇ ਟ੍ਰੇਲਰਾਂ ਲਈ ਕੰਪਨੀ ਵਸਤੂਆਂ ਨੂੰ ਡਿਸਪੈਚ ਸਮੇਤ ਚੰਗੀਆਂ ਉਚਿਤ ਕੀਮਤਾਂ 'ਤੇ ਵੇਚਿਆ ਜਾ ਰਿਹਾ ਹੈ। ਟਰੱਕ ਦੀ ਖਰੀਦ ਦੇ ਨਾਲ ਅਸੀਂ ਡਿਸਪੈਚ ਪ੍ਰੋਗਰਾਮ ਵੀ ਪੇਸ਼ ਕਰਦੇ ਹਾਂ!

### ਪੈਕੇਜ ਵਿੱਚ ਸ਼ਾਮਲ ਹੈ!

- -ਜੇਕਰ ਲੋੜ ਹੋਵੇ ਤਾਂ ਡਿਸਪੈਚ
- -ਸਮਰਪਿਤ ਲੇਨਾਂ
- -ਖਰੀਦਣ ਜਾਂ ਕਿਰਾਏ ਲਈ ਟ੍ਰੇਲਰ ਉਪਲਬਧ
- -ਚੰਗੀ ਅਦਾਇਗੀ ਵਾਲੇ ਲੋਡ
- -ਸੁਰੱਖਿਅਤ ਪਾਰਕਿੰਗ ਉਪਲਬਧ
- -ਲੀਜ਼ ਜਾਂ ਖਰੀਦਦਾਰੀ ਲਈ ਚੰਗੇ ਤੇ ਸਾਫ ਯੂਨਿਟ
- -ਸਿੱਧੀ ਅਦਾਇਗੀ -ਹਫਤਾਵਾਰੀ ਤਨਖਾਹ
- -ਪੁਆਇੰਟ 'ਏ' ਤੋਂ 'ਬੀ' ਲਈ ਸਮਰਪਿਤ ਫਰੇਟ

**ਹੋਰ ਜਾਣਕਾਰੀ ਲਈ ਸੰਪਰਕ ਕਰੋ**

# R&P LOGISTICS INC

**2802 West McCarty St., Indianapolis, IN 46221**

**Ph: 317-319-3832 or Email: sodeystl@gmail.com**

# ਪੰਜਾਬ ਨੂੰ ਕੌਣ, ਕਿੱਧਰ ਅਤੇ ਕਿਉਂ ਲਿਜਾ ਰਿਹਾ ਹੈ?

**ਸੱਚੋ-ਸੱਚ**

ਡਾ. ਅਰਵਿੰਦਰ ਸਿੰਘ ਭੱਲਾ
ਫੋਨ: +91-9463062603



***ਜੇਕਰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਅਲੰਬਰਦਾਰ ਅਤੇ ਹਿਤੈਸ਼ੀ ਇਸੇ ਤਰ੍ਹਾਂ ਗ਼ਫ਼ਲਤ ਦੀ ਗਹਿਰੀ ਨੀਂਦ ਸੁੱਤੇ ਰਹੇ ਤਾਂ ਰੰਗਲੇ, ਖ਼ੁਸ਼ਹਾਲ ਤੇ ਅਮਨ ਪਸੰਦ ਪੰਜਾਬ ਦਾ ਉਨ੍ਹਾਂ ਦਾ ਸੁਪਨਾ ਕਦੇ ਵੀ ਸਾਕਾਰ ਨਹੀਂ ਹੋ ਪਾਏਗਾ, ਪੰਜਾਬੀ ਲੋਕ ਪੰਜਾਬ ਵਿੱਚ ਹੀ ਖ਼ੁਦ ਨੂੰ ਕਦੇ ਮਹਿਫ਼ੂਜ਼ ਨਹੀਂ ਸਮਝਣਗੇ, ਪੰਜਾਬ ਦੀ ਜਰਖੇਜ਼ ਧਰਤੀ ਬੰਜਰ ਹੋਣ ਦੀ ਕਗਾਰ ਉੱਤੇ ਪਹੁੰਚ ਜਾਵੇਗੀ ਅਤੇ ਫਲਸਰੂਪ ਸਾਡੇ ਪੰਜਾਬ ਦੇ ਨੌਜਵਾਨਾਂ ਦੀ ਬੇਕਦਰੀ ਹੋਰ ਵਧੇਗੀ।***

ਅਜੋਕੇ ਸਮੇਂ ਵਿੱਚ ਇਹ ਸਵਾਲ ਆਪਣੇ ਆਪ ਵਿੱਚ ਬੇਹੱਦ ਮਹੱਤਵਪੂਰਨ ਹੈ ਕਿ ਪੰਜਾਬ ਨੂੰ ਕੌਣ, ਕਿੱਧਰ ਅਤੇ ਕਿਉਂ ਲਿਜਾ ਰਿਹਾ ਹੈ? ਦਰਅਸਲ ਜਦੋਂ ਅਸੀਂ ਪੰਜਾਬ ਦੇ ਵਰਤਮਾਨ ਹਾਲਾਤ ਦਾ ਮੁਲੰਕਣ ਕਰਦੇ ਹਾਂ ਤਾਂ ਇਹ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਪੰਜਾਬ ਦੀ ਮੌਜੂਦਾ ਅਧੋਗਤੀ ਲਈ ਬਹੁਤ ਸਾਰੀਆਂ 'ਅਦਿੱਖ ਤਾਕਤਾਂ' ਜ਼ਿੰਮੇਵਾਰ ਹਨ। ਇੱਕ ਤਰਫ਼ ਇਹ ਵੀ ਇੱਕ ਇਤਿਹਾਸਕ ਤੱਥ ਹੈ ਕਿ ਸਥਿਰ, ਸੁਰੱਖਿਅਤ, ਸ਼ਾਂਤੀਪੂਰਨ, ਖੁਸ਼ਹਾਲ, ਅਣਖੀਲਾ ਅਤੇ ਜੁਝਾਰੂ ਪੰਜਾਬ ਕਦੇ ਵੀ ਸੱਤਾ ਦੇ ਗਲਿਆਰਿਆਂ ਵਿੱਚ ਸਰਗਰਮ ਇਨ੍ਹਾਂ 'ਅਦਿੱਖ ਤਾਕਤਾਂ' ਉੱਪਰ ਆਧਾਰਿਤ ਵਿਸ਼ਿਸ਼ਟ ਵਰਗ ਨੂੰ ਰਾਸ ਨਹੀਂ ਆਉਂਦਾ ਹੈ, ਕਿਉਂਕਿ ਇਹ 'ਅਦਿੱਖ ਤਾਕਤਾਂ' ਹਮੇਸ਼ਾ ਤੋਂ ਹੀ ਪੰਜਾਬ ਵਿੱਚ ਅਸਥਿਰਤਾ, ਅਸੁਰੱਖਿਆ, ਅਸ਼ਾਂਤੀ, ਬਦਹਾਲੀ, ਖੜੋਤ ਅਤੇ ਤਣਾਓ ਦਾ ਮਾਹੌਲ ਕਾਇਮ ਕਰਕੇ ਸੱਤਾ ਉੱਪਰ ਸਥਾਈ ਤੌਰ ਉੱਪਰ ਕਾਬਜ਼ ਰਹਿਣ ਦੀਆਂ ਨਿਰੰਤਰ ਕੋਸ਼ਿਸ਼ਾਂ ਕਰਦੀਆਂ ਰਹੀਆਂ ਹਨ ਅਤੇ ਦੂਸਰੀ ਤਰਫ਼ ਸੋਚ, ਸੁਭਾਅ, ਆਦਤਾਂ, ਵਿਚਾਰਧਾਰਾ ਅਤੇ ਵਿਹਾਰ ਪੱਖੋਂ ਪੰਜਾਬੀਆਂ ਦੀ ਤਰਜ਼-ਏ-ਜ਼ਿੰਦਗੀ ਤੇ ਉਨ੍ਹਾਂ ਦਾ ਨੁਕਤਾ-ਏ-ਨਜ਼ਰ ਵੀ ਹੋਰਨਾਂ ਖਿੱਤਿਆਂ ਨਾਲ ਸਬੰਧਤ ਲੋਕਾਂ ਤੋਂ ਕਾਫੀ ਹੱਦ ਤੱਕ ਮੁਖ਼ਤਲਿਫ਼ ਹੈ। ਤਵਾਰੀਖ਼ ਵੀ ਇਸ ਗੱਲ ਦੀ ਗਵਾਹ ਹੈ ਕਿ ਪੰਜਾਬ ਨੂੰ ਧੋਖੇ ਅਤੇ ਪਿਆਰ ਨਾਲ ਤਾਂ ਜਿੱਤਿਆ ਜਾ ਸਕਦਾ ਹੈ, ਲੇਕਿਨ ਜ਼ਬਰ-ਜ਼ੁਲਮ ਢਾਹ ਕੇ ਕੋਈ ਵੀ ਧਿਰ ਬਹੁਤੀ ਦੇਰ ਤੱਕ ਪੰਜਾਬ ਉੱਪਰ ਆਪਣੀ ਧੌਂਸ ਨਹੀਂ ਜਮਾ ਸਕਦੀ ਹੈ।

ਪਿਛਲੇ ਲੰਮੇ ਸਮੇਂ ਤੋਂ ਇਹ ਵਰਤਾਰਾ ਆਪਣੇ-ਆਪ ਵਿੱਚ ਬੇਹੱਦ ਗ਼ੌਰਤਲਬ ਹੈ ਕਿ ਇਨ੍ਹਾਂ 'ਅਦਿੱਖ ਤਾਕਤਾਂ' ਵੱਲੋਂ ਪੰਜਾਬ ਦੇ ਨਾਇਕ ਦੇ ਸੰਕਲਪ ਨਾਲ ਜਾਣ-ਬੁੱਝ ਕੇ ਖਿਲਵਾੜ ਕੀਤਾ ਜਾ ਰਿਹਾ ਹੈ। ਅਜੋਕੇ ਹਾਲਾਤ ਨੂੰ ਦੇਖਦਿਆਂ ਇੱਕ ਗੱਲ ਬੜੀ ਸਪੱਸ਼ਟ ਹੈ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਨੌਜਵਾਨਾਂ ਦਾ ਮੁਸਤਕਬਿਲ ਕਾਫੀ ਹੱਦ ਤੱਕ ਇਸ ਗੱਲ ਉੱਪਰ ਮੁਨੱਸਰ ਕਰੇਗਾ ਕਿ ਨੌਜਵਾਨ ਪੀੜ੍ਹੀ ਦੇ ਸਾਹਮਣੇ ਪੰਜਾਬ ਦੇ ਨਾਇਕ ਦਾ ਸੰਕਲਪ ਕਿਹੋ ਜਿਹਾ ਹੋਵੇਗਾ? ਇਹ ਵੀ ਇੱਕ ਕੌੜਾ ਸੱਚ ਹੈ ਕਿ ਅੱਜ ਪੰਜਾਬ ਦੇ ਵਧੇਰੇ ਕਰਕੇ ਨੌਜਵਾਨਾਂ ਦਾ ਨਾਇਕ ਸਾਡੇ ਗੌਰਵਸ਼ਾਲੀ ਇਤਿਹਾਸ ਅਤੇ ਮਾਣਮੱਤੇ ਵਿਰਸੇ ਦਾ ਕੋਈ ਗੌਰਵਮਈ ਪਾਤਰ ਨਹੀਂ ਹੈ। ਅੱਜ ਪੰਜਾਬੀਆਂ ਦਾ ਨਾਇਕ ਨਾ ਤਾਂ ਇਖ਼ਲਾਕ ਦੇ ਪੈਮਾਨਿਆਂ ਉੱਪਰ ਪੂਰਾ ਉਤਰਦਾ ਹੈ ਅਤੇ ਨਾ ਹੀ ਉਹ ਨੌਜਵਾਨ ਪੀੜ੍ਹੀ ਨੂੰ ਕੋਈ ਉਸਾਰੂ ਤੇ ਸਕਾਰਾਤਮਕ ਸੇਧ ਦੇਣ ਦੇ ਸਮਰੱਥ ਹੈ। ਕਲਮ, ਕਿਤਾਬ, ਨੈਤਿਕਤਾ, ਅਧਿਆਤਮਿਕਤਾ ਅਤੇ ਵਿਰਸੇ ਨਾਲੋਂ ਟੁੱਟ ਕੇ ਤਹਿਸ਼ ਵਿੱਚ ਆ ਕੇ ਪੰਜਾਬ ਦੀ ਨੌਜਵਾਨ ਪੀੜ੍ਹੀ ਆਪਣੇ ਲਈ ਨਿੱਤ ਨਵਾਂ ਨਾਇਕ ਸਿਰਜ ਕੇ ਦਵੰਦ, ਦੁਬਿਧਾਵਾਂ, ਵਿਵਾਦਾਂ ਅਤੇ ਤਕਰਾਰਬਾਜ਼ੀ ਵਿੱਚ ਉਲਝੀ ਹੋਈ ਦਿਖਾਈ ਦੇ ਰਹੀ ਹੈ। ਪੰਜਾਬ ਵਿੱਚ ਸਵੇਰ ਤੋਂ ਲੈ ਕੇ ਦੇਰ ਰਾਤ ਤੱਕ ਮੋਬਾਇਲ ਫੋਨਾਂ ਉੱਪਰ ਸਕਰੋਲਿੰਗ ਕਰਨ ਵਾਲਿਆਂ, ਪੰਜਾਬ ਵਿੱਚ ਨਸ਼ਿਆਂ ਦੀ ਦਲਦਲ ਵਿੱਚ ਫ਼ਸਣ ਵਾਲਿਆਂ, ਪੰਜਾਬ ਵਿੱਚ ਸਕੂਲਾਂ/ਕਾਲਜਾਂ ਵਿੱਚ ਪੜ੍ਹਨ ਦੀ ਬਜਾਏ ਮੰਡੀਰ ਦੀ ਸ਼ਕਲ ਵਿੱਚ ਸਾਰਾ-ਸਾਰਾ ਦਿਨ ਫੁਕਰੀਆਂ ਤੇ ਗੇੜੀਆਂ ਮਾਰਨ ਵਾਲਿਆਂ, ਪੰਜਾਬ ਵਿੱਚ ਗੁਰੂ ਸਾਹਿਬਾਨ ਦੇ ਸਰਬ ਸਾਂਝੀਵਾਲਤਾ ਦੇ ਇਲਾਹੀ ਸੰਦੇਸ਼ ਨੂੰ ਭੁਲਾ ਕੇ ਹਥਿਆਰਾਂ ਤੇ ਜਾਤੀਸੂਚਕ ਸ਼ਬਦਾਂ ਦਾ ਬਿਨਾ ਕਿਸੇ ਖ਼ੌਫ਼ ਜਾਂ ਹਿਚਕਚਾਹਟ ਦੇ ਪ੍ਰਯੋਗ ਕਰਨ ਵਾਲਿਆਂ, ਪੰਜਾਬ ਵਿੱਚ ਆਪਣੇ ਵਿਰਸੇ ਨੂੰ ਭੁਲਾ ਕੇ ਲੱਚਰਪੁਣੇ ਦਾ ਸ਼ਿਕਾਰ ਹੋਣ ਵਾਲਿਆਂ, ਪ੍ਰਤੀਯੋਗੀ ਪ੍ਰੀਖਿਆਵਾਂ ਨੂੰ ਪਾਸ ਕਰਕੇ ਆਹਲਾ ਦਰਜੇ ਦੇ ਅਫ਼ਸਰ ਬਣਨ ਦੀ ਬਜਾਏ ਆਪਣੇ ਪੁਰਖਿਆਂ ਦੀਆਂ ਜ਼ਮੀਨਾਂ-ਜਾਇਦਾਦਾਂ ਵੇਚ ਕੇ ਆਈਲੈਟਸ ਪਾਸ ਕਰਕੇ ਜਾਂ ਡੌਂਕੀ ਲਾ ਕੇ ਵਿਦੇਸ਼ਾਂ ਵਿੱਚ ਨਿਗੂਣੀਆਂ ਜਿਹੀਆਂ ਨੌਕਰੀਆਂ ਦੀ ਭਾਲ ਕਰਨ ਵਾਲਿਆਂ, ਪੰਜਾਬ ਵਿੱਚ ਅੱਲ੍ਹੜ ਉਮਰੇ ਆਪਣੀ ਮਾਸੂਮੀਅਤ ਗਵਾ ਕੇ ਤੇ ਨੈਤਿਕਤਾ ਦਾ ਰਾਹ ਤਿਆਗ ਕੇ ਗੈਂਗਸਟਰ ਬਣਨ ਵਾਲਿਆਂ, ਪੰਜਾਬ ਵਿੱਚ ਹੱਡ ਭੰਨਵੀਂ ਮਿਹਨਤ ਕਰਨ ਤੇ ਕਿਰਤ ਕਮਾਈ ਕਰਨ ਦੀ ਬਜਾਏ ਰਾਤੋਂ ਰਾਤ ਅਮੀਰ ਬਣਨ ਦੀ ਖ਼ਾਹਸ਼ ਰੱਖਣ ਵਾਲਿਆਂ, ਪੰਜਾਬ ਵਿੱਚ ਜ਼ਮੀਨੀ ਹਕੀਕਤਾਂ ਤੋਂ ਕੋਹਾਂ ਦੂਰ ਖੜ੍ਹੇ ਹੋ ਕੇ ਖੋਖਲੇ ਦਾਅਵੇ ਕਰਨ ਵਾਲਿਆਂ, ਪੰਜਾਬ ਵਿੱਚ ਦੇਸ਼ ਦੀ ਆਜ਼ਾਦੀ ਲਈ ਜਾਨਾਂ ਕੁਰਬਾਨ ਕਰਨ ਵਾਲਿਆਂ ਦੀਆਂ ਕੁਰਬਾਨੀਆਂ ਨੂੰ ਵਿਸਾਰ ਕੇ ਫੋਕੇ ਲਲਕਾਰੇ ਮਾਰਨ ਵਾਲਿਆਂ ਅਤੇ ਪੰਜਾਬ ਵਿੱਚ ਆਪਣੇ ਗੁਰੂ ਦੇ ਸਰੂਪ ਤੇ ਗੁਰਮਤਿ ਸਿਧਾਂਤਾਂ ਤੋਂ ਮੂੰਹ ਫੇਰਨ ਵਾਲਿਆਂ ਨੂੰ ਦੇਖ ਕੇ ਇਹ ਤਾਂ ਭਲੀਭਾਂਤੀ ਸਾਰੇ ਹੀ ਜਾਣਦੇ ਹਨ ਕਿ ਵਰਤਮਾਨ ਸਮੇਂ ਵਿੱਚ ਪੰਜਾਬੀਆਂ ਦਾ ਨਾਇਕ ਕੌਣ ਹੈ? ਅਜੋਕੇ ਸਮੇਂ ਵਿੱਚ ਸਾਡੇ ਨਾਇਕ ਦੇ ਸੰਕਲਪ ਵਿੱਚ ਆਏ ਲਗਾਤਾਰ ਨਿਘਾਰ ਨੂੰ ਦੇਖਦੇ ਹੋਏ ਇਹ ਵਰਤਾਰਾ ਆਪਣੇ ਆਪ ਵਿੱਚ ਬੇਹੱਦ ਚਿੰਤਾਜਨਕ ਹੈ ਕਿ ਸਾਡੇ ਪੰਜਾਬ ਦੇ ਨੌਜਵਾਨ ਆਖ਼ਰ ਕਿਹੋ ਜਿਹੇ ਦਿਸਣਾ ਜਾਂ ਬਣਨਾ ਚਾਹੁੰਦੇ ਹਨ? ਜਿਸ ਅਜ਼ੀਮੋਸ਼ਾਨ ਅਤੇ ਮਾਣਮੱਤੀ ਧਰਤੀ ਉੱਪਰ ਵੇਦ, ਉਪਨਿਸ਼ਦ ਅਤੇ ਧਾਰਮਿਕ ਗ੍ਰੰਥ ਰਚੇ ਗਏ ਹੋਣ, ਜਿਸ ਧਰਤੀ ਉੱਪਰ ਭਗਵਤ ਗੀਤਾ ਦੇ ਸੰਦੇਸ਼ ਦਾ ਨੂਰ ਪਸਰਿਆ ਹੋਵੇ, ਜਿਥੇ ਗੁਰੂ ਸਾਹਿਬਾਨ ਦਾ ਅਦੁੱਤੀ ਫ਼ਲਸਫ਼ਾ ਕਣ-ਕਣ ਵਿੱਚ ਰਮਿਆ ਹੋਵੇ, ਜਿੱਥੋਂ ਦੇ ਨੌਜਵਾਨਾਂ ਨੇ ਗ਼ੈਰਤ ਅਤੇ ਸੂਰਬੀਰਤਾ ਦੀ ਬੇਮਿਸਾਲ ਗਾਥਾ ਲਿਖੀ ਹੋਵੇ, ਉਹ ਹੀ ਪੰਜਾਬ ਅੱਜ ਬੌਧਿਕ ਕੰਗਾਲੀ ਦੇ ਰਾਹ ਉੱਪਰ ਚਲ ਰਿਹਾ ਹੋਵੇ, ਦੇਸ਼ ਦਾ ਅੰਨਦਾਤਾ ਅੱਜ ਜਗ੍ਹਾ-ਜਗ੍ਹਾ ਜ਼ਲੀਲ-ਓ-ਖ਼ੁਆਰ ਹੋ ਰਿਹਾ ਹੋਵੇ, ਜਿਨ੍ਹਾਂ ਪੰਜਾਬੀਆਂ ਦੀ ਜ਼ਹਾਨਤ ਅਤੇ ਬਹਾਦਰੀ ਦੀ ਸਾਰਾ ਸੰਸਾਰ ਮਿਸਾਲ ਦਿੰਦਾ ਹੋਵੇ ਅਤੇ ਉਸੇ ਪੰਜ ਦਰਿਆਵਾਂ ਦੀ ਧਰਤੀ ਦੇ ਵਾਰਸ ਜੇਕਰ ਅੱਜ ਖੜੋਤ, ਭਟਕਣ ਅਤੇ ਨਿਰਾਸ਼ਾ ਦਾ ਸ਼ਿਕਾਰ ਹੋਣ ਤਾਂ ਇਹ ਆਪਣੇ-ਆਪ ਵਿੱਚ ਇੱਕ ਬੇਹੱਦ ਸੰਜੀਦਾ ਅਤੇ ਚਿੰਤਾਜਨਕ ਮਸਲਾ ਹੈ।



***ਪੰਜਾਬ ਨੂੰ ਦਰਪੇਸ਼ ਗੁੰਝਲਦਾਰ ਸਮੱਸਿਆਵਾਂ, ਨਸ਼ਿਆਂ ਦੀ ਦਲਦਲ ਵਿੱਚ ਬੁਰੀ ਤਰ੍ਹਾਂ ਧਸੇ ਹੋਏ ਨੌਜਵਾਨਾਂ, ਪੌਣ-ਪਾਣੀਆਂ ਵਿੱਚ ਘੁਲੇ ਜ਼ਹਿਰ, ਬੇਰੁਜ਼ਗਾਰੀ ਵਿੱਚ ਹੋਏ ਬੇਤਹਾਸ਼ਾ ਵਾਧੇ, ਚੌਫੇਰੇ ਪਸਰੀ ਉਦਾਸੀਨਤਾ, ਦਿਸ਼ਾਹੀਣ ਸਰਕਾਰਾਂ, ਆਪਸੀ ਰਿਸ਼ਤਿਆਂ ਵਿੱਚ ਪਾਈ ਜਾ ਰਹੀ ਕਸ਼ੀਦਗੀ ਅਤੇ ਆਪਣੇ ਸ਼ਾਨਦਾਰ ਵਿਰਸੇ ਤੋਂ ਕੋਹਾਂ ਦੂਰ ਖੜ੍ਹੇ ਪੰਜਾਬੀਆਂ ਨੂੰ ਦੇਖ ਕੇ ਹੁਣ ਇਉਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਪੰਜਾਬ ਦੀ ਰਫ਼ਤਾਰ, ਗੁਫ਼ਤਾਰ ਅਤੇ ਦਸਤਾਰ ਨੂੰ ਕਿਸੇ ਚੰਦਰੇ ਦੀ ਨਜ਼ਰ ਲੱਗ ਗਈ ਹੋਵੇ।***

ਦੇਸ਼ ਦੇ ਬਟਵਾਰੇ ਤੇ ਪੰਜਾਬ ਦੇ ਪੁਨਰਗਠਨ ਫ਼ਲਸਰੂਪ ਪੈਦਾ ਹੋਈਆਂ ਗੁੰਝਲਦਾਰ ਸਮੱਸਿਆਵਾਂ, ਅਤਿਵਾਦ ਦੇ ਕਾਲੇ ਦੌਰ ਦੀਆਂ ਅਭੁੱਲ ਤੇ ਕੌੜੀਆਂ ਯਾਦਾਂ, ਨਸ਼ਿਆਂ ਦੀ ਦਲਦਲ ਵਿੱਚ ਬੁਰੀ ਤਰ੍ਹਾਂ ਧਸੇ ਹੋਏ ਪੰਜਾਬ ਦੇ ਨੌਜਵਾਨਾਂ, ਪੰਜਾਬ ਦੇ ਪੌਣ-ਪਾਣੀਆਂ ਵਿੱਚ ਘੁਲੇ ਜ਼ਹਿਰ, ਪੰਜਾਬ ਦੇ ਲੜਖੜਾਉਂਦੇ ਸਿੱਖਿਆ ਦੇ ਨਿਜ਼ਾਮ, ਉਦਯੋਗਾਂ ਦੀ ਘਾਟ, ਬੇਰੁਜ਼ਗਾਰੀ ਵਿੱਚ ਹੋਏ ਬੇਤਹਾਸ਼ਾ ਵਾਧੇ, ਆਰਥਿਕ ਖੜੋਤ, ਚੌਫੇਰੇ ਪਸਰੀ ਉਦਾਸੀਨਤਾ, ਦਿਸ਼ਾਹੀਣ ਸਰਕਾਰਾਂ, ਆਪਸੀ ਰਿਸ਼ਤਿਆਂ ਵਿੱਚ ਪਾਈ ਜਾ ਰਹੀ ਕਸ਼ੀਦਗੀ ਅਤੇ ਆਪਣੇ ਸ਼ਾਨਦਾਰ ਵਿਰਸੇ ਤੋਂ ਕੋਹਾਂ ਦੂਰ ਖੜ੍ਹੇ ਪੰਜਾਬੀਆਂ ਨੂੰ ਦੇਖ ਕੇ ਹੁਣ ਇਉਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਪੰਜਾਬ ਦੀ ਰਫ਼ਤਾਰ, ਗੁਫ਼ਤਾਰ ਅਤੇ ਦਸਤਾਰ ਨੂੰ ਕਿਸੇ ਚੰਦਰੇ ਦੀ ਨਜ਼ਰ ਲੱਗ ਗਈ ਹੋਵੇ। ਹੁਣ ਬੜੀ ਸ਼ਿੱਦਤ ਨਾਲ ਇਹ ਵੀ ਮਹਿਸੂਸ ਹੋ ਰਿਹਾ ਹੈ ਕਿ ਜਿਵੇਂ ਪੰਜਾਬੀਆਂ ਨੂੰ ਕੋਈ ਜ਼ਬਰਦਸਤੀ ਹੱਕ ਕੇ ਕਿਸੇ ਬੰਦ ਗ਼ਲੀ ਵੱਲ ਜਾਂਦੇ ਰਸਤੇ ਉੱਪਰ ਤੁਰਨ ਲਈ ਮਜਬੂਰ ਕਰ ਰਿਹਾ ਹੋਵੇ। ਹੁਣ ਇਵੇਂ ਜਾਪਦਾ ਹੈ ਕਿ ਜਿਵੇਂ ਪੰਜਾਬੀਆਂ ਦੀ ਮਟਕ, ਸਵੈਮਾਣ, ਸਾਹਸ, ਸੂਰਬੀਰਤਾ ਅਤੇ ਵਿਲੱਖਣਤਾ ਇਨ੍ਹਾਂ 'ਅਦਿੱਖ ਤਾਕਤਾਂ' ਨੂੰ ਬੜੀ ਬੁਰੀ ਤਰ੍ਹਾਂ ਰੜਕ ਰਹੀ ਹੋਵੇ। ਦਰਅਸਲ ਇਨ੍ਹਾਂ 'ਅਦਿੱਖ ਤਾਕਤਾਂ' ਦੇ ਸਰੋਕਾਰਾਂ, ਤਰਜ਼ੀਹਾਂ ਅਤੇ ਸਮੀਕਰਣਾਂ ਵਿੱਚ ਪੰਜਾਬ ਨੂੰ ਕਦੇ ਵੀ ਕੋਈ ਸਨਮਾਨਜਨਕ ਸਥਾਨ ਹਾਸਲ ਨਹੀਂ ਹੋਇਆ ਹੈ। ਇਹ 'ਅਦਿੱਖ ਤਾਕਤਾਂ' ਕਿਸੇ ਵੀ ਸੂਰਤ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀਆਂ ਹਿਤੈਸ਼ੀ ਨਹੀਂ ਹਨ।

ਇਨ੍ਹਾਂ 'ਅਦਿੱਖ ਤਾਕਤਾਂ' ਉੱਪਰ ਆਧਾਰਿਤ ਵਿਸ਼ਿਸ਼ਟ ਵਰਗ ਦੀ ਰਚਨਾ ਵੀ ਆਪਣੇ-ਆਪ ਵਿੱਚ ਬੜੀ ਦਿਲਚਸਪ ਹੈ। ਇਨ੍ਹਾਂ 'ਅਦਿੱਖ ਤਾਕਤਾਂ' ਉੱਪਰ ਆਧਾਰਿਤ ਵਿਸ਼ਿਸ਼ਟ ਵਰਗ ਵਿੱਚ ਸ਼ਾਮਿਲ ਵੱਖ-ਵੱਖ ਧਿਰਾਂ ਜਾਂ ਲੋਕਾਂ ਦਾ ਸੰਬੰਧ ਕਿਸੇ ਵਿਸ਼ੇਸ਼ ਮਜ਼ਹਬ, ਜ਼ੁਬਾਨ, ਜ਼ਾਤ, ਬਰਾਦਰੀ, ਸ਼੍ਰੇਣੀ, ਕਿੱਤੇ, ਧੜੇ, ਰਾਜਸੀ ਪਾਰਟੀ, ਜਥੇਬੰਦੀ, ਪਿੰਡ, ਕਸਬੇ, ਸ਼ਹਿਰ ਆਦਿ ਨਾਲ ਨਹੀਂ ਹੈ, ਸਗੋਂ 'ਅਦਿੱਖ ਤਾਕਤਾਂ' ਉੱਪਰ ਆਧਾਰਿਤ ਇਸ ਵਿਸ਼ਿਸ਼ਟ ਵਰਗ ਵਿੱਚ ਬੁਨਿਆਦੀ ਤੌਰ ਉੱਪਰ ਉਨ੍ਹਾਂ ਪੰਜਾਬ ਦੋਖੀ ਸਫੈਦਪੋਸ਼, ਮੁਫ਼ਾਦਪ੍ਰਸਤ, ਮੌਕਾਪ੍ਰਸਤ, ਕਮਜਰਫ਼ ਅਤੇ ਗਿਰਗਿਟ ਦੀ ਤਰ੍ਹਾਂ ਰੰਗ ਬਦਲਣ ਦੀ ਸਲਾਹੀਅਤ ਰੱਖਣ ਵਾਲੇ ਲੋਕਾਂ ਜਾਂ ਲੋਕਾਂ ਦੇ ਸਮੂਹਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ, ਜਿਨ੍ਹਾਂ ਦਾ ਮਨੋਰਥ ਹਮੇਸ਼ਾ ਤੋਂ ਸੱਤਾ, ਤਾਕਤ ਅਤੇ ਪ੍ਰਭਾਵ ਦੇ ਇਸਤੇਮਾਲ ਰਾਹੀਂ ਪੰਜਾਬ ਵਿੱਚ ਆਪਣੀ ਸਥਿਤੀ ਨੂੰ ਮਜ਼ਬੂਤ ਅਤੇ ਬਿਹਤਰ ਬਣਾਉਣਾ ਹੈ। ਸੱਚ ਜਾਣਿਓ! ਅਜਿਹੇ ਲੋਕਾਂ ਲਈ ਪੰਜਾਬ ਦਾ ਦਰਦ ਅਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਜੁੜੇ ਹੋਏ ਵੱਖ-ਵੱਖ ਮਸਲੇ ਬੁਨਿਆਦੀ ਤੌਰ ਉੱਪਰ ਕਦੇ ਵੀ ਕੋਈ ਮਾਇਨੇ ਨਹੀਂ ਰੱਖਦੇ ਹਨ।

ਇਹ 'ਅਦਿੱਖ ਤਾਕਤਾਂ' ਕਦੇ ਮਜ਼ਹਬ ਦਾ ਲਿਬਾਸ ਪਾ ਕੇ, ਕਦੇ ਸਿਆਸੀ ਚਾਲਾਂ ਚਲ ਕੇ ਅਤੇ ਕਦੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਪ੍ਰਤੀ ਆਪਣਾ ਫ਼ਰਜ਼ੀ ਜਿਹਾ ਤੇ ਵਕਤੀ ਹੇਜ ਜਤਾ ਕੇ ਖ਼ੁਦ ਨੂੰ ਪੰਜਾਬ ਦੇ ਖ਼ੈਰਖਾਹ ਸਾਬਿਤ ਕਰਨ ਦਾ ਹਰ ਰੋਜ਼ ਢੋਂਗ ਕਰਨ ਵਿੱਚ ਮਸ਼ਰੂਫ ਰਹਿੰਦੀਆਂ ਹਨ। ਅੱਜ ਪੰਜਾਬ ਜਿਸ ਚੌਰਾਹੇ ਉੱਪਰ ਖੜ੍ਹਾ ਦਿਖਾਈ ਦੇ ਰਿਹਾ ਹੈ ਅਤੇ ਜਿਸ ਤਰ੍ਹਾਂ ਦੇ ਭਵਿੱਖ ਵੱਲ ਪੰਜਾਬ ਵੱਧ ਰਿਹਾ ਹੈ, ਉਸ ਨੂੰ ਦੇਖਦਿਆਂ ਇਹ ਨਿਸ਼ਚਿਤ ਤੌਰ ਉੱਪਰ ਕਿਹਾ ਜਾ ਸਕਦਾ ਹੈ ਕਿ ਜੇਕਰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਅਲੰਬਰਦਾਰ ਅਤੇ ਹਿਤੈਸ਼ੀ ਇਸੇ ਤਰ੍ਹਾਂ ਗ਼ਫ਼ਲਤ ਦੀ ਗਹਿਰੀ ਨੀਂਦ ਸੁੱਤੇ ਰਹੇ ਤਾਂ ਰੰਗਲੇ, ਖ਼ੁਸ਼ਹਾਲ ਤੇ ਅਮਨ ਪਸੰਦ ਪੰਜਾਬ ਦਾ ਉਨ੍ਹਾਂ ਦਾ ਸੁਪਨਾ ਕਦੇ ਵੀ ਸਾਕਾਰ ਨਹੀਂ ਹੋ ਪਾਏਗਾ, ਪੰਜਾਬੀ ਲੋਕ ਪੰਜਾਬ ਵਿੱਚ ਹੀ ਖ਼ੁਦ ਨੂੰ ਕਦੇ ਮਹਿਫ਼ੂਜ਼ ਨਹੀਂ ਸਮਝਣਗੇ, ਪੰਜਾਬ ਦੀ ਜਰਖੇਜ਼ ਧਰਤੀ ਬੰਜਰ ਹੋਣ ਦੀ ਕਗਾਰ ਉੱਤੇ ਪਹੁੰਚ ਜਾਵੇਗੀ ਅਤੇ ਫਲਸਰੂਪ ਸਾਡੇ ਪੰਜਾਬ ਦੇ ਨੌਜਵਾਨਾਂ ਦੀ ਬੇਕਦਰੀ ਹੋਰ ਵਧੇਗੀ। ਲਿਹਾਜ਼ਾ ਅਜੋਕੇ ਸਮੇਂ ਵਿੱਚ ਇਨ੍ਹਾਂ 'ਅਦਿੱਖ ਤਾਕਤਾਂ' ਦੇ ਪੰਜਾਬ ਵਿਰੋਧੀ ਮਨਸੂਬਿਆਂ ਦੀ ਸਮੇਂ ਸਿਰ ਪਛਾਣ ਕਰਕੇ ਸਾਨੂੰ ਪੰਜਾਬੀਆਂ ਨੂੰ ਚੌਕੰਨੇ ਹੋਣ ਦੀ ਬੇਹੱਦ ਜ਼ਰੂਰਤ ਹੈ ਤਾਂ ਜੋ ਪੰਜਾਬ ਸੰਸਾਰ ਭਰ ਵਿੱਚ ਆਪਣੀ ਮੁਨਫ਼ਰਿਦ ਪਹਿਚਾਣ ਨੂੰ ਕਾਇਮ ਰੱਖਣ ਵਿੱਚ ਸਫ਼ਲ ਹੋ ਸਕੇ।

## ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

Punjabi Parwaz LLC
DBA Punjabi Parwaz

Address:
827 E. Kings Row, Unit# 7,
Palatine, IL 60074

Managed by:
Anureet Kaur
Kuljeet Singh

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਬੇਅੰਤ ਸਿੰਘ ਬੋਪਾਰਾਏ
ਅਮਰਜੀਤ ਸਿੰਘ ਢੀਂਡਸਾ
ਦੀਦਾਰ ਸਿੰਘ ਧਨੋਆ
ਗੁਰਵਿੰਦਰ ਬੱਬੂ (ਐਪਲਟਨ)
ਅਜੈਬ ਸਿੰਘ ਲੱਖਣ
ਹਰਕੇਵਲ ਸਿੰਘ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਸੰਨੀ ਧੂੜ (ਮਿਸ਼ੀਗਨ)
ਮਨਮਿੰਦਰ ਸਿੰਘ ਹੀਰ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਮੀਕ ਸਿੰਘ ਗਿਰਨ
ਜਿਗਰਦੀਪ ਸਿੰਘ ਢਿੱਲੋਂ

# ਤੀਜੇ ਗੇੜ ਵਿੱਚ ਵਧਿਆ ਵੋਟਾਂ ਪਾਉਣ ਦਾ ਰੁਝਾਨ

*ਸਫਾ ਇੱਕ ਦੀ ਬਾਕੀ ⇒*

ਸੰਦੇਸ਼ਖਲੀ ਵਿੱਚ ਇੱਕ ਮੁਸਲਿਮ ਆਗੂ ਵਿਰੁਧ ਔਰਤਾਂ ਦੇ ਜਿਣਸੀ ਸੋਸ਼ਣ ਦਾ ਮੁੱਦਾ ਵੀ ਉਭਰਿਆ। ਭਾਜਪਾ ਨੇ ਇਸ ਮੁੱਦੇ ਨੂੰ ਵੀ ਹਿੰਦੂ-ਮੁਸਲਮਾਨ ਵਿਚਕਾਰ ਸਨਸਨੀਖੇਜ਼ ਮਸਲਾ ਬਣਾਉਣ ਦਾ ਯਤਨ ਕੀਤਾ। ਇਹ ਗਨੀਮਤ ਹੀ ਕਹੀ ਜਾਵੇਗੀ ਕਿ ਅਜਿਹੀ ਗਰਮਾ-ਗਰਮ ਬਹਿਸ ਵਿੱਚ ਕਿਧਰੇ ਫਿਰਕੂ ਦੰਗੇ ਨਹੀਂ ਹੋਏ।

ਦੂਜਾ ਗੇੜ ਸ਼ੁਰੂ ਹੋਣ ਤੋਂ ਪਹਿਲਾਂ ਰਾਹੁਲ ਗਾਂਧੀ ਨੇ ਤਿਲੰਗਾਨਾਂ ਵਿੱਚ ਇੱਕ ਪ੍ਰੈਸ ਕਾਨਫਰੰਸ ਕਰਕੇ ਬਿਹਾਰ ਵਾਂਗ ਸਾਰੇ ਦੇਸ਼ ਵਿੱਚ ਜਾਤ ਆਧਾਰਤ ਮਰਦਮਸ਼ੁਮਾਰੀ ਕਰਵਾਉਣ ਦੀ ਗੱਲ ਕਹੀ। ਇਸ ਦਰਮਿਆਨ ਕਾਂਗਰਸ ਦੇ ਮੈਨੀਫੈਸਟੋ ਵਿਚਲਾ ਆਰਥਕ ਸਰਵੇਖਣ ਕਰਵਾਉਣ ਦਾ ਮੁੱਦਾ ਵੀ ਨਾਲ ਜੁੜ ਗਿਆ। ਇਸ ਸਾਰੇ ਕੁਝ ਬਾਰੇ ਬਿਆਨ ਦਿੰਦਿਆਂ ਕਾਂਗਰਸ ਦੇ ਓਵਰਸੀਜ਼ ਆਗੂ ਸੈਮ ਪੈਤਰੋਦਾ ਨੇ ਵਿਰਾਸਤ ਟੈਕਸ ਅਤੇ ਆਰਥਕ ਸੋਮਿਆਂ ਵਿੱਚ ਨਾਬਰਾਬਰੀ ਨੂੰ ਘੱਟ ਕਰਨ ਦੀ ਗੱਲ ਕਹੀ। ਕਾਂਗਰਸ ਦੀ ਇਹ ਸਾਰੀ ਦਲੀਲ ਦੇਸ਼ ਦੀ ਪੂੰਜੀ ਗਿਣਤੀ ਦੇ ਹੱਥਾਂ ਵਿੱਚ ਇਕੱਠੀ ਹੋ ਜਾਣ ਦੇ ਸੰਦਰਭ ਵਿੱਚ ਸੀ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਬਹਿਸ ਨੂੰ ਬਹੁਤ ਹੀ ਨੀਵੇਂ ਪੱਧਰ ਦੇ ਚੋਣ ਪ੍ਰਾਪੇਗੰਡੇ ਵਿੱਚ ਤਬਦੀਲ ਕਰ ਦਿੱਤਾ। ਉਨ੍ਹਾਂ ਮੱਧ ਵਰਗ ਅਤੇ ਗਰੀਬ ਵਰਗਾਂ ਨੂੰ ਸੰਬੋਧਨ ਕਰਦਿਆਂ ਦਲੀਲ ਦਿੱਤੀ ਕਿ ਜੇ ਕਾਂਗਰਸ ਦੀ ਸਰਕਾਰ ਆ ਗਈ ਤਾਂ ਤੁਹਾਡੇ ਚਾਰ ਕਮਰਿਆਂ ਦੇ ਫਲੈਟ ਵਿੱਚੋਂ ਦੋ ਖੋਹ ਕੇ ਕਿਸੇ ਹੋਰ ਨੂੰ ਦੇ ਦਿੱਤੇ ਜਾਣਗੇ। ਮੋਦੀ ਨੇ ਕਿਹਾ, "ਇਹ ਤੁਹਾਡੇ ਮੰਗਲ ਸੂਤਰ ਵੀ ਖੋਹ ਕੇ ਲੈ ਜਾਣਗੇ, ਜੇ ਤੁਹਾਡੇ ਘਰ ਦੋ ਮੱਝਾਂ ਹੋਣਗੀਆਂ ਤਾਂ ਇੱਕ ਕਾਂਗਰਸ ਲੈ ਜਾਏਗੀ।" ਜਿਸ ਕਿਸਮ ਦੇ ਮੁੱਦੇ ਪ੍ਰਧਾਨ ਮੰਤਰੀ ਉਭਾਰ ਰਹੇ ਸਨ, ਉਸ ਨੂੰ ਸੁਣ ਕੇ ਇਹ ਪਤਾ ਲਗਦਾ ਸੀ ਕਿ ਪ੍ਰਧਾਨ ਮੰਤਰੀ ਦੇਸ਼ ਵਿੱਚ ਫੈਲੀ ਗਰੀਬੀ ਅਤੇ ਆਮਦਨ ਦੇ ਪੱਧਰ ਤੋਂ ਵਾਕਫ ਹਨ। ਪ੍ਰਧਾਨ ਮੰਤਰੀ ਦੇ ਇਸ ਹਮਲੇ ਦਾ ਜੁਆਬ ਪ੍ਰਿਅੰਕਾ ਗਾਂਧੀ ਨੇ ਸਾਬਕਾ ਪ੍ਰਧਾਨ ਮੰਤਰੀ ਅਤੇ ਆਪਣੇ ਪਿਤਾ ਰਾਜੀਵ ਗਾਂਧੀ ਦੀ ਹੱਤਿਆ ਦਾ ਹਵਾਲਾ ਦਿੰਦਿਆਂ ਦਿੱਤਾ ਤੇ ਕਿਹਾ, 'ਪ੍ਰਧਾਨ ਮੰਤਰੀ ਜਿਸ ਮੰਗਲ ਸੂਤਰ ਦੀ ਗੱਲ ਕਰਦੇ ਹਨ, ਉਹ ਮੇਰੀ ਮਾਂ ਨੇ ਦੇਸ਼ ਲਈ ਵਾਰ ਦਿੱਤਾ ਸੀ।'

ਦੂਜੇ ਗੇੜ ਦੀ ਚੋਣ ਵਿੱਚ ਪ੍ਰਧਾਨ ਮੰਤਰੀ ਮੁਸਲਮਾਨ ਧਾਰਮਿਕ ਘੱਟਗਿਣਤੀ ਖਿਲਾਫ ਜ਼ਹਿਰ ਉਗਲਣ 'ਤੇ ਉਤਰ ਆਏ। ਉਨ੍ਹਾਂ ਰਾਜਸਥਾਨ ਵਿੱਚ ਇੱਕ ਚੋਣ ਰੈਲੀ ਵਿੱਚ ਆਖਿਆ, ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਆਖਿਆ ਸੀ ਕਿ ਦੇਸ਼ ਦੇ ਆਰਥਿਕ ਸੋਮਿਆਂ 'ਤੇ ਪਹਿਲਾ ਹੱਕ ਮੁਸਲਮਾਨਾਂ ਦਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਚੋਣ ਮੈਨੀਫੈਸਟੋ ਉਤੇ ਸ਼ਹਿਰੀ ਨਕਸਲਵਾਦ ਦੀ ਮੋਹਰ ਲੱਗੀ ਹੋਈ ਹੈ। ਕਾਂਗਰਸ ਸੱਤਾ ਵਿੱਚ ਆਈ ਤਾਂ ਇਹ ਤੁਹਾਡੀ ਜਾਇਦਾਦ ਖੋਹ ਕੇ ਉਨ੍ਹਾਂ ਨੂੰ ਵੰਡ ਦੇਵੇਗੀ, ਜਿਹੜੇ ਜ਼ਿਆਦਾ ਬੱਚੇ ਪੈਦਾ ਕਰਦੇ ਹਨ। ਉਨ੍ਹਾਂ ਦਾ ਇਹ ਇਸ਼ਾਰਾ ਮੁਸਲਮਾਨਾਂ ਵੱਲ ਸੀ। ਮੁਸਲਮਾਨਾਂ ਖਿਲਾਫ ਨਫਰਤ ਫੈਲਾਉਣ ਦਾ ਕੋਈ ਵੀ ਮੌਕਾ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਹੱਥੋਂ ਖਿਸਕਣ ਨਹੀਂ ਦਿੱਤਾ।

ਚੋਣਾਂ ਦੇ ਤੀਜੇ ਗੇੜ ਵਿੱਚ ਐਸ.ਟੀ., ਐਸ.ਸੀ. ਅਤੇ ਪਛੜੇ ਵਰਗਾਂ ਲਈ ਰਾਖਵੇਂਕਰਣ ਦਾ ਮੁੱਦਾ ਕੇਂਦਰ ਵਿੱਚ ਆ ਗਿਆ। ਕਾਂਗਰਸ ਨੇ ਦਲੀਲ ਦਿੱਤੀ ਕਿ ਬਾਬਾ ਸਾਹਿਬ ਡਾ. ਅੰਬੇਦਕਰ ਵੱਲੋਂ ਬਣਾਇਆ ਗਿਆ ਸੰਵਿਧਾਨ ਪਛੜੇ ਵਰਗਾਂ ਨੂੰ ਰਾਖਵੇਂ ਕਰਨ ਦਾ ਹੱਕ ਦਿੰਦਾ ਹੈ ਅਤੇ ਭਾਜਪਾ ਇਸ ਸੰਵਿਧਾਨ ਨੂੰ ਖਤਮ ਕਰ ਦੇਵੇਗੀ ਤੇ ਰਾਖਵੇਂਕਰਨ ਦਾ ਖਾਤਮਾ ਇਸ ਦੇ ਨਾਲ ਹੀ ਹੋ ਜਾਵੇਗਾ। ਕਾਂਗਰਸੀ ਆਗੂਆਂ ਨੇ ਇਹ ਵੀ ਕਿਹਾ ਕਿ ਇਸੇ ਲਈ ਭਾਜਪਾ ਚਾਰ ਸੌ ਪਾਰ ਦੀ ਗੱਲ ਕਰ ਰਹੀ ਹੈ ਤਾਂ ਕਿ ਸੰਵਿਧਾਨ ਨੂੰ ਖਤਮ ਕੀਤਾ ਜਾ ਸਕੇ। ਕਾਂਗਰਸੀ ਆਗੂ ਰਾਹੁਲ ਗਾਂਧੀ ਅਤੇ ਹੋਰਾਂ ਨੇ ਇਹ ਗੱਲ ਜ਼ੋਰ ਨਾਲ ਉਭਾਰੀ ਕਿ ਭਾਜਪਾ ਜਮਹੂਰੀਅਤ ਅਤੇ ਇਸ ਦੀ ਜਾਮਨੀ ਦੇਣ ਵਾਲੇ ਸਵਿੰਧਾਨ- ਦੋਹਾਂ ਦਾ ਭੋਗ ਪਾਉਣਾ ਚਾਹੁੰਦੀ ਹੈ, ਇਸ ਲਈ ਇਹ ਚੋਣ ਸਾਧਾਰਣ ਨਹੀਂ ਹੈ, ਸਗੋਂ ਜਮਹੂਰੀਅਤ ਅਤੇ ਸੰਵਿਧਾਨ ਨੂੰ ਕਾਇਮ ਰੱਖਣ ਦੀ ਲੜਾਈ ਹੈ। ਕਾਂਗਰਸ ਦਾ ਇਹ ਪ੍ਰਵਚਨ ਬੀ.ਜੇ.ਪੀ. 'ਤੇ ਭਾਰੂ ਪੈਂਦਾ ਵਿਖਾਈ ਦਿੱਤਾ।

ਇਸ ਵਿਚਕਾਰ ਹੀ ਏ.ਆਈ. ਦੀ ਵਰਤੋਂ ਨਾਲ ਤਿਆਰ ਕੀਤੀ ਗਈ ਮੋਹਨ ਭਾਗਵਤ ਦੀ ਇੱਕ ਵੀਡੀਓ ਵੀ ਸਾਹਮਣੇ ਆਈ, ਜਿਸ ਵਿੱਚ ਉਹ ਐਸ.ਟੀ., ਐਸ.ਸੀ. ਅਤੇ ਪਛੜੇ ਵਰਗਾਂ ਲਈ ਰਾਖਵੇਂਕਰਨ ਨੂੰ ਖਤਮ ਕਰਨ ਦੀ ਗੱਲ ਕਰਦੇ ਹਨ। ਇਸ ਵੀਡੀਓ ਬਾਰੇ ਮੋਹਨ ਭਾਗਵਤ ਨੂੰ ਖੁਦ ਇੱਕ ਹੋਰ ਵੀਡੀਉ ਰਾਹੀਂ ਜਵਾਬ ਦੇਣਾ ਪਿਆ ਕਿ ਉਹ ਰਾਖਵਾਂਕਰਨ ਖਤਮ ਕਰਨ ਦੇ ਹੱਕ ਵਿੱਚ ਨਹੀਂ ਹਨ। ਉਨ੍ਹਾਂ ਦੇ ਨਾਮ 'ਤੇ ਬਣਾਈ ਗਈ ਵੀਡੀਓ ਝੂਠੀ ਹੈ। ਇਸ ਤੀਜੇ ਗੇੜ ਦੇ ਅੰਤਿਮ ਪਲ ਇਸੇ ਬਹਿਸ ਨਾਲ ਖਤਮ ਹੋਏ। ਕਾਂਗਰਸ ਦੇ ਇਸ ਵੱਡੇ ਹੱਲੇ ਦਾ ਜੁਆਬ ਦੇਣ ਲਈ ਭਾਜਪਾ ਨੇ ਫਿਰ ਮੁਸਲਿਮ ਪੱਤਾ ਵਰਤਿਆ। ਭਾਜਪਾ ਨੇ ਕਿਹਾ ਕਿ ਕਾਂਗਰਸ ਤੇ ਇੰਡੀਆ ਗੱਠਜੋੜ ਵਾਲੇ ਸ਼ਡਿਊਲਡ ਕਾਸਟਸ ਅਤੇ ਪਛੜੇ ਵਰਗਾਂ ਦਾ ਰਾਖਵਾਂਕਰਨ ਖੋਹ ਕੇ ਮੁਸਲਮਾਨਾਂ ਨੂੰ ਦੇ ਦੇਣਗੇ। ਖਾਸ ਕਰਕੇ ਕਰਨਾਟਕਾ ਵਿੱਚ ਭਾਜਪਾ ਨੇ ਮੁਸਲਮਾਨ ਖਿਲਾਫ ਇਹ ਪੱਤਾ ਜ਼ੋਰ ਨਾਲ ਵਰਤਿਆ ਅਤੇ ਦੇਸ਼ ਦੇ ਸਭ ਤੋਂ ਵੱਡੀ ਧਾਰਮਿਕ ਘੱਟਗਿਣਤੀ ਖਿਲਾਫ ਬਹੁਤ ਭੱਦੀ ਕਿਸਮ ਦੀ ਵੀਡੀਓ ਬਣਾ ਕੇ ਵਾਇਰਲ ਕੀਤੀ।

ਉਂਝ ਕਰਨਾਟਕਾ ਵਿੱਚ ਭਾਜਪਾ ਦੀ ਬਦਕਿਸਮਤੀ ਇਹ ਰਹੀ ਕਿ ਉਸ ਦੇ ਭਾਈਵਾਲ ਜਨਤਾ ਦਲ ਸੈਕੂਲਰ ਦੇ ਆਗੂ ਅਤੇ ਸਾਬਕਾ ਪ੍ਰਧਾਨ ਮੰਤਰੀ ਐਚ.ਡੀ. ਦੇਵਗੌੜਾ ਦੇ ਪੋਤੇ ਪ੍ਰਜਵਲ ਰੇਵੰਨਾ ਖਿਲਾਫ ਇੱਕ ਵੱਡਾ ਯੌਨ ਸੋਸ਼ਣ ਦਾ ਸਕੈਂਡਲ ਉਭਰ ਆਇਆ। ਇਸ ਸਕੈਂਡਲ ਵਿੱਚ ਬੇਪਰਦ ਹੋਇਆ ਕਿ ਇਸ ਨੌਜਵਾਨ ਆਗੂ ਵੱਲੋਂ ਤਕਰੀਬਨ 3000 ਅਸ਼ਲੀਲ ਵੀਡੀਓ ਬਣਾਈਆਂ ਗਈਆਂ ਹਨ। ਪ੍ਰਜਵਲ ਦੇ ਪਿਤਾ ਅਤੇ ਦੇਵਗੌੜਾ ਦੇ ਪੁੱਤਰ ਐਚ.ਡੀ. ਰੇਵੰਨਾ ਖਿਲਾਫ ਵੀ ਇੱਕ 60 ਸਾਲ ਦੀ ਔਰਤ ਵੱਲੋਂ ਯੌਨ ਸੋਸ਼ਣ ਦੇ ਦੋਸ਼ ਲਗਾਏ ਗਏ ਹਨ। ਚੋਣ ਪ੍ਰਚਾਰ ਪ੍ਰਭਾਵਿਤ ਹੋਣ ਦੇ ਡਰੋਂ ਇਸ ਔਰਤ ਨੂੰ ਅਗਵਾ ਕਰਕੇ ਦੇਵਗੌੜਾ ਪਰਿਵਾਰ ਵੱਲੋਂ ਆਪਣੇ ਕਿਸੇ ਜਾਣੂ ਦੇ ਫਾਰਮ 'ਤੇ ਰੱਖਿਆ ਗਿਆ ਸੀ। ਪੁਲਿਸ ਵੱਲੋਂ ਇਸ ਔਰਤ ਨੂੰ ਬਰਾਮਦ ਕਰ ਲਿਆ ਗਿਆ ਹੈ ਅਤੇ ਇਸ ਮਾਮਲੇ ਵਿੱਚ ਐਚ.ਡੀ. ਰੇਵੰਨਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਉਨ੍ਹਾਂ ਦਾ ਪੁੱਤਰ ਪ੍ਰਜਵਲ ਰੇਵੰਨਾ ਜਰਮਨੀ ਭੱਜ ਗਿਆ ਹੈ। ਇਸ ਘਟਨਾ ਦਾ ਕਰਨਾਟਕਾ ਦੀਆਂ ਲੋਕ ਸਭਾ ਚੋਣਾਂ 'ਤੇ ਵੱਡਾ ਅਸਰ ਪਿਆ ਦਿਖਾਈ ਦਿੰਦਾ ਹੈ ਅਤੇ ਭਾਜਪਾ ਨੂੰ ਇੱਥੇ ਵੱਡਾ ਨੁਕਸਾਨ ਹੋਣ ਦੇ ਆਸਾਰ ਹਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕੇ ਇਸ ਵਾਰ ਚੋਣਾਂ ਵਿੱਚ ਮੁੱਦੇ ਜਿਵੇਂ ਡੀ-ਐਵੋਲਿਊਟ ਹੋ ਰਹੇ ਹਨ, ਜਿਵੇਂ ਜਿਵੇਂ ਚੋਣ ਜੰਗ ਤੇਜ਼ ਹੋ ਰਹੀ ਹੈ ਸਿਆਸੀ ਪਾਰਟੀਆਂ ਵਿਚਾਲੇ ਬਹਿਸ ਦਾ ਪੱਧਰ ਗਿਰਦਾ ਜਾ ਰਿਹਾ ਤੇ ਉਹ ਇੱਕ ਦੂਜੇ ਖਿਲਾਫ ਪ੍ਰਚਾਰ ਦਾ ਹਰ ਹਰਬਾ ਵਰਤਣ 'ਤੇ ਉਤਰ ਆਏ ਹਨ। ਝੂਠ-ਸੱਚ ਵਿਚਲਾ ਭੇਦ ਮਿਟ ਗਿਆ ਹੈ।

ਆਉਂਦੇ ਗੇੜਾਂ ਵਿੱਚ ਚੋਣ ਬਹਿਸ ਦਾ ਇਹ ਤਾਪਮਾਨ ਹੋਰ ਵਧਣ ਅਤੇ ਪੱਧਰ ਹੋਰ ਨੀਵਾਂ ਜਾਣ ਦੇ ਆਸਾਰ ਹਨ। ਯਾਦ ਰਹੇ, ਤੀਸਰੇ ਗੇੜ ਵਿੱਚ ਬਿਹਾਰ, ਉਤਰ ਪ੍ਰਦੇਸ਼, ਮੱਧ ਪ੍ਰਦੇਸ਼, ਆਸਾਮ, ਕਰਨਾਟਕਾ, ਮਹਾਰਾਸ਼ਟਰ, ਗੋਆ, ਗੁਜਰਾਤ ਅਤੇ ਪੱਛਮੀ ਬੰਗਾਲ ਦੀਆਂ ਕੁਝ ਸੀਟਾਂ 'ਤੇ ਵੋਟਾਂ ਪਈਆਂ ਹਨ। ਬਿਹਾਰ ਅਤੇ ਮਹਾਰਾਸ਼ਟਰ ਵਿੱਚ ਵੋਟ ਫੀਸਦੀ ਕਾਫੀ ਘੱਟ ਰਹੀ ਹੈ, ਪਰ ਕੁੱਲ ਮਿਲਾ ਕੇ ਤੀਜੇ ਗੇੜ ਵਿੱਚ ਵੋਟ ਫੀਸਦੀ ਪਹਿਲੇ ਦੋ ਗੇੜਾਂ ਦੇ ਮੁਕਾਬਲੇ ਚੰਗੀ ਰਹੀ ਹੈ।

CALL FOR A FREE QUOTE: Auto • Home • Condo • Life
Bicky Sarkaria
847-465-1484
KSARKARIA@allstate.com
482 N. Milwaukee #3
Wheeling, IL
15700 103rd St #250
Lemont, IL
Building a stronger community together
Allstate®
You're In Good Hands With Allstate
*ਕਾਰਾਂ ਤੇ ਘਰਾਂ ਦੀ ਇੰਸ਼ੋਰੈਂਸ ਕਰਵਾਉਣ ਲਈ ਸਾਡੇ ਨਾਲ ਸੰਪਰਕ ਕਰੋ *ਅਸੀਂ ਜੀਵਨ ਬੀਮਾ ਵੀ ਕਰਦੇ ਹਾਂ

Prepare for Tomorrow Now With Comprehensive Retirement Planning
■Annuities ■Life Insurance ■Long-Term Care
■Medicare Planning ■Disability Income



Call Gurpreet Singh
Retirement and Insurance Advisor
Cell: 630-677-6144
Email: Preetisingh@ffig.com
FUTURITY FIRST
Retirement | Life | Health
Futurity First Insurance Group


## Matrimonial

### ਲੜਕੇ ਦੀ ਭਾਲ

Looking for a suitable match for our Canadian Citizen Ramgarhia Sikh daughter 30, 5'-8" beautiful, family oriented, graduated in M.B.A (Canada). The boy must be from the USA or Canada, professionally qualified, good-natured, well settled, and with good family values. Serious enquiries only. Please respond to hunjan.inders@gmail.com with bio-data.

'ਪੰਜਾਬੀ ਪਰਵਾਜ਼' ਵਿੱਚ ਇਸ਼ਤਿਹਾਰ ਲਵਾਉਣ ਲਈ ਸੰਪਰਕ ਕਰੋ:
ਫੋਨ: 224-386-4548

DIABETIC LIMB SALVAGE AND MAJOR AMPUTATION PREVENTION
Dr. Singh is the Only Foot and Ankle Surgeon in Illinois with the following training:



Duke University Flap Plastic Surgery; Columbia Presbyterian University Microvascular Surgery; Dr. Dellon's John Hopkins Diabetic Advanced Nerve Surgery; Russian Ilizarov Leg Lengthening and Deformity Correction Fellowship; Four Mini-Fellowships in Leg Lengthening and Deformity Correction from Russia and Greece; Double Board Certified in Foot and Ankle Surgery by the American Board of Foot and Ankle Surgery in Reconstructive Rearfoot, Ankle and Foot Surgery.
He has over 30 years of surgical experience
HINDI, PUNJABI, ENGLISH AND SPANISH
Bunions, sports medicine, Pediatric foot deformity, ingrown toenails, warts and Diabetic Limb Salvage
UCLA: BS Biochemistry Cum Laude
San Francisco: Podiatric Medical School
VA WEST LA: Surgical /Trauma Residency Foot/Ankle
847-310-1600
St Alexius Medical Center
1555 Barrington Rd, Building 1, Suite 235 (2nd floor) • Hoffman Estates, IL 60169

# ਭਾਜਪਾ ਖਿਲਾਫ ਪੰਜਾਬ ਦੇ ਕਿਸਾਨਾਂ ਦੀ ਕੁੜੱਤਣ ਵਧੀ

***ਸਫਾ ਇੱਕ ਦੀ ਬਾਕੀ ⇒***

ਅਤੇ ਝੋਨੇ ਲਈ ਖੇਤ ਤਿਆਰ ਕਰਨ ਦਾ ਰੁਝੇਵਾਂ ਕਿਸਾਨਾਂ ਲਈ ਬਣਿਆ ਰਹਿਣਾ ਹੈ। ਇਸ ਦਰਮਿਆਨ ਗਰਮੀ ਵਧ ਰਹੀ ਹੈ, ਪੰਜਾਬ ਵਿੱਚ ਵੀ, ਪਰ ਬਾਕੀ ਰਾਜਾਂ ਨਾਲੋਂ ਘੱਟ, ਜਿੱਥੇ ਇਸ ਵਾਰ ਅੱਗ ਵਰ੍ਹ ਰਹੀ ਹੈ। ਅਜਿਹੇ ਵਕਤਾਂ ਵਿੱਚ ਹੀ, ਜਦੋਂ ਵੋਟਰ ਨੂੰ ਘਰੋਂ ਕੱਢਣਾ ਵੀ ਰਾਜਨੀਤਿਕ ਪਾਰਟੀਆਂ ਲਈ ਮੁਹਾਲ ਹੋ ਗਿਆ ਹੈ, ਪੰਜਾਬ ਵਿੱਚ ਚੋਣ ਅਮਲ ਆਰੰਭ ਹੋ ਗਿਆ ਹੈ।

'ਆਪ', ਕਾਂਗਰਸ, ਅਕਾਲੀ ਦਲ, ਬਸਪਾ ਅਤੇ ਭਾਜਪਾ ਦੇ ਇਕੱਲਿਆਂ ਚੋਣ ਮੈਦਾਨ ਵਿੱਚ ਉਤਰਨ ਨਾਲ ਲੋਕ ਸਭਾ ਚੋਣਾਂ ਦੇ ਮੁਕਾਬਲੇ ਪੰਜ ਕੋਣੇ ਹੋ ਗਏ ਹਨ। ਇਸ ਹਾਲਤ ਵਿੱਚ ਪੰਜਾਬ ਦੇ ਲੋਕਾਂ ਦੀ ਦਿਲਚਸਪੀ ਦਾ ਥਾਹ ਪਾਉਣਾ ਇਸ ਵਾਰ ਸੌਖਾ ਨਹੀਂ। ਕਿਸੇ ਪਾਰਟੀ ਦੇ ਹੱਕ 'ਚ ਵੀ ਕੋਈ ਹਵਾ ਦਾ ਬੁੱਲਾ ਵਗਦਾ ਵਿਖਾਈ ਨਹੀਂ ਦੇ ਰਿਹਾ। ਚੋਣ ਮੁਹਿੰਮ ਦੇ ਮਾਮਲੇ ਵਿੱਚ ਉਂਝ ਸੱਤਾਧਾਰੀ ਪਾਰਟੀ ਕੇਜਰੀਵਾਲ ਦੀ ਗ੍ਰਿਫਤਾਰੀ ਦੇ ਬਾਵਜੂਦ ਆਪਣਾ ਹੱਥ ਉੱਤੇ ਰੱਖ ਰਹੀ ਹੈ। ਜੇ ਪੰਜਾਬ ਦੇ ਵੋਟਿੰਗ ਪੈਟਰਨ ਨੂੰ 'ਆਪ' ਵੱਲੋਂ ਪ੍ਰਦਾਨ ਕੀਤੇ ਆਰਥਕ ਲਾਭਾਂ ਦੀ ਦ੍ਰਿਸ਼ਟੀ ਤੋਂ ਵੇਖੀਏ, ਤਦ ਵੀ ਸੱਤਾਧਾਰੀ ਪਾਰਟੀ ਦਾ ਹੱਥ ਉੱਪਰ ਵਿਖਾਈ ਦਿੰਦਾ ਹੈ; ਪਰ ਗੁੰਝਲ ਇਹੋ ਹੈ ਕਿ ਇਸ ਵਾਰ ਪੰਜਾਬ ਵਿਚਲੇ ਵੋਟਿੰਗ ਝੁਕਾਅ ਨੂੰ ਹਾਲ ਦੀ ਘੜੀ ਆਸਾਨੀ ਨਾਲ ਬੁੱਝਿਆ ਨਹੀਂ ਜਾ ਸਕਦਾ। ਨਾ ਹੀ ਪੰਜਾਬ ਦੇ ਸਭ ਵਰਗਾਂ ਨੂੰ ਪ੍ਰਭਾਵਿਤ ਕਰਨ ਵਾਲੀ ਕੋਈ ਲਹਿਰ ਹੈ, ਜਿਸ ਕਿਸਮ ਦੀ ਇਹ ਬੀਤੀਆਂ ਵਿਧਾਨ ਸਭਾ ਚੋਣਾਂ ਵਿੱਚ ਸੀ।

ਇਸ ਕਾਰਨ ਵੀ ਇੱਕ ਨਿਰਾਸ਼ਾ ਹੈ ਕਿ ਆਪਣੇ ਕੈਡਰ ਵਿੱਚੋਂ ਉਮੀਦਵਾਰ ਲੱਭਣ ਨਾਲੋਂ ਪਾਰਟੀਆਂ ਦੂਜੀਆਂ ਪਾਰਟੀਆਂ ਵਿੱਚੋਂ ਆਗੂਆਂ ਨੂੰ ਪੁੱਟ ਕੇ ਉਮੀਦਵਾਰ ਖੜ੍ਹੇ ਕਰਨ ਦਾ ਯਤਨ ਕਰ ਰਹੀਆਂ ਹਨ। ਉਂਝ ਇਸ ਮਾਮਲੇ ਵਿੱਚ ਕਿਸੇ ਪਾਰਟੀ ਨੂੰ ਵੀ ਦੋਸ਼ ਮੁਕਤ ਨਹੀਂ ਕੀਤਾ ਜਾ ਸਕਦਾ। ਰਿਸ਼ਵਤ ਵਾਂਗ ਹੀ ਦਲ ਬਦਲੀ ਵੀ ਮੁਲਕ ਦੀ ਸਿਆਸਤ ਘਰ ਕਰ ਗਈ ਹੈ। ਕਾਰਨ ਸ਼ਾਇਦ ਇਸ ਦਾ ਇਹ ਵੀ ਹੈ ਕਿ ਕਿਸੇ ਵੀ ਸਿਆਸੀ ਪਾਰਟੀ ਕੋਲ ਬਦਲਵੇਂ ਆਰਥਿਕ ਸਮਾਜਕ ਵਿਕਾਸ ਦਾ ਮਾਡਲ ਮੌਜੂਦ ਨਹੀਂ ਹੈ। ਕਿਸੇ ਵੇਲੇ ਖੱਬੇ ਪੱਖੀ ਪਾਰਟੀਆਂ ਇਸ ਕਿਸਮ ਦਾ ਦਾਅਵਾ ਕਰਦੀਆਂ ਹੁੰਦੀਆਂ ਸਨ, ਪਰ ਬਾਅਦ ਦੇ ਅਮਲ (ਪੱਛਮੀ ਬੰਗਾਲ ਵਿੱਚ) ਨੇ ਵਿਖਾਇਆ ਕਿ ਉਹ ਵੀ ਵਿਕਾਸ ਦੇ 'ਨਿਊ ਲਿਬਰਲ' ਏਜੰਡੇ ਨੂੰ ਫੜ ਕੇ, ਬਸ ਲੱਲੇ-ਭੱਬੇ ਦੇ ਫਰਕ ਨਾਲ ਅੱਗੇ ਵਧਣ ਦਾ ਯਤਨ ਕਰਨ ਲੱਗੀਆਂ ਹਨ, ਜਿਸ ਕਾਰਨ ਉਨ੍ਹਾਂ ਦਾ ਉਖੇੜਾ ਸ਼ੁਰੂ ਹੋ ਗਿਆ। ਸਮੁੱਚੇ ਦੇਸ਼ ਦੀ ਆਮ ਸਥਿਤੀ ਭਾਵੇਂ ਇਸ ਵਾਰ ਕਿਸੇ ਖੱਬੇ ਝੁਕਾਅ ਵਾਲੀ ਪਾਰਟੀ ਲਈ ਬੇਹੱਦ ਅਨੁਕੂਲ ਸੀ, ਪਰ ਦੇਸ਼ ਪੱਧਰ 'ਤੇ ਇਸ ਕਿਸਮ ਦੀ ਕੋਈ ਮਜਬੂਤ ਖੱਬੇ ਝੁਕਾਅ ਵਾਲੀ ਪਾਰਟੀ ਮੌਜੂਦ ਨਾ ਹੋਣ ਕਾਰਨ, ਇਹ ਮਸਲੇ ਕਾਂਗਰਸ ਪਾਰਟੀ ਨੇ ਚੁੱਕ ਲਏ ਹਨ, ਖਾਸ ਕਰਕੇ ਰਾਹੁਲ ਗਾਂਧੀ ਨੇ ਅਤੇ ਇਸ ਦਾ ਕਾਂਗਰਸ ਪਾਰਟੀ ਨੂੰ ਫਾਇਦਾ ਹੁੰਦਾ ਵੀ ਵਿਖਾਈ ਦੇ ਰਿਹਾ ਹੈ।

ਆਮ ਆਦਮੀ ਪਾਰਟੀ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ 92 ਸੀਟਾਂ ਜਿੱਤ ਕੇ ਭਾਵੇਂ ਹੈਰਾਨਕੁੰਨ ਸਫਲਤਾ ਦਰਜ ਕੀਤੀ ਸੀ, ਪਰ ਇਸ ਪਾਰਟੀ ਤੋਂ ਲੋਕਾਂ ਦੀ ਨਾਰਾਜ਼ਗੀ ਕੁਝ ਕੁ ਮਹੀਨੇ ਬਾਅਦ ਸੰਗਰੂਰ ਜ਼ਿਮਨੀ ਚੋਣ ਵਿੱਚ ਸਾਹਮਣੇ ਆ ਗਈ ਸੀ। ਇੱਥੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਸ. ਸਿਮਰਨਜੀਤ ਸਿੰਘ ਮਾਨ ਚੋਣ ਜਿੱਤ ਗਏ ਸਨ; ਭਾਵੇਂ ਕਿ ਆਪਣੇ ਮੁਫਤ ਬਿਜਲੀ ਬਿਲਾਂ ਦੇ ਜਾਦੂ ਦੇ ਅਸਰ ਕਾਰਨ ਆਮ ਆਦਮ ਪਾਰਟੀ ਪਿੱਛੋਂ ਹੋਈ ਜਲੰਧਰ ਜ਼ਿਮਨੀ ਚੋਣ ਜਿੱਤਣ ਵਿੱਚ ਕਾਮਯਾਬ ਰਹੀ। ਪੰਜਾਬ ਵਿੱਚ ਸੱਤਾਧਾਰੀ ਹੋਣ ਦੇ ਬਾਵਜੂਦ ਆਮ ਆਦਮੀ ਪਾਰਟੀ ਨੂੰ ਆਪਣੇ ਵਿਧਾਨ ਸਭਾ ਵਾਲੇ ਚੋਣ ਉਤਸ਼ਾਹ ਨੂੰ ਬਰਕਰਾਰ ਰੱਖਣਾ ਵੱਡੀ ਚੁਣੌਤੀ ਬਣ ਰਹੀ ਹੈ। ਇਹ ਵੀ ਪੱਕਾ ਪਤਾ ਨਹੀਂ ਕਿ ਕੇਜਰੀਵਾਲ ਦੀ ਗ੍ਰਿਫਤਾਰੀ ਪੰਜਾਬ ਦੇ ਲੋਕਾਂ ਦੀ ਮਾਨਸਿਕਤਾ 'ਤੇ ਕੀ ਅਸਰ ਕਰੇਗੀ? ਕਿਉਂਕਿ ਜਿਸ ਸ਼ਰਾਬ ਨੀਤੀ ਕਾਰਨ ਈ.ਡੀ. ਵੱਲੋਂ ਕੇਜਰੀਵਾਲ ਦੀ ਗ੍ਰਿਫਤਾਰੀ ਕੀਤੀ ਗਈ ਹੈ, ਉਹ ਦਿੱਲੀ ਸਰਕਾਰ ਵੱਲੋਂ ਪਿੱਛੋਂ ਵਾਪਸ ਲੈ ਲਈ ਗਈ। ਇਸ ਲਈ ਭ੍ਰਿਸ਼ਟਾਚਾਰ ਖਿਲਾਫ ਯੁੱਧ ਲੜਨ ਤੁਰੀ 'ਆਪ' ਖੁਦ ਭ੍ਰਿਸ਼ਟਾਚਾਰ ਵਿੱਚ ਲਿਪਤ ਹੁੰਦੀ ਵਿਖਾਈ ਦਿੱਤੀ, ਪਰ ਨਾਲ ਹੀ ਲੋਕਾਂ ਵਿੱਚ ਖਾਸ ਕਰਕੇ ਦਿੱਲੀ ਦੇ ਲੋਕਾਂ ਵਿਚ, ਕੇਜਰੀਵਾਲ ਦੀ ਗ੍ਰਿਫਤਾਰੀ ਖਿਲਾਫ ਹਮਦਰਦੀ ਜੁੜਦੀ ਵਿਖਾਈ ਦੇ ਰਹੀ ਹੈ। ਵਿਰੋਧੀ ਪਾਰਟੀਆਂ ਦਾ ਗੱਠਜੋੜ ਵੀ ਇਸ ਕਾਰਨ ਇੱਕ-ਦੂਜੇ ਦੇ ਲਾਗੇ ਆਇਆ। ਫਿਰ ਵੀ, ਪੰਜਾਬ ਇਸ ਸਾਰੇ ਵਰਤਾਰੇ ਤੋਂ ਨਿਰਲੇਪ ਖੜ੍ਹਾ ਵਿਖਾਈ ਦਿੰਦਾ ਹੈ। ਭਾਵੇਂ ਬਾਕੀ ਸਾਰੇ ਮੁਲਕ ਦੇ ਲੋਕਾਂ ਵਾਂਗ ਹੀ ਮਹਿੰਗਾਈ, ਬੇਰੁਜ਼ਗਾਰੀ ਅਤੇ ਜਾਰੀ ਰਹਿ ਰਹੇ ਭ੍ਰਿਸ਼ਟਾਚਾਰ ਤੇ ਬੇਲਗਾਮ ਖਣਨ ਆਦਿ ਦੇ ਮੁੱਦੇ ਪੰਜਾਬ ਨੂੰ ਵੀ ਪ੍ਰਭਾਵਿਤ ਕਰ ਰਹੇ ਹਨ, ਪਰ ਪੰਜਾਬ ਨੂੰ ਇਸ ਤੋਂ ਵੀ ਵੱਧ ਜਾਰੀ ਰਹਿ ਰਹੀਆਂ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ, ਪਿਛਲੇ ਬੇਅਦਬੀ ਮਾਮਲਿਆਂ ਵਿੱਚ ਇਨਸਾਫ ਨਾ ਮਿਲਣ ਅਤੇ ਰਾਜ ਦੇ ਕੁਦਰਤੀ ਸੋਮਿਆਂ ਦੀ ਤਬਾਹੀ, ਨਸ਼ਿਆਂ ਦੀ ਬੇਓੜਕ ਮਾਰ ਦਾ ਜਾਰੀ ਰਹਿਣਾ, ਕਰਜ਼ਿਆਂ ਦੇ ਆਸਰੇ ਚੱਲ ਰਹੀ ਸਰਕਾਰ ਆਦਿ, ਸਭ ਕੁਝ ਸਤਾ ਰਿਹਾ ਹੈ। ਇਹ ਸਾਰਾ ਕੁਝ ਮਿਲ ਕੇ ਪੰਜਾਬ ਨੂੰ ਇੱਕ ਵਿਸ਼ੇਸ਼ ਸਥਿਤੀ ਵੀ ਪ੍ਰਦਾਨ ਕਰ ਰਿਹਾ ਹੈ। ਇਸ ਤੋਂ ਇਲਾਵਾ ਬੇਜ਼ਮੀਨੇ ਲੋਕਾਂ ਅਤੇ ਹੇਠਲੀ ਤੇ ਮਧਲੀ ਕਿਸਾਨੀ ਦੇ ਨੌਜਵਾਨਾਂ ਲਈ ਘਟ ਰਹੇ ਆਰਥਕ ਮੌਕਿਆਂ ਦੀ ਮਾਰ ਸਥਿਤੀ ਨੂੰ ਹੋਰ ਵਿਸਫੋਟਕ ਬਣਾ ਰਹੀ ਹੈ। ਇਨ੍ਹਾਂ ਸਾਰੇ ਮਾਮਲਿਆਂ ਬਾਰੇ ਰਾਜਨੀਤਿਕ ਪਾਰਟੀਆਂ ਵੱਲੋਂ ਅਪਨਾਈ ਜਾ ਰਹੀ ਬੇਰੁਖੀ ਲੋਕਾਂ ਵਿੱਚ ਚੋਣਾਂ ਪ੍ਰਤੀ ਬੇਵਸਾਹੀ ਵੀ ਪੈਦਾ ਕਰ ਰਹੀ ਹੈ। ਇਸ ਸਥਿਤੀ ਵਿੱਚ ਪੰਜਾਬ ਦੇ ਲੋਕਾਂ ਕੋਲ ਕੋਈ ਹੋਰ ਬਦਲ ਵੀ ਵਿਖਾਈ ਨਹੀਂ ਦਿੰਦਾ। ਇਸੇ ਸਾਰੀ ਸਥਿਤੀ ਵਿੱਚ ਜਿੱਥੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸੰਗਰੂਰ ਲੋਕ ਸਭਾ ਸੀਟ ਜਿੱਤਣ ਬਾਅਦ ਆਪਣੀ ਜਥੇਬੰਦੀ ਦਾ ਪਸਾਰਾ ਨਹੀਂ ਕਰ ਸਕਿਆ, ਸ਼੍ਰੋਮਣੀ ਅਕਾਲੀ ਦਲ (ਬਾਦਲ) ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਆਪਣੇ ਆਪ ਨੂੰ ਮੁੜ ਪੈਰਾਂ ਸਿਰ ਕਰਨ ਦੇ ਯਤਨ ਵਿੱਚ ਹੈ; ਪਰ ਨਾਲ ਦੀ ਨਾਲ ਅਣਕਿਆਸੇ ਝਟਕੇ ਸਹਿ ਰਿਹਾ ਹੈ।

ਚੰਡੀਗੜ੍ਹ ਤੋਂ ਅਕਾਲੀ ਦਲ ਦੇ ਉਮੀਦਵਾਰ ਹਰਦੀਪ ਸਿੰਘ ਬੁਟਰੇਲਾ ਵੱਲੋਂ ਟਿਕਟ ਵਾਪਸ ਕਰ ਦੇਣ ਦੀ ਘਟਨਾ ਨੇ ਸੰਭਲਨ ਦਾ ਯਤਨ ਕਰ ਰਹੇ ਅਕਾਲੀ ਦਲ ਦੀ ਭਰੋਸੇਯੋਗਤਾ ਨੂੰ ਹੋਰ ਸੱਟ ਮਾਰ ਦਿੱਤੀ ਹੈ। ਅਜਿਹੇ ਮਸਲਿਆਂ ਨੂੰ ਅਸਰਦਾਰ ਢੰਗ ਨਾਲ ਨਿਪਟਣ ਨਾਲ ਹੀ ਅਕਾਲੀ ਦਲ (ਬ) ਆਪਣੇ ਰਾਜਨੀਤਿਕ ਪ੍ਰਭਾਵ ਨੂੰ ਪਤਨ ਵੱਲ ਖਿਸਕਣ ਤੋਂ ਬਚਾਅ ਸਕਦਾ ਹੈ, ਪਰ ਇਨ੍ਹਾਂ ਸਾਰੇ ਰੁਝਾਨਾਂ ਦਰਮਿਆਨ ਅੰਮ੍ਰਿਤਪਾਲ ਸਿੰਘ ਦਾ ਖਡੂਰ ਸਾਹਿਬ ਤੋਂ ਚੋਣ ਮੈਦਾਨ ਵਿੱਚ ਉਤਰਨਾ ਅਤੇ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਉਸ ਦੀ ਹਮਾਇਤ ਤੇ ਅੰਮ੍ਰਿਤਸਰ ਵਿੱਚ ਜੇਲ੍ਹ ਵਿੱਚ ਬੰਦ ਇੱਕ ਹੋਰ ਸਿੱਖ ਨੌਜਆਨ ਦੇ ਚੋਣ ਮੈਦਾਨ ਵਿੱਚ ਉਤਰਨ ਦਾ ਐਲਾਨ, ਕੀ ਕਿਸੇ ਨਵੀਂ ਸਿੱਖ ਸਿਆਸਤ ਦੇ ਅਰੰਭ ਬਿੰਦੂ ਬਣ ਸਕਦੇ ਹਨ? ਇਸ ਚੁਣੌਤੀ ਨਾਲ ਨਿਪਟਣ ਲਈ ਤਕਰੀਬਨ ਸਾਰੀਆਂ ਪਾਰਟੀਆਂ ਨੂੰ ਵਖਤ ਪਿਆ ਹੋਇਆ ਹੈ। ਇਸ ਸ਼ੁਰੂਆਤ ਦਾ ਸਭ ਤੋਂ ਵੱਡਾ ਨੁਕਸਾਨ ਅਕਾਲੀ ਦਲ (ਬ) ਨੂੰ ਹੀ ਹੋਣ ਵਾਲਾ ਹੈ। ਅਕਾਲੀ ਦਲ ਨੂੰ ਇਨ੍ਹਾਂ ਨਵੇਂ ਸਿੱਖ ਉਮੀਦਵਾਰਾਂ ਦੀ ਚੁਣੌਤੀ ਨਾਲ ਬੇਹੱਦ ਸਮਝਦਾਰੀ ਅਤੇ ਸੰਵੇਦਨਸ਼ੀਲਤਾ ਨਾਲ ਨਿਪਟਣਾ ਪੈਣਾ ਹੈ।

ਇਤਿਹਾਸ ਨੇ ਸਿੱਖ ਸਿਆਸਤ ਦਾ ਦੌਰ ਉਸ ਮੋੜ 'ਤੇ ਲਿਆ ਖੜ੍ਹਾ ਕੀਤਾ ਹੈ, ਜਿੱਥੋਂ ਇਸ ਨੇ ਆਪਣੇ ਆਪ ਨੂੰ ਮੁੜ ਸੰਭਾਲਣਾ ਹੈ, ਜਾਂ ਫਿਰ ਸਮੇਂ ਦੀ ਬੇਦਰਦੀ ਦਾ ਸ਼ਿਕਾਰ ਹੋਣ ਵੱਲ ਤੁਰ ਜਾਣਾ ਹੈ। ਅਕਾਲੀ ਦਲ ਜੇ ਮੁੜ ਤੰਦਰੁਸਤ ਉਸਾਰੀ ਦੇ ਰਾਹ ਤੁਰਨਾ ਚਹੁੰਦਾ ਹੈ ਤਾਂ ਉਸ ਨੂੰ ਬੇਅਦਬੀਆਂ ਵਾਲੇ ਦੌਰ ਦੀ ਮੁਆਫੀ ਆਪਣੇ ਆਪ ਤੋਂ ਨਹੀਂ, ਅਕਾਲ ਤਖਤ ਦੇ ਸਨਮੁਖ ਹੋ ਕੇ ਮੰਗਣੀ ਚਾਹੀਦੀ ਹੈ। ਇਸ ਦੇ ਨਾਲ ਹੀ ਕੀ ਇਹ ਵੀ ਵਾਪਰ ਸਕਦਾ ਹੈ ਕਿ ਸਿੱਖ ਵਿਸ਼ਵਾਸ ਵਿੱਚ ਆਪਣੀ ਥਾਂ ਬਣਾਈ ਰੱਖ ਲਈ ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਦੀ ਹਮਾਇਤ ਵਿੱਚ ਸੁਖਬੀਰ ਸਿੰਘ ਬਾਦਲ (ਅਕਾਲੀ ਦਲ) ਆਪਣਾ ਉਮੀਦਵਾਰ ਵਾਪਸ ਲੈ ਲਵੇ?

ਸਿੱਖ ਜਜ਼ਬਾਤੀ/ਧਾਰਮਿਕ ਮਸਲਿਆਂ ਦੇ ਚੋਣ ਪ੍ਰਭਾਵਾਂ ਤੋਂ ਇਲਾਵਾ ਦੂਜਾ ਸੱਭ ਤੋਂ ਵੱਡਾ ਮੁੱਦਾ ਕਿਸਾਨ ਸੰਘਰਸ਼ ਦਾ ਹੈ, ਜਿਹੜਾ ਪੰਜਾਬ ਦੇ ਚੋਣ ਅਮਲ ਨੂੰ ਪ੍ਰਭਾਵਿਤ ਕਰ ਰਿਹਾ ਹੈ। ਪਹਿਲੇ ਵੱਡੇ ਕਿਸਾਨ ਸੰਘਰਸ਼ ਤੋਂ ਬਾਅਦ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਵਿੱਚ ਕਈ ਕਿਸਾਨ ਜਥੇਬੰਦੀਆਂ ਨੇ ਚੋਣ ਲੜੀ ਸੀ, ਪਰ ਕਿਸਾਨ ਆਗੂਆਂ ਦੀ ਆਪਣੀ ਹਉਮੈ ਅਤੇ ਪਾਟੋਧਾੜ ਕਾਰਨ ਇਹ ਮੁਹਿੰਮ ਬੁਰੀ ਤਰ੍ਹਾਂ ਅਸਫਲ ਰਹੀ ਸੀ। ਹੁਣ ਦੋ ਕਿਸਾਨ ਜਥੇਬੰਦੀਆਂ ਰਲ ਕੇ ਪੰਜਾਬ-ਹਰਿਆਣਾ ਦੇ ਬਾਰਡਰਾਂ 'ਤੇ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਹੀਆਂ ਹਨ। ਇਸ ਸੰਘਰਸ਼ ਵਿੱਚ ਇੱਕ ਔਰਤ ਸਮੇਤ ਤਕਰੀਬਨ 21 ਕਿਸਾਨਾਂ ਦੀ ਹੁਣ ਤੱਕ ਮੌਤ ਹੋ ਚੁੱਕੀ ਹੈ। ਇਨ੍ਹਾਂ ਵਿੱਚੋਂ ਇੱਕ ਨੌਜੁਆਨ ਸ਼ੁਭਕਰਨ ਦੀ ਮੌਤ ਹਰਿਆਣਾ ਸਰਕਾਰ ਵੱਲੋਂ ਗੋਲੀ ਚਲਾਉਣ ਕਾਰਨ ਹੋਈ। ਇਸ ਤੋਂ ਇਲਾਵਾ ਇੱਕ ਨੌਜੁਆਨ ਨੂੰ ਬੋਰੀ ਵਿੱਚ ਪਾ ਕੇ ਕੁੱਟ ਮਾਰ ਕੀਤੀ ਗਈ। ਘੋਰ ਤਸ਼ੱਦਦ ਦਾ ਭੰਨਿਆ ਇਹ ਨੌਜੁਆਨ ਹਾਲੇ ਵੀ ਬਿਸਤਰੇ 'ਤੇ ਹੈ। ਕੁਝ ਦੀ ਗੈਸ ਦੇ ਗੋਲੇ ਲੱਗਣ ਕਾਰਨ ਨਜ਼ਰ ਵੀ ਚਲੀ ਗਈ ਹੈ। ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਪੰਜਾਬ ਦੇ ਕਿਸਾਨਾਂ ਨਾਲ ਇਹ ਦੁਸ਼ਮਣਾਨਾ ਵਰਤਾਅ ਵੀ ਰਾਜ ਦੇ ਲੋਕਾਂ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕਰ ਰਿਹਾ ਹੈ।

ਪਟਿਆਲਾ ਤੋਂ ਭਾਜਪਾ ਉਮੀਦਵਾਰ ਪ੍ਰਨੀਤ ਕੌਰ ਦਾ ਰਾਜਪੁਰਾ ਨੇੜੇ ਪੈਂਦੇ ਪਿੰਡ ਸਿਹਰਾ ਵਿੱਚ ਵਿਰੋਧ ਕਰ ਰਹੇ ਕਿਸਾਨ ਸੁਰਿੰਦਰ ਪਾਲ ਸਿੰਘ ਦਾ ਮਾਰੇ ਜਾਣਾ ਪੰਜਾਬ ਵਿੱਚ ਭਾਜਪਾ ਦੇ ਪ੍ਰਭਾਵ ਨੂੰ ਇੱਕ ਹੋਰ ਧੱਕਾ ਹੈ। ਕਿਸਾਨ ਜਥੇਬੰਦੀਆਂ ਅਨੁਸਾਰ ਭਾਜਪਾ ਆਗੂ ਹਰਵਿੰਦਰ ਸਿੰਘ ਹਰਪਾਲਪੁਰ ਨੇ ਸੁਰਿੰਦਰਪਾਲ ਸਿੰਘ ਨਾਲ ਧੱਕਾ-ਮੁੱਕੀ ਕੀਤੀ। ਇਸ ਮਾਮਲੇ ਵਿੱਚ ਥਾਣਾ ਖੇੜੀ ਗੰਢਿਆਂ ਪੁਲਿਸ ਨੇ ਧਾਰਾ 304 (ਗੈਰ-ਇਰਾਦਤਨ ਕਤਲ) ਅਧੀਨ ਮੁਕੱਦਮਾ ਵੀ ਦਰਜ ਕਰ ਲਿਆ ਹੈ।

ਕਰੀਬ ਸਾਰੀਆਂ ਹੀ ਕਿਸਾਨ ਜਥੇਬੰਦੀਆਂ ਭਾਜਪਾ ਦਾ ਪੰਜਾਬ ਵਿੱਚ ਵਿਰੋਧ ਕਰ ਰਹੀਆਂ ਹਨ। ਪੰਜਾਬ ਦੇ ਕਿਸਾਨੀ ਤਬਕੇ 'ਚ ਭਾਜਪਾ ਖਿਲਾਫ ਸਮੂਹਿਕ ਜਜ਼ਬਾ ਮੌਜੂਦ ਹੈ। ਇਸ ਸਥਿਤੀ 'ਚ ਭਾਜਪਾ ਗੈਰ-ਕਾਸ਼ਤਕਾਰ ਤਬਕਿਆਂ ਨੂੰ ਕਿਸ ਕੁ ਹੱਦ ਤੱਕ ਆਪਣੇ ਹੱਕ ਵਿੱਚ ਭੁਗਤਾ ਸਕਦੀ ਹੈ, ਪੰਜਾਬ 'ਚ ਉਸਦੀ ਚੋਣ ਮੁਹਿੰਮ ਇਸੇ ਪੱਖ 'ਤੇ ਮੁਨੱਸਰ ਕਰੇਗੀ। ਉਂਝ ਕਿਸਾਨ ਮੁੱਦਿਆਂ 'ਤੇ ਵੀ ਭਾਜਪਾ ਨਰਮ ਪੈਣ ਦਾ ਯਤਨ ਕਰ ਰਹੀ ਹੈ, ਪਰ ਕਿਸਾਨ ਸ਼ਾਇਦ ਉਸ ਨੂੰ ਛੋਟ ਦੇਣ ਲਈ ਤਿਆਰ ਨਹੀਂ ਹਨ। ਇਸ ਸਾਰੀ ਘੜਮੱਸ ਵਿੱਚ ਕਾਂਗਰਸ ਆਪਣੀਆਂ ਪਹਿਲੀਆਂ ਅੱਠ ਸੀਟਾਂ ਦੀ ਗਿਣਤੀ ਹੀ ਬਚਾਅ ਜਾਵੇ ਤਾਂ ਗਨੀਮਤਿ ਹੋਏਗੀ। ਬਸਪਾ ਨੂੰ ਭਾਜਪਾ ਵਾਂਗ ਹੀ ਕੋਈ ਵੱਡੀ ਉਮੀਦ ਨਹੀਂ, ਪਰ ਵੋਟ ਸ਼ੇਅਰ ਕਿੰਨਾ ਹਾਸਲ ਕਰਦੀ ਹੈ, ਇਸ ਨਾਲ ਬਾਕੀ ਸਾਰਿਆਂ ਦੀ ਬੇੜੀ ਵਿੱਚ ਵੱਟੇ ਜ਼ਰੂਰ ਪੈਣਗੇ।


Gagandeep Cheema

FINANCIAL SERVICES PROFESSIONAL

847-340-6692

Services:

Debt Consolidation
Will and Estate Planning
Kids Education Planning
Retirement Planning
Annuities & 401K rollover
Insurance- Life, Disability, Long-Term Care
Funeral Planning



ਸੇਵਾਵਾਂ:

ਕਰਜ਼ੇ ਦੀ ਇਕਸਾਰਤਾ
ਵਸੀਅਤ ਅਤੇ ਜਾਇਦਾਦ ਦੀ ਯੋਜਨਾਬੰਦੀ
ਬੱਚਿਆਂ ਦੀ ਸਿੱਖਿਆ ਦੀ ਯੋਜਨਾਬੰਦੀ
ਸੇਵਾਮੁਕਤੀ ਦੀ ਯੋਜਨਾਬੰਦੀ
ਸਾਲਾਨਾ ਅਤੇ 401ਕੇ ਰੋਲਓਵਰ
ਬੀਮਾ- ਜੀਵਨ, ਅਪਾਹਜਤਾ, ਲੰਬੇ ਸਮੇਂ ਦੀ ਦੇਖਭਾਲ
ਅੰਤਿਮ ਸਸਕਾਰ ਦੀ ਯੋਜਨਾ

GCHEEMAWFG@GMAIL.COM
1699 Wall St., Suite 615, Mount Prospect, IL 60056

Hiring Local & Midwest Drivers and Dedicated Lanes & Owner Operators



NT corp
4800 Vernon Ave, Ste. C, McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ

HT HAMPSHIRE TIRES

ਟਰੱਕਾਂ ਅਤੇ ਟਰਾਲਿਆਂ ਲਈ
ਵਧੀਆ ਕਿਸਮ ਦੇ ਟਾਇਰ
ਲੈਣ ਲਈ ਸੰਪਰਕ ਕਰੋ



*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*

Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਵਿੱਤੀ ਤੇ ਸਿਆਸੀ ਮੁਨਾਫੇ ਬਨਾਮ 'ਅਸੁਰੱਖਿਅਤ ਵੈਕਸੀਨ'

ਐਸਟਰਾਜ਼ੈਨੇਕਾ (ਏਜ਼ੀ) ਬਰਤਾਨੀਆ ਦੀ ਇੱਕ ਪ੍ਰਮੁੱਖ ਦਵਾ ਕੰਪਨੀ ਹੈ, ਜਿਸ ਨੇ ਹੁਣ ਇਹ ਕਬੂਲ ਕੀਤਾ ਹੈ ਕਿ ਉਸ ਵੱਲੋਂ ਕੋਵਿਡ-19 ਦੀ ਬਣਾਈ ਗਈ ਵੈਕਸੀਨ ਦੇ 'ਕੁਝ ਖ਼ਾਸ ਸੂਰਤਾਂ' ਵਿੱਚ ਉਲਟ ਅਸਰ ਹੋ ਸਕਦੇ ਹਨ। ਲੰਡਨ ਵਿੱਚ ਹਾਈਕੋਰਟ ਆਫ ਜਸਟਿਸ ਵਿੱਚ ਇੱਕ ਕੇਸ ਦੀ ਸੁਣਵਾਈ ਦੌਰਾਨ ਇਹ ਖ਼ੁਲਾਸਾ ਹੋਇਆ ਹੈ। ਇਕਵੰਜਾ ਪਟੀਸ਼ਨਰਾਂ ਨੇ ਦੋਸ਼ ਲਾਇਆ ਸੀ ਕਿ 'ਏਜ਼ੀ' ਦੀ ਵੈਕਸੀਨ ਲਗਵਾਉਣ ਤੋਂ ਬਾਅਦ ਉਨ੍ਹਾਂ ਦੇ ਪਰਿਵਾਰਕ ਜੀਆਂ ਅਤੇ ਮਿੱਤਰ ਪਿਆਰਿਆਂ ਨੂੰ ਟੀ.ਟੀ.ਐੱਸ. (ਥਰੌਂਬੋਸਿਸ ਵਿਦ ਥਰੌਂਬੋਸਾਇਟੋਪੇਨੀਆ ਸਿੰਡਰੋਮ) ਦੇ ਅਸਰ ਹੋਏ ਸਨ। ਇਸ ਸਿੰਡਰੋਮ ਤਹਿਤ ਮਰੀਜ਼ਾਂ ਵਿੱਚ ਖ਼ੂਨ ਦੇ ਥੱਕੇ ਬਣਨ ਜਾਂ ਖ਼ੂਨ ਦੇ ਪਲੇਟਲੈਟਸ ਬਹੁਤ ਜ਼ਿਆਦਾ ਘਟਣ ਦੇ ਲੱਛਣ ਦਿਖਾਈ ਦਿੰਦੇ ਹਨ; ਇਸ ਨਾਲ ਜਾਨ ਲਈ ਖ਼ਤਰਾ ਬਣਨ ਵਾਲੇ ਲੱਛਣਾਂ ਵਿੱਚ ਬ੍ਰੇਨ ਡੈਮੇਜ, ਦਿਲ ਦਾ ਦੌਰਾ, ਫੇਫੜਿਆਂ ਦੀ ਸੋਜ਼ਿਸ਼ ਅਤੇ ਅੰਗ ਖੜ੍ਹਨਾ ਆਦਿ ਸ਼ਾਮਲ ਹਨ। ਪਟੀਸ਼ਨਰਾਂ ਨੇ ਬਰਤਾਨੀਆ ਦੇ ਖ਼ਪਤਕਾਰ ਸੁਰੱਖਿਆ ਕਾਨੂੰਨ ਤਹਿਤ ਕੰਪਨੀ ਤੋਂ ਹਰਜਾਨੇ ਦੀ ਮੰਗ ਕੀਤੀ ਹੈ ਅਤੇ ਪਤਾ ਲੱਗਿਆ ਹੈ ਕਿ ਉਨ੍ਹਾਂ ਅਜਿਹੇ ਸਬੂਤ ਹਾਸਲ ਕਰ ਲਏ ਹਨ, ਜਿਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ ਇਸ ਵੈਕਸੀਨ ਕਰ ਕੇ ਉਨ੍ਹਾਂ ਦੇ ਰਿਸ਼ਤੇਦਾਰਾਂ/ਸਨੇਹੀਆਂ ਦੀ ਜਾਨ ਗਈ ਸੀ ਜਾਂ ਉਨ੍ਹਾਂ ਦਾ ਨੁਕਸਾਨ ਹੋਇਆ ਸੀ।

ਇਹ ਕੇਸ ਭਾਰਤ ਲਈ ਵੀ ਬਹੁਤ ਅਹਿਮੀਅਤ ਰੱਖਦਾ ਹੈ, ਕਿਉਂਕਿ ਭਾਰਤ ਵਿੱਚ ਪੁਣੇ ਦੀ ਕੰਪਨੀ ਸੀਰਮ ਇੰਸਟੀਚਿਊਟ ਆਫ ਇੰਡੀਆ ਨੇ ਐਸਟਰਾਜ਼ੈਨੇਕਾ ਨਾਲ ਮਿਲ ਕੇ ਕੋਵਿਡ-19 ਲਈ ਕੋਵੀਸ਼ੀਲਡ ਵੈਕਸੀਨ ਤਿਆਰ ਕੀਤੀ ਸੀ। ਕੋਵਿਡ ਕਾਲ ਦੌਰਾਨ ਭਾਰਤ ਵਿੱਚ ਕਰੀਬ 90 ਫ਼ੀਸਦੀ ਤੋਂ ਵੱਧ ਲੋਕਾਂ ਨੂੰ ਵੈਕਸੀਨ ਲਗਾਈ ਗਈ ਸੀ। ਹਾਲਾਂਕਿ 'ਏਜ਼ੀ' ਨੇ ਆਖਿਆ ਸੀ ਕਿ ਉਸ ਲਈ ਮਰੀਜ਼ਾਂ ਦੀ ਸੁਰੱਖਿਆ ਸਭ ਤੋਂ ਉਪਰ ਹੈ, ਪਰ ਭਾਰਤ ਦੇ ਲੋਕਾਂ ਅੰਦਰ ਵੀ ਕੋਵੀਸ਼ੀਲਡ ਵੈਕਸੀਨ ਨੂੰ ਲੈ ਕੇ ਜੋ ਸ਼ੱਕ ਸ਼ੁਬਹੇ ਪੈਦਾ ਹੋਏ ਹਨ, ਉਨ੍ਹਾਂ ਦੀ ਪੂਰੀ ਜਾਂਚ ਕਰਵਾਏ ਜਾਣ ਦੀ ਲੋੜ ਹੈ। ਇਹ ਇਸ ਲਈ ਵੀ ਜ਼ਰੂਰੀ ਹੈ, ਕਿਉਂਕਿ ਇਹ ਮਾਮਲਾ ਸੁਪਰੀਮ ਕੋਰਟ ਤੱਕ ਪਹੁੰਚ ਗਿਆ ਸੀ, ਜਿੱਥੇ ਇੱਕ ਪਟੀਸ਼ਨਰ ਨੇ ਵੈਕਸੀਨ ਦੇ ਉਲਟ ਅਸਰਾਂ ਦੀ ਜਾਂਚ ਲਈ ਮੈਡੀਕਲ ਮਾਹਿਰਾਂ ਦੀ ਇੱਕ ਕਮੇਟੀ ਕਾਇਮ ਕਰਨ ਬਾਬਤ ਨਿਰਦੇਸ਼ ਜਾਰੀ ਕਰਨ ਦੀ ਅਪੀਲ ਕੀਤੀ ਸੀ। ਅਦਾਲਤ ਨੂੰ ਇਹ ਬੇਨਤੀ ਵੀ ਕੀਤੀ ਗਈ ਸੀ ਕਿ ਉਹ ਕੇਂਦਰ ਨੂੰ ਵੈਕਸੀਨ ਦੇ ਨੁਕਸਾਨ ਦੀ ਭਰਪਾਈ ਲਈ ਇੱਕ ਅਜਿਹਾ ਸਿਸਟਮ ਕਾਇਮ ਕਰਨ ਦਾ ਹੁਕਮ ਦੇਵੇ, ਜੋ ਕੋਵਿਡ ਵੈਕਸੀਨ ਕਾਰਨ ਅਪੰਗ ਹੋਏ ਜਾਂ ਮਾਰੇ ਗਏ ਲੋਕਾਂ ਦੇ ਵਾਰਸਾਂ ਨੂੰ ਮੁਆਵਜ਼ੇ ਦੀ ਅਦਾਇਗੀ ਕਰ ਸਕੇ।

ਬੇਸ਼ੱਕ ਕੋਵਿਡ ਮਹਾਮਾਰੀ ਦੇ ਦਿਨਾਂ ਵਿੱਚ ਵੈਕਸੀਨ ਦੇ ਕਾਫ਼ੀ ਫਾਇਦੇ ਵੀ ਹੋਏ ਸਨ, ਪਰ ਇਸ ਦੇ ਉਲਟ ਅਸਰ ਬਾਰੇ ਜੋ ਸ਼ੰਕੇ ਉਠ ਰਹੇ ਹਨ, ਉਨ੍ਹਾਂ ਕਰ ਕੇ ਇਸ ਦੀ ਸੁਰੱਖਿਆ 'ਤੇ ਵੱਡਾ ਸੁਆਲੀਆ ਨਿਸ਼ਾਨ ਲੱਗ ਗਿਆ ਹੈ। ਇਸ ਦੇ ਨਾਲ ਹੀ ਰੈਗੂਲੇਟਰੀ ਸੰਸਥਾਵਾਂ ਦੀ ਭੂਮਿਕਾ ਵੀ ਸੁਆਲਾਂ ਦੇ ਘੇਰੇ ਵਿੱਚ ਆ ਗਈ ਹੈ, ਜਿਨ੍ਹਾਂ ਦਾ ਜ਼ਿੰਮਾ ਹਰ ਤਰ੍ਹਾਂ ਦੀਆਂ ਦਵਾਈਆਂ ਅਤੇ ਵੈਕਸੀਨਾਂ ਦੀ ਸੁਰੱਖਿਅਤ ਵਰਤੋਂ ਯਕੀਨੀ ਬਣਾਉਣਾ ਹੁੰਦਾ ਹੈ। ਕੋਵਿਡ ਦੀ ਵੈਕਸੀਨ ਲਗਵਾਉਣ ਲਈ ਇੱਕ ਤਰ੍ਹਾਂ ਲੋਕਾਂ ਨੂੰ ਮਜਬੂਰ ਕਰ ਦਿੱਤਾ ਗਿਆ ਸੀ। ਆਸ ਕੀਤੀ ਜਾਣੀ ਚਾਹੀਦੀ ਹੈ ਕਿ ਇਸ ਮਾਮਲੇ ਦੀ ਗਹਿਰਾਈ ਨਾਲ ਜਾਂਚ ਕੀਤੀ ਜਾਵੇਗੀ ਅਤੇ ਨਾਲ ਹੀ ਜਵਾਬਦੇਹੀ ਨਿਰਧਾਰਤ ਕੀਤੀ ਜਾਵੇਗੀ ਤਾਂ ਕਿ ਅਗਾਂਹ ਤੋਂ ਇਸ ਸਬੰਧ ਵਿੱਚ ਵਧੇਰੇ ਪਾਰਦਰਸ਼ਤਾ ਹੋ ਸਕੇ।






## ਕੋਵਿਸ਼ੀਲਡ 'ਤੇ ਹਾਹਾਕਾਰ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹਲਕੇ ਵਾਰਾਣਸੀ ਵਿੱਚ ਇਨ੍ਹੀਂ ਦਿਨੀਂ ਕੋਵਿਸ਼ੀਲਡ ਵੈਕਸੀਨ ਕਾਰਨ ਹਾਹਾਕਾਰ ਮਚੀ ਹੋਈ ਹੈ। ਇਸ ਦਾ ਕਾਰਨ ਇੱਕ ਵੀਡੀਓ ਹੈ, ਜਿਸ ਨੇ ਪੂਰਵਾਂਚਲ ਦੇ ਲੋਕਾਂ ਦੀਆਂ ਧੜਕਣਾਂ ਤੇਜ਼ ਕਰ ਦਿੱਤੀਆਂ ਹਨ। ਵਾਰਾਣਸੀ ਦੇ ਪੀਅਰੀ ਇਲਾਕੇ ਦਾ ਇੱਕ ਨੌਜਵਾਨ ਬੀਤੇ ਦਿਨੀਂ ਜਿੰਮ ਵਿੱਚ ਕਸਰਤ ਕਰਦਿਆਂ ਇੱਕਦਮ ਡਿੱਗ ਕੇ ਤੜਫਣ ਲੱਗਾ ਤੇ ਕੁਝ ਸਮੇਂ ਬਾਅਦ ਉਸ ਦੀ ਮੌਤ ਹੋ ਗਈ। ਹਾਰਟ ਅਟੈਕ ਨਾਲ ਜਾਨ ਗੁਆਉਣ ਵਾਲੇ ਦੀਪਕ ਦੇ ਭਰਾ ਦਿਲੀਪ ਗੁਪਤਾ ਦਾ ਕਹਿਣਾ ਹੈ, 'ਮੇਰਾ ਭਰਾ ਪਿਛਲੇ 10 ਸਾਲਾਂ ਤੋਂ ਰੋਜ਼ ਜਿੰਮ ਵਿੱਚ ਕਸਰਤ ਕਰਦਾ ਸੀ। ਉਸ ਨੂੰ ਕੋਈ ਬਿਮਾਰੀ ਨਹੀਂ ਸੀ। ਉਸ ਨੇ ਕੋਰੋਨਾ ਸਮੇਂ ਕੋਵਿਸ਼ੀਲਡ ਦਾ ਟੀਕਾ ਲਗਾਇਆ ਸੀ।'

ਇਸ ਘਟਨਾ ਤੋਂ ਕਾਫ਼ੀ ਸਮਾਂ ਪਹਿਲਾਂ ਵਾਰਾਣਸੀ ਦੇ ਹੀ ਪਿਪਲਾਨੀ ਕਟਰਾ ਨਿਵਾਸੀ ਮਨੋਜ ਵਿਸ਼ਵਕਰਮਾ ਆਪਣੇ ਭਤੀਜੇ ਦੀ ਸ਼ਾਦੀ ਵਿੱਚ ਡਾਂਸ ਕਰ ਰਹੇ ਸਨ। ਅਚਾਨਕ ਉਹ ਡਿੱਗ ਪਏ ਤੇ ਉਨ੍ਹਾਂ ਦੀ ਮੌਤ ਹੋ ਗਈ। ਇਸੇ ਤਰ੍ਹਾਂ ਦੀ ਘਟਨਾ ਅਯੁੱਧਿਆ ਵਿੱਚ ਹੋਈ, ਜਿੱਥੇ ਇੱਕ ਨੌਜਵਾਨ 'ਖਾਈਕੇ ਪਾਨ ਬਨਾਰਸ ਵਾਲਾ' ਗਾਣੇ ਉਤੇ ਡਾਂਸ ਕਰ ਰਿਹਾ ਸੀ। ਆਸ-ਪਾਸ ਖੜ੍ਹੇ ਬੱਚੇ, ਨੌਜਵਾਨ ਤੇ ਔਰਤਾਂ ਤਾੜੀਆਂ ਮਾਰ ਰਹੀਆਂ ਸਨ। ਇਸੇ ਦੌਰਾਨ ਅਚਾਨਕ ਨੌਜਵਾਨ ਡਿੱਗ ਪੈਂਦਾ ਹੈ। ਉਸ ਨੂੰ ਤੁਰੰਤ ਹਸਪਤਾਲ ਲੈ ਕੇ ਜਾਂਦੇ ਹਨ। ਡਾਕਟਰਾਂ ਮੁਤਾਬਕ ਉਹ ਮਰ ਚੁੱਕਾ ਸੀ। ਜਿੰਮ ਦੇ ਟਰੈੱਡਮਿਲ ਉੱਤੇ ਦੌੜ ਰਹੇ ਪ੍ਰਸਿੱਧ ਕਮੇਡੀਅਨ ਰਾਜੂ ਸ੍ਰੀਵਾਸਤਵ ਦੀ ਅਚਾਨਕ ਮੌਤ ਦੀ ਘਟਨਾ ਉਤਰ ਭਾਰਤ ਦੇ ਲੋਕ ਦੁਬਾਰਾ ਯਾਦ ਕਰ ਰਹੇ ਹਨ। ਰਾਜੂ ਦੇ ਵੀ ਸੀਨੇ 'ਚ ਦਰਦ ਹੋਇਆ ਸੀ ਤੇ ਉਸ ਦੀ ਡਿੱਗਦਿਆਂ ਸਾਰ ਮੌਤ ਹੋ ਗਈ ਸੀ। ਇਸੇ ਤਰ੍ਹਾਂ ਕੰਨੜ ਫਿਲਮੀ ਕਲਾਕਾਰ ਪੁਨੀਤ ਰਾਜਕੁਮਾਰ ਵੀ ਜਿੰਮ ਵਿੱਚ ਕਸਰਤ ਕਰ ਰਿਹਾ ਸੀ। ਅਚਾਨਕ ਦਿਲ ਦਾ ਦੌਰਾ ਪਿਆ ਤੇ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਉਸ ਦੀ ਮੌਤ ਹੋ ਗਈ।

ਵਾਰਾਣਸੀ ਤੋਂ ਮੋਦੀ ਵਿਰੁੱਧ ਚੋਣ ਲੜ ਰਹੇ ਅਜੈ ਰਾਏ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ, 'ਪ੍ਰਧਾਨ ਮੰਤਰੀ ਮੋਦੀ ਨੇ 52 ਕਰੋੜ ਚੋਣ ਚੰਦਾ ਲੈ ਕੇ ਦੇਸ਼ ਦੇ 40 ਕਰੋੜ ਲੋਕਾਂ ਦੀਆਂ ਜ਼ਿੰਦਗੀਆਂ ਦਾ ਸੌਦਾ ਕੀਤਾ ਹੈ। ਕੰਪਨੀ ਨੇ ਸਾਫ਼ ਮੰਨਿਆ ਹੈ ਕਿ ਉਨ੍ਹਾਂ ਦੀ ਵੈਕਸੀਨ ਦੇ ਸਾਈਡ ਇਫੈਕਟ ਨਾਲ ਹਾਰਟ ਅਟੈਕ ਤੇ ਬ੍ਰੇਨ ਸਟ੍ਰੋਕ ਹੋ ਸਕਦਾ ਹੈ। ਭਾਜਪਾ ਸਰਕਾਰ ਨੇ ਲੋਕਾਂ ਨੂੰ ਟੀਕਾ ਲਵਾਉਣ ਲਈ ਮਜਬੂਰ ਕੀਤਾ। ਮੋਦੀ ਨੇ ਕੰਪਨੀ ਦੇ ਬ੍ਰਾਂਡ ਅੰਬੈਸਡਰ ਦੀ ਤਰ੍ਹਾਂ ਪ੍ਰਚਾਰ ਕੀਤਾ। ਕੀ ਇਹੋ ਮੋਦੀ ਦੀ ਗਾਰੰਟੀ ਹੈ?'

ਅਜੈ ਰਾਏ ਇਹ ਵੀ ਕਹਿੰਦੇ ਹਨ, 'ਮੋਦੀ ਸਰਕਾਰ ਨੇ ਕੋਰੋਨਾ ਤੋਂ ਬਾਅਦ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਕੋਵਿਸ਼ੀਲਡ ਦੇ ਨਾਂ ਉੱਤੇ ਵੋਟ ਮੰਗਿਆ ਸੀ। ਭਾਜਪਾ ਪ੍ਰਧਾਨ ਜੇ.ਪੀ. ਨੱਢਾ ਕਹਿੰਦੇ ਸਨ ਕਿ ਮੋਦੀ ਨੇ ਕੋਵਿਸ਼ੀਲਡ ਲਿਆ ਕੇ ਜਨਤਾ ਦੀ ਜਾਨ ਬਚਾਈ ਹੈ।'

ਇਸੇ ਦੌਰਾਨ ਕਾਸ਼ੀ ਹਿੰਦੂ ਯੂਨੀਵਰਸਿਟੀ ਦੇ ਦਿਲ ਦੇ ਰੋਗ ਵਿਭਾਗ ਦੇ ਪ੍ਰੋਫ਼ੈਸਰ ਓਮ ਸ਼ੰਕਰ ਨੇ ਕਿਹਾ ਹੈ, 'ਕੋਰੋਨਾ ਵਾਂਗ ਹੀ ਹੁਣ ਨਵੇਂ ਦੌਰ ਦਾ ਹਾਰਟ ਅਟੈਕ ਲੋਕਾਂ ਦੀ ਜਾਨ ਲੈ ਰਿਹਾ ਹੈ। ਮੈਂ ਸ਼ੁਰੂ ਤੋਂ ਹੀ ਕੋਵਿਸ਼ੀਲਡ ਲਵਾਉਣ ਦਾ ਵਿਰੋਧ ਕਰ ਰਿਹਾ ਹਾਂ। ਮੈਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਇਹ ਵੈਕਸੀਨ ਸੁਰੱਖਿਅਤ ਨਹੀਂ ਹੈ। ਮੈਂ ਇਸ ਦੀ ਇੱਕ ਵੀ ਡੋਜ਼ ਨਹੀਂ ਲਈ। ਭਾਰਤ ਦੇ 67.18 ਫ਼ੀਸਦੀ ਲੋਕਾਂ ਨੇ ਇਸ ਦੀਆਂ ਪੂਰੀਆਂ ਖ਼ੁਰਾਕਾਂ ਲੈ ਰੱਖੀਆਂ ਹਨ। ਇਨ੍ਹਾਂ ਸਭ ਲੋਕਾਂ ਦਾ ਜੀਵਨ ਖਤਰੇ 'ਚ ਹੈ।'

ਓਮ ਸ਼ੰਕਰ ਕਹਿੰਦੇ ਹਨ, 'ਕੋਵਿਸ਼ੀਲਡ ਕੋਰੋਨਾ ਰੋਕਣ ਵਿੱਚ ਕਿੰਨੀ ਕਾਰਗਰ ਹੋਈ, ਇਸ ਦਾ ਵੀ ਕੋਈ ਸਬੂਤ ਨਹੀਂ। ਜਦੋਂ ਕਿ ਇਸ ਦੇ ਸਾਈਡ ਇਫੈਕਟ ਨਾਲ ਹੋਣ ਵਾਲੀਆਂ ਮੌਤਾਂ ਚਿੰਤਾ ਦਾ ਵਿਸ਼ਾ ਹਨ।' ਉਨ੍ਹਾਂ ਕਿਹਾ, 'ਮੈਂ ਸੋਸ਼ਲ ਮੀਡੀਆ 'ਤੇ ਓ.ਪੀ.ਡੀ. ਮਰੀਜ਼ਾਂ ਨੂੰ ਲਗਾਤਾਰ ਸਲਾਹ ਦਿੰਦਾ ਰਿਹਾ ਕਿ ਉਹ ਵੈਕਸੀਨ ਨਾ ਲਵਾਉਣ। ਉਸ ਸਮੇਂ ਬੀ.ਐੱਚ.ਯੂ. ਦੇ ਸਭ ਡਾਕਟਰਾਂ ਨੇ ਮੇਰੇ ਖਿਲਾਫ਼ ਆਵਾਜ਼ ਉਠਾਉਣੀ ਸ਼ੁਰੂ ਕਰ ਦਿੱਤੀ। ਕੋਈ ਮੈਨੂੰ ਪਾਗਲ ਤੇ ਕੋਈ ਨੇਤਾ ਕਹਿ ਕੇ ਚਿੜਾ ਰਿਹਾ ਸੀ। ਕੁਝ ਨੇ ਤਾਂ ਮੈਨੂੰ ਦੇਸ਼ਧ੍ਰੋਹੀ ਕਰਾਰ ਦੇ ਦਿੱਤਾ ਸੀ। ਜਨਤਾ ਉਤੇ ਵੈਕਸੀਨ ਮੜ੍ਹਨਾ ਸੰਗੀਨ ਜੁਰਮ ਹੈ। ਅਸਲੀਅਤ ਹੈ ਕਿ 70 ਫ਼ੀਸਦੀ ਲੋਕ ਤਾਂ ਕੋਰੋਨਾ ਤੋਂ ਖ਼ੁਦ ਹੀ ਮੁਕਤ ਹੋ ਗਏ ਸਨ।'

ਇਸੇ ਦੌਰਾਨ ਲੋਕ ਇਸ ਗੱਲ ਨੂੰ ਲੈ ਕੇ ਵੀ ਪ੍ਰਧਾਨ ਮੰਤਰੀ ਉੱਤੇ ਹਮਲੇ ਕਰ ਰਹੇ ਹਨ ਕਿ ਉਨ੍ਹਾਂ ਖ਼ੁਦ ਕੋਵਿਸ਼ੀਲਡ ਦਾ ਟੀਕਾ ਨਹੀਂ ਲਵਾਇਆ ਸੀ।



# ਗੁਰਮਤਿ ਸਕੂਲ ਦੇ ਬੱਚਿਆਂ ਵੱਲੋਂ ਵਿਸਾਖੀ ਨੂੰ ਸਮਰਪਿਤ ਸਮਾਗਮ

ਕੁਲਜੀਤ ਦਿਆਲਪੁਰੀ






**ਸ਼ਿਕਾਗੋ:** ਬੱਚਿਆਂ ਨੂੰ ਵਿਸਾਖੀ ਦੀ ਇਤਿਹਾਸਕ ਮਹੱਤਤਾ ਦ੍ਰਿੜ ਕਰਵਾਉਣ ਅਤੇ ਅਕੀਦੇ ਤੇ ਵਿਰਾਸਤ ਨਾਲ ਜੋੜਨ ਦੇ ਮਕਸਦ ਲਈ ਗੁਰਦੁਆਰਾ ਪੈਲਾਟਾਈਨ ਦੇ ਗੁਰਮਤਿ ਸਕੂਲ ਵੱਲੋਂ ਵਿਸਾਖੀ ਨੂੰ ਸਮਰਪਿਤ ਇੱਕ ਧਾਰਮਿਕ ਸਮਾਗਮ ਕੀਤਾ ਗਿਆ, ਜਿਸ ਦੌਰਾਨ ਸਕੂਲ ਦੇ ਵੱਖ-ਵੱਖ ਲੈਵਲਾਂ ਦੇ ਬੱਚਿਆਂ ਨੇ ਗੁਰਬਾਣੀ ਸ਼ਬਦ ਦਾ ਗਾਇਨ ਕਰਨ ਸਮੇਤ ਵਿਸਾਖੀ ਸਬੰਧੀ ਤਕਰੀਰਾਂ ਕਰ ਕੇ ਅਤੇ ਕਵਿਤਾਵਾਂ, ਕਵੀਸ਼ਰੀ ਪੇਸ਼ ਕਰ ਕੇ ਆਪਣੀ ਪ੍ਰਤਿਭਾ ਦਾ ਪ੍ਰਗਟਾਵਾ ਕੀਤਾ।

ਦੀਵਾਨ ਹਾਲ ਵਿੱਚ ਸੰਗਤ ਦੇ ਰੂਬਰੂ ਵਿਸਾਖੀ ਸਮਾਗਮ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਪ੍ਰਤੀ ਬੱਚਿਆਂ ਵਿੱਚ ਕਾਫੀ ਉਤਸ਼ਾਹ ਸੀ। ਸਾਰੇ ਸਮਾਗਮ ਦਾ ਪਰਵਾਹ ਬੱਚਿਆਂ ਨੇ ਖੁਦ ਚਲਾਇਆ। ਸ਼ਬਦ ਕੀਰਤਨ ਦੌਰਾਨ ਬੱਚਿਆਂ ਨੇ ਤਬਲਾ ਤੇ ਹਾਰਮੋਨੀਅਮ ਵਜਾਉਣ ਦੀ ਸੇਵਾ ਵੀ ਆਪ ਹੀ ਨਿਭਾਈ। ਕੁਝ ਬੱਚਿਆਂ ਨੇ ਸਾਜ਼ ਦਿਲਰੁਬਾ ਦੇ ਨਾਲ ਨਾਲ ਤਬਲਿਆਂ ਦੀ ਸੁਰਤਾਲ ਵਿੱਚ ਸ਼ਬਦ ਕੀਰਤਨ ਦਾ ਬਾਖੂਬੀ ਗਾਇਨ ਕੀਤਾ। ਕੁਝ ਬੱਚੇ ਸਟੇਜ 'ਤੇ ਥੋੜ੍ਹਾ















ਝਾਕਾ ਮਹਿਸੂਸ ਕਰ ਰਹੇ ਸਨ, ਜਦਕਿ ਕੁਝ ਬੱਚੇ ਅਜਿਹੇ ਵੀ ਸਨ ਜਿਨ੍ਹਾਂ ਨੇ ਬੜੇ ਸੁਚੱਜੇ ਢੰਗ ਨਾਲ ਵਿਸਾਖੀ ਨਾਲ ਸਬੰਧਤ ਧਾਰਮਿਕ ਵਿਚਾਰ ਪੇਸ਼ ਕੀਤੇ। ਸਕੂਲ ਅਧਿਆਪਕਾਂ, ਪ੍ਰਬੰਧਕਾਂ ਤੇ ਮਾਪਿਆਂ ਦਾ ਉਨ੍ਹਾਂ ਨੂੰ ਪੂਰਨ ਸਹਿਯੋਗ ਸੀ।

ਬੱਚਿਆਂ ਨੇ ਉਚੇਚਾ ਪੀਲੀਆਂ ਚੁੰਨੀਆਂ, ਕੇਸਕੀਆਂ ਤੇ ਦਸਤਾਰਾਂ ਅਤੇ ਸਾਦੇ ਚਿੱਟੇ ਸੂਟ ਤੇ ਚਿੱਟੇ ਕੁੜਤੇ-ਪਜਾਮੇ ਪਾਏ ਹੋਏ ਸਨ। ਦੀਵਾਨ ਹਾਲ ਵਿੱਚ ਜੁੜ ਬੈਠੇ ਬੱਚੇ ਇਸ ਤਰ੍ਹਾਂ ਲੱਗ ਰਹੇ ਸਨ, ਜਿਵੇਂ ਕਿਆਰੀ ਵਿੱਚ ਸਰੋਂ ਦੇ ਫੁੱਲ ਖਿੜੇ ਹੋਣ। ਕੁਝ ਅੰਮ੍ਰਿਤਧਾਰੀ ਬੱਚੇ ਨੀਲਾ ਬਾਣਾ ਪਾ ਕੇ ਆਏ ਹੋਏ ਸਨ।

ਦੀਵਾਨ ਹਾਲ ਵਿੱਚ ਜਾਣ ਤੋਂ ਪਹਿਲਾਂ ਬੱਚੇ ਸਕੂਲ ਅਹਾਤੇ ਵਿੱਚ ਇਕੱਤਰ ਹੋਏ ਅਤੇ ਸਕੂਲ ਪ੍ਰਬੰਧਕਾਂ ਵੱਲੋਂ ਦਿੱਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਿਸਾਖੀ ਨਾਲ ਸਬੰਧਤ ਬੈਨਰ ਤੇ ਝੰਡੇ ਫੜ੍ਹ ਕੇ ਕਤਾਰਾਂ ਵਿੱਚ ਦੀਵਾਨ ਹਾਲ ਵਿੱਚ ਪਹੁੰਚੇ। ਉਹ ਵਾਰੋ ਵਾਰੀ ਗੁਰੂ ਗ੍ਰੰਥ ਸਾਹਿਬ ਨੂੰ ਨਤਮਸਤਕ ਹੋ ਕੇ ਸਟੇਜ ਲਾਗੇ ਬੈਠ ਗਏ ਅਤੇ ਮਿੱਥੇ ਪ੍ਰੋਗਰਾਮ ਮੁਤਾਬਕ ਉਨ੍ਹਾਂ ਦੀਵਾਨ ਹਾਲ ਦੀ ਕਾਰਵਾਈ ਚਲਾਈ। ਬੱਚਿਆਂ ਨੇ ਵਾਰੋ ਵਾਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਕੇ ਚੌਰ ਦੀ ਸੇਵਾ ਵੀ ਨਿਭਾਈ।

'ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ', 'ਖਾਲਸਾ ਮੇਰੋ ਰੂਪ ਹੈ ਖਾਸ', 'ਚਰਨ ਚਲੋ ਮਾਰਗ ਗੋਬਿੰਦ', 'ਮਿਲ ਪੀਵਹੁ ਭਾਈ ਅੰਮ੍ਰਿਤ ਨਾਮ ਨਿਧਾਨ ਹੈ', 'ਦੀਨ ਦਿਆਲ ਭਰੋਸੇ ਤੇਰੇ', 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ' ਦਾ ਕੀਰਤਨ ਕਰਨ ਤੋਂ ਇਲਾਵਾ ਬੱਚਿਆਂ ਦੇ ਇੱਕ ਗਰੁੱਪ ਨੇ ਜਪੁਜੀ ਸਾਹਿਬ ਦੀਆਂ ਕੁਝ ਪਉੜੀਆਂ ਦਾ ਪਾਠ ਵੀ ਕੀਤਾ। ਬੱਚਿਆਂ ਦੇ ਇੱਕ ਜਥੇ ਵਿੱਚ ਕੀਰਤਨ ਦੌਰਾਨ ਪੰਜ ਤਬਲਾਵਾਦਕ ਬੱਚਿਆਂ ਵੱਲੋਂ ਇੱਕ ਤਾਲ ਵਿੱਚ ਤਬਲਾ ਵਜਾ ਕੇ ਅਤੇ ਦੋ ਬੱਚਿਆਂ ਵੱਲੋਂ ਹਾਰਮੋਨੀਅਮ ਦੀਆਂ ਸੁਰਾਂ 'ਤੇ 'ਵਾਹਿਗੁਰੂ' ਦਾ ਜਾਪ ਕੀਤਾ ਗਿਆ। ਬੱਚਿਆਂ ਦੀ ਇੱਕ ਟੋਲੀ ਨੇ 'ਚਾਅ ਚੜ੍ਹਦਾ ਸਿੰਘਾਂ ਨੂੰ, ਆਉਂਦੀ ਸਾਲ ਦੇ ਬਾਅਦ ਵਿਸਾਖੀ' ਕੋਰਸ-ਗੀਤ ਵਿਲੱਖਣ ਅੰਦਾਜ਼ ਵਿੱਚ ਪੇਸ਼ ਕੀਤਾ, ਜਦਕਿ ਹੋਰ ਬੱਚਿਆਂ ਨੇ 'ਬੰਦਗੀ ਦੀ ਦਾਤ ਝੋਲੀ ਪਾ ਦਿਓ, ਰੱਖਿਓ ਨਿਮਾਣਿਆਂ ਦਾ ਮਾਣ', 'ਸਿੱਖੀ ਦਾ ਬੂਟਾ ਲਾਇਆ ਕਲਗੀਆਂ ਵਾਲੇ ਨੇ' ਪੇਸ਼ ਕੀਤਾ। ਬੱਚਿਆਂ ਦੀ ਮਿਹਨਤ ਉਤੇ ਸੰਗਤ ਮੈਂਬਰ ਹੈਰਾਨ ਸਨ।

ਸਿੱਖੀ ਬਾਣੇ ਵਿੱਚ ਸਜੀਆਂ ਤਿੰਨ ਬੱਚੀਆਂ ਕਹਿ ਰਹੀਆਂ ਸਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ ਕੇ ਸਾਨੂੰ ਸਿੰਘ-ਸਿੰਘਣੀਆਂ ਬਣਾਇਆ। ਫਿਰ ਉਨ੍ਹਾਂ 'ਖੰਡੇ ਦੀ ਧਾਰ ਵਿੱਚੋਂ ਸਾਜਿਆ ਸਤਿਗੁਰ ਪੰਥ ਨਿਆਰਾ' ਕਵੀਸ਼ਰੀ ਪੇਸ਼ ਕੀਤੀ। ਬੱਚਿਆਂ ਨੇ 'ਖਾਲਸਾ' ਦਾ ਅਰਥ ਦੱਸਦਿਆਂ ਸੰਗਤ ਨੂੰ ਆਪਣੇ ਜੀਵਨ ਵਿੱਚ ਖਾਲਸ ਹੋਣ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਖਾਲਸਾ ਅੱਜ ਵੀ ਸਮਾਜ ਨੂੰ ਸਮਰਪਿਤ ਹੈ। ਇਸ ਤੋਂ ਇਲਾਵਾ ਬੱਚਿਆਂ ਨੇ ਗੁਰਬਾਣੀ ਦੀਆਂ ਪੰਕਤੀਆਂ ਦੀ ਵਿਆਖਿਆ ਕਰਦਿਆਂ ਨਾਮ ਸਿਮਰਨ ਦਾ ਵੀ ਸੁਨੇਹਾ ਦਿੱਤਾ। ਸਿੱਖ ਬਣਨ ਦੇ ਵਿਧੀ-ਵਿਧਾਨ ਬਾਰੇ ਵੀ ਦੱਸਿਆ ਗਿਆ।

ਇੱਕ ਬੱਚੇ ਨੇ ਸ਼ਿਵ ਕੁਮਾਰ ਬਟਾਲਵੀ ਦੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ ਇੱਕ ਕਵਿਤਾ ਦਾ ਪਾਠ ਵੀ ਕੀਤਾ, ਜਿਸ ਵਿੱਚ ਜ਼ਿਕਰ ਸੀ, 'ਮੈਂ ਕਿਸ ਹੰਝੂ ਦਾ ਦੀਵਾ ਬਾਲ ਕੇ ਤੇਰੀ ਆਰਤੀ ਗਾਵਾਂ... ਮੇਰਾ ਕੋਈ ਗੀਤ ਨਹੀਂ ਐਸਾ ਜੋ ਤੇਰੇ ਮੇਚ ਆ ਜਾਵੇ... ਚਿੜੀ ਦੇ ਖੰਭ ਦੀ ਲਲਕਾਰ ਸੌ ਬਾਜਾਂ ਨੂੰ ਖਾ ਜਾਵੇ।'

ਜ਼ਿਆਦਾਤਰ ਬੱਚਿਆਂ ਨੇ ਪੰਜਾਬੀ ਵਿੱਚ ਤਕਰੀਰਾਂ ਕੀਤੀਆਂ, ਪਰ ਕੁਝ ਬੱਚਿਆਂ ਨੇ ਅੰਗਰੇਜ਼ੀ ਵਿੱਚ ਵੀ ਸੰਗਤ ਨੂੰ ਸੰਬੋਧਨ ਕੀਤਾ। ਹਾਲਾਂਕਿ ਬੱਚੇ ਆਪਣੀਆਂ ਸੰਖੇਪ ਪਰ ਭਾਵਪੂਰਤ ਤਕਰੀਰਾਂ ਪਰਚਿਆਂ ਤੋਂ ਦੇਖ ਕੇ ਪੜ੍ਹ ਰਹੇ ਸਨ, ਪਰ ਸਟੇਜ ਉਤੇ ਆ ਕੇ ਜਿਸ ਸ਼ਰਧਾ, ਜੋਸ਼ ਤੇ ਲਿਆਕਤ ਨਾਲ ਉਹ ਸੰਗਤ ਨੂੰ ਸੰਬੋਧਿਤ ਸਨ, ਉਹ ਕਾਬਿਲ-ਏ-

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ








ਇਤਿਹਾਸ



# ਦਿੱਲੀ ਦੀ ਜ਼ਮੀਨ ਸਿੱਖ ਪੰਥ ਦੀ ਮਲਕੀਅਤ

ਦਿਲਜੀਤ ਸਿੰਘ ਬੇਦੀ
ਫੋਨ: +91-76579-68570

***ਦਿੱਲੀ ਦੀ 1793 ਏਕੜ ਜ਼ਮੀਨ ਅੱਜ ਵੀ ਕਾਗਜ਼ਾਂ ਵਿੱਚ ਸਿੱਖਾਂ ਦੇ ਉਸ ਬਾਬੇ ਦੇ ਨਾਮ ਬੋਲਦੀ ਹੈ, ਜੋ ਸਾਊਥ ਏਸ਼ੀਆ ਦਾ ਸਭ ਤੋਂ ਅਮੀਰ ਬੰਦਾ ਸੀ। ਉਸਦੇ ਕੋਲ ਉਸ ਸਮੇਂ ਆਪਣੀ ਪ੍ਰਾਈਵੇਟ ਫੌਜ ਸੀ।***

ਭਾਰਤ ਦਾ ਰਾਸ਼ਟਰਪਤੀ ਭਵਨ, ਇੰਡਿਆ ਗੇਟ, ਭਾਰਤ ਦੀ ਪਾਰਲੀਮੈਂਟ, ਦਿੱਲੀ ਦਾ ਇਹ ਸਾਰਾ ਇਲਾਕਾ ਸਿੱਖ ਕੌਮ ਦੀ ਮਾਲਕੀ ਹੈ। ਨਵੀਂ ਦਿੱਲੀ ਮਾਲ ਵਿਭਾਗ ਅਤੇ ਇਤਿਹਾਸ ਵਿੱਚ 1793 ਏਕੜ ਦਾ ਇਲਾਕਾ ਸਿੱਖ ਪੰਥ ਦੀ ਇੱਕ ਅਜ਼ੀਮ ਸ਼ਖਸੀਅਤ ਦੇ ਨਾਮ ਬੋਲਦਾ, ਜੋ ਨਵੀਂ ਦਿੱਲੀ ਦੇ ਰਾਏਸੀਨਾ ਇਲਾਕੇ ਦਾ ਅੱਜ ਵੀ ਮਾਲਕ ਹੈ। ਉਹੀ ਇਲਾਕਾ ਜਿੱਥੇ ਰਾਸ਼ਟਰਪਤੀ ਭਵਨ ਬਣਿਆ, ਇੰਡੀਆ ਗੇਟ ਬਣਿਆ, ਪਾਰਲੀਮੈਂਟ ਬਣੀ ਹੈ, ਨੌਰਥ ਬਲਾਕ, ਸਾਊਥ ਬਲਾਕ, ਰਾਜਪਥ ਬਣੇ ਹੋਏ ਹਨ। ਦਿੱਲੀ ਦੀ ਸਰਕਾਰ ਇਸ ਇਲਾਕੇ ਦੇ 400 ਕਿੱਲਿਆਂ ਦਾ ਠੇਕਾ ਅੱਜ ਵੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿੰਦੀ ਹੈ। ਦਿੱਲੀ ਦੀ 1793 ਏਕੜ ਜ਼ਮੀਨ ਅੱਜ ਵੀ ਕਾਗਜ਼ਾਂ ਵਿੱਚ ਸਿੱਖਾਂ ਦੇ ਉਸ ਬਾਬੇ ਦੇ ਨਾਮ ਬੋਲਦੀ ਹੈ, ਜੋ ਸਾਊਥ ਏਸ਼ੀਆ ਦਾ ਸਭ ਤੋਂ ਅਮੀਰ ਬੰਦਾ ਸੀ। ਉਸਦੇ ਕੋਲ ਉਸ ਸਮੇਂ ਆਪਣੀ ਪ੍ਰਾਈਵੇਟ ਫੌਜ ਸੀ। ਅੰਗਰੇਜ਼ੀ ਸ਼ਾਸਨ ਸਮੇਂ ਕਲਕੱਤਾ ਅੰਗਰੇਜ਼ ਹਕੂਮਤ ਦੀ ਰਾਜਧਾਨੀ ਰਿਹਾ, ਪਰ ਅੰਗਰੇਜ਼ਾਂ ਨੇ ਆਪਣੀ ਰਾਜਧਾਨੀ ਬਦਲਣ ਦਾ ਫੈਸਲਾ ਲੈ ਲਿਆ। ਦਿੱਲੀ ਦੇ ਇਲਾਕੇ ਵਿੱਚ ਨਵੀਂ ਰਾਜਧਾਨੀ ਬਣਾਈ ਗਈ, ਕਿਉਂਕਿ ਮੁਗਲ ਹਕੂਮਤ ਸਮੇਂ ਵੀ ਦਿੱਲੀ ਰਾਜਧਾਨੀ ਰਹੀ ਸੀ। ਅੰਗਰੇਜ਼ਾਂ ਨੇ ਸੋਚਿਆ ਕਿ ਦਿੱਲੀ ਭਾਰਤ ਦੇ ਸੈਂਟਰ 'ਚ ਪੈਂਦੀ ਹੈ, ਸੋ ਉਥੋਂ ਰਾਜ ਪ੍ਰਬੰਧ ਚਲਾਉਣਾ ਸੌਖਾ ਹੈ। 12 ਦਸੰਬਰ 1911 ਨੂੰ ਅੰਗਰੇਜ਼ੀ ਸ਼ਾਸਕ ਜਾਰਜ ਪੰਜਵੇਂ ਨੇ ਕਲਕੱਤੇ ਦੀ ਜਗ੍ਹਾ ਦਿੱਲੀ ਨੂੰ ਭਾਰਤ ਦੀ ਰਾਜਧਾਨੀ ਬਣਾਏ ਜਾਣ ਦਾ ਐਲਾਨ ਕਰ ਦਿੱਤਾ। ਦਿੱਲੀ ਦੇ ਨਵ ਨਿਰਮਾਣ ਦਾ ਕੰਮ 1911 ਵਿੱਚ ਹੀ ਸ਼ੁਰੂ ਹੋਇਆ ਅਤੇ ਇਹ ਕੰਮ 1931 ਤੱਕ ਮੁਕੰਮਲ ਕਰ ਲਿਆ ਗਿਆ। ਅੱਜ ਤੱਕ ਇਹੋ ਰਾਜਧਾਨੀ ਚੱਲੀ ਆਉਂਦੀ ਹੈ।

ਸੰਨ 1911 ਵਿੱਚ ਨਵੀਂ ਦਿੱਲੀ ਦੀ ਨੀਂਹ ਧਰੀ ਗਈ ਸੀ ਤਾਂ ਰਾਜੇ ਜਾਰਜ ਪੰਜਵੇਂ ਨੇ ਇੱਥੇ ਇਸ ਜ਼ਮੀਨ 'ਤੇ ਕਬਜ਼ਾ ਕੀਤਾ। ਜਿਵੇਂ ਚੰਡੀਗੜ੍ਹ ਨੂੰ ਜਦੋਂ ਵਸਾਇਆ ਗਿਆ ਸੀ ਤਾਂ ਪੰਜਾਬ ਦੇ ਬਹੁਤ ਸਾਰੇ ਪਿੰਡ ਉਜਾੜ ਦਿੱਤੇ ਗਏ ਸਨ ਤੇ ਉਸ ਜਗ੍ਹਾਂ ਤੇ ਇੱਕ ਨਵਾਂ ਸ਼ਹਿਰ ਚੰਡੀਗੜ੍ਹ ਉਸਾਰਿਆ ਗਿਆ ਸੀ। ਬਿਲਕੁਲ ਉਸੇ ਤਰ੍ਹਾਂ ਅੰਗਰੇਜ਼ ਸਰਕਾਰ ਨੇ ਜ਼ਮੀਨ ਨੂੰ ਐਕਵਾਇਰ ਕਰਨਾ ਸੀ ਤਾਂ ਪਹਿਲਾਂ ਪਤਾ ਕਰਨਾ ਜ਼ਰੂਰੀ ਸੀ ਕਿ ਇਹ ਜ਼ਮੀਨ ਕਿਸਦੀ ਹੈ। ਅੰਗਰੇਜ਼ਾਂ ਨੇ ਜ਼ਮੀਨ ਐਕਵਾਇਰ ਕਰਨ ਲਈ 1894 ਵਿੱਚ ਇੱਕ ਐਕਟ ਬਣਾਇਆ ਸੀ, ਲੈਂਡ ਐਕਵਾਜੇਸ਼ਨ ਐਕਟ, ਜੋ ਭਾਰਤ ਵਿੱਚ ਉਦੋਂ ਤੋਂ ਹੁਣ ਤੱਕ ਚੱਲਿਆ ਆਉਂਦਾ ਹੈ, ਹੁਣ 2013 ਵਿੱਚ ਉਸ 'ਚ ਥੋੜ੍ਹੀ ਸੋਧ ਕੀਤੀ ਗਈ ਹੈ। ਅੰਗਰੇਜ਼ਾਂ ਨੇ ਦਿੱਲੀ ਦੇ ਨਿਰਮਾਣ ਲਈ ਜੋ ਜ਼ਮੀਨ ਐਕਵਾਇਰ ਕਰਨੀ ਸੀ, ਪਤਾ ਲੱਗਾ ਕਿ ਇਹ ਜ਼ਮੀਨ ਇੱਕ ਸਿੱਖ ਦੀ ਹੈ। ਅੰਗਰੇਜ਼ ਸਰਕਾਰ ਨੇ ਇਮਾਨਦਾਰੀ ਨਾਲ ਇਸ ਜ਼ਮੀਨ ਦੀ ਓਨਰਸ਼ਿਪ ਉਸੇ ਸਿੱਖ ਦੇ ਨਾਮ 'ਤੇ ਹੀ ਰੱਖੀ ਅਤੇ ਜ਼ਮੀਨ 99 ਸਾਲਾਂ ਵਾਸਤੇ ਲੀਜ਼ 'ਤੇ ਲੈ ਲਈ ਗਈ। ਗੁਰਦੁਆਰਾ ਰਕਾਬਗੰਜ ਸਾਹਿਬ ਦੇ ਨੇੜੇ 400 ਏਕੜ ਜ਼ਮੀਨ ਸੀ, ਜਿਸ 'ਤੇ ਹੁਣ ਪਾਰਲੀਮੈਂਟ, ਰਾਸ਼ਟਰਪਤੀ ਭਵਨ ਬਣੇ ਹੋਏ ਹਨ। ਜ਼ਮੀਨ ਬਾਰੇ 1947 ਤੋਂ ਬਾਅਦ ਸਿੱਖਾਂ ਨੇ ਜਦੋਂ ਜ਼ੋਰਦਾਰ ਆਵਾਜ਼ ਚੁੱਕੀ ਤਾਂ ਸਰਕਾਰ ਨੇ 400 ਏਕੜ ਜ਼ਮੀਨ ਦਾ ਠੇਕਾ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਨੂੰ ਦੇਣਾ ਸ਼ੁਰੂ ਕੀਤਾ।

ਸੋ, 1911 ਤੋਂ ਸ਼ੁਰੂ ਹੋਈ ਇਹ ਲੀਜ 2011 ਵਿੱਚ ਸੌ ਸਾਲ ਬਾਅਦ ਖਤਮ ਹੋ ਗਈ ਸੀ, ਪਰ ਜਿਸ ਸਿੱਖ ਬਾਬੇ ਦੀ ਇਹ ਜ਼ਮੀਨ ਸੀ, ਉਸਦਾ ਸਾਰਾ ਪਰਿਵਾਰ ਸਿੱਖੀ ਖਾਤਰ ਸ਼ਹੀਦ ਹੋ ਚੁੱਕਾ ਸੀ। ਸਰਕਾਰ ਨੇ ਜ਼ਮੀਨ 'ਤੇ ਕਬਜ਼ਾ ਕਰ ਲਿਆ, ਪਰ ਕਾਗਜ਼ਾਂ ਵਿੱਚ ਉਸ ਸਿੱਖ ਬਾਬੇ ਦਾ ਨਾਮ ਅੱਜ ਵੀ ਬੋਲਦਾ। ਮੁਗਲ ਹਕੂਮਤ ਨੇ ਗੁਰੂ ਤੇਗ ਬਹਾਦਰ ਜੀ ਨੂੰ ਚਾਂਦਨੀ ਚੌਂਕ ਵਿਖੇ ਸ਼ਹੀਦ ਕੀਤਾ ਤੇ ਐਲਾਨ ਕੀਤਾ ਕਿ ਕੋਈ ਵੀ ਇਨ੍ਹਾਂ ਦੇ ਸਰੀਰ ਨੂੰ ਨਹੀਂ ਸੰਭਾਲੇਗਾ। ਜਦੋਂ ਇਹ ਸ਼ਹੀਦੀ ਸਾਕਾ ਵਾਪਰਿਆ ਤਾਂ ਚਾਰੋਂ ਪਾਸੇ ਕਾਲੇ ਬੱਦਲ ਛਾ ਗਏ ਅਤੇ ਬੜੀ ਤੇਜ਼ ਹਨੇਰੀ ਵਗੀ, ਜਿਸ ਦਾ ਫਾਇਦਾ ਚੁੱਕਦਿਆਂ ਗੁਰੂ ਜੀ ਦੇ ਇੱਕ ਸਿੱਖ ਭਾਈ ਜੈਤਾ ਨੇ ਜ਼ਬਰਦਸਤ ਫੌਜੀ ਇੰਤਜਾਮ ਦੇ ਬਾਵਜੂਦ ਗੁਰੂ ਸਾਹਿਬ ਦਾ ਸੀਸ ਚੁੱਕਿਆ ਅਤੇ ਅਨੰਦਪੁਰ ਸਾਹਿਬ ਵੱਲ ਨੂੰ ਚਾਲੇ ਪਾ ਦਿੱਤੇ। ਦੂਜੇ ਪਾਸੇ ਕਿਲ੍ਹੇ ਦੇ ਠੇਕੇਦਾਰ ਭਾਈ ਲੱਖੀ ਸ਼ਾਹ ਆਪਣੇ ਪੁੱਤਰਾਂ ਤੇ ਸਾਥੀਆਂ ਨਾਲ ਬੜੀ ਵਿਉਂਤ ਨਾਲ ਆਪਣੇ ਗੱਡਿਆਂ ਵਿੱਚ ਗੁਰੂ ਸਾਹਿਬ ਦਾ ਧੜ ਆਪਣੇ ਪਿੰਡ ਰਾਇਸੀਨਾ ਦੇ ਸਥਾਨ ਉਤੇ ਲੈ ਗਏ। ਉਨ੍ਹਾਂ ਨੇ ਆਪਣੇ ਘਰ ਵਿੱਚ ਗੁਰੂ ਸਾਹਿਬ ਦੇ ਧੜ ਨੂੰ ਸਨਮਾਨ ਸਹਿਤ ਰੱਖ ਕੇ ਆਪਣੇ ਘਰ ਨੂੰ ਹੀ ਅੱਗ ਲਾ ਦਿੱਤੀ ਸੀ। ਇਹ ਅਸਥਾਨ ਸੰਸਦ ਭਵਨ ਦੇ ਸਾਹਮਣੇ ਸਥਿਤ ਹੈ।

ਅਸਲ ਵਿੱਚ ਜਦੋਂ ਅੰਗਰੇਜ਼ਾਂ ਨੇ ਨਵੀਂ ਦਿੱਲੀ ਦਾ ਨਿਰਮਾਣ 1911 'ਚ ਸ਼ੁਰੂ ਕਰਾਇਆ ਸੀ ਤਾਂ ਇਹ ਨਿਰਮਾਣ ਦਾ ਕੰਮ ਰਾਏਸੀਨਾ ਪਿੰਡ ਦੇ ਇਲਾਕੇ ਤੋਂ ਸ਼ੁਰੂ ਕੀਤਾ ਗਿਆ ਸੀ। ਇਹ ਪਿੰਡ ਭਾਈ ਲੱਖੀ ਸ਼ਾਹ ਦੇ ਵੱਡੇ ਵਡੇਰੇ ਭਾਈ ਰਾਏਸੀਨਾ ਜੀ ਨੇ ਆਬਾਦ ਕੀਤਾ ਸੀ ਤੇ ਉਨ੍ਹਾਂ ਦੇ ਨਾਮ ਤੋਂ ਹੀ ਇਹ ਇਲਾਕਾ ਰਾਏਸੀਨਾ ਹਿਲਸ ਕਰਕੇ ਮਸ਼ਹੂਰ ਹੋ ਗਿਆ। ਗੁਰੂ ਸਾਹਿਬ ਦੇ ਸਮੇਂ ਅਸਲ ਦਿੱਲੀ ਦਾ ਨਾਮ ਸ਼ਾਹਜਹਾਨਾਬਾਦ ਸੀ, ਜਿਸ ਵਿੱਚ ਲਾਲ ਕਿਲਾ, ਸਲੀਮਗੜ੍ਹ ਕਿਲਾ, ਚਾਂਦਨੀ ਚੌਂਕ, ਫਤਿਹਪੁਰੀ, ਜਾਮਾ ਮਸਜਿਦ, ਦਰੀਬਾਂ ਕਲਾਂ, ਦਰਿਆ ਗੰਜ, ਕਸ਼ਮੀਰੀ ਗੇਟ, ਵਗੈਰਾ ਇਲਾਕੇ ਆਉਂਦੇ ਸਨ। ਦਿੱਲੀ ਦੇ ਚਾਂਦਨੀ ਚੌਂਕ, ਕਨਾਟ ਪਲੇਸ, ਪਾਰਲੀਮੈਂਟ ਹਾਊਸ ਤੇ ਰਾਸ਼ਟਰਪਤੀ ਭਵਨ ਇਹ ਗੁਰੂ ਹਰਕ੍ਰਿਸ਼ਨ ਸਾਹਿਬ ਤੇ ਧੰਨ ਗੁਰੂ ਤੇਗ ਬਹਾਦਰ ਸਾਹਿਬ ਦੇ ਪੈਰਾਂ ਦੀ ਪਾਵਨ ਧੂੜ ਨਾਲ ਇਤਿਹਾਸਕ ਬਣੇ ਹੋਏ ਹਨ। ਕਨਾਟ ਪਲੇਸ ਦਾ ਇਲਾਕਾ ਰਾਜਾ ਜੈ ਸਿੰਘ ਮਿਰਜਾ ਦੀ ਜਾਇਦਾਦ ਸੀ। ਪਾਰਲੀਮੈਂਟ ਹਾਊਸ ਤੇ ਰਾਸ਼ਟਰਪਤੀ ਭਵਨ ਇਲਾਕਾ ਭਾਈ ਲੱਖੀ ਸ਼ਾਹ ਵਣਜਾਰਾ ਦੀ ਜਾਇਦਾਦ ਸੀ। ਇਸ ਜ਼ਮੀਨ 'ਤੇ ਗੁਰਦੁਆਰਾ ਰਕਾਬਗੰਜ ਸਾਹਿਬ ਸੁਸ਼ੋਭਿਤ ਹੈ, ਜੋ ਕਿ ਭਾਈ ਲੱਖੀ ਸ਼ਾਹ ਦਾ ਆਪਣਾ ਘਰ ਹੁੰਦਾ ਸੀ, ਜਿੱਥੇ ਗੁਰੂ ਤੇਗ ਬਹਾਦਰ ਸਾਹਿਬ ਦਾ ਧੜ ਦਾ ਸਸਕਾਰ ਭਾਈ ਲੱਖੀ ਸ਼ਾਹ ਨੇ ਕੀਤਾ ਸੀ।

ਸੰਨ 1887 ਤੱਕ ਸਿੰਘਾਂ ਨੇ ਦਿੱਲੀ 'ਤੇ 15 ਹੱਲੇ ਕੀਤੇ, ਜਿਨ੍ਹਾਂ ਵਿੱਚ ਫਰਵਰੀ 1764 'ਚ ਬਾਬਾ ਬਘੇਲ ਸਿੰਘ, ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ 'ਚ 30 ਹਜ਼ਾਰ ਦੀ ਸਿੱਖ ਫੌਜ ਨੇ ਦਿੱਲੀ 'ਤੇ ਹਮਲਾ ਕੀਤਾ। ਯਮੁਨਾ ਦਰਿਆ ਪਾਰ ਕਰਕੇ ਦਿੱਲੀ ਦੇ ਕੁਝ ਇਲਾਕੇ 'ਤੇ ਕਬਜ਼ਾ ਕਰ ਲਿਆ, ਜਿਸ ਨੂੰ ਹੁਣ 30 ਹਜਾਰੀ ਕਹਿੰਦੇ ਹਨ। ਫਿਰ 8 ਜਨਵਰੀ 1774 ਨੂੰ ਸਾਦਰਾ, 15 ਜੁਲਾਈ 1775 ਨੂੰ ਪਹਾੜਗੰਜ, ਜੈ ਸਿੰਘਪੁਰਾ 'ਤੇ ਕਬਜ਼ਾ ਕੀਤਾ। ਇਸ ਤੋਂ ਬਾਅਦ ਮਾਰਚ 1783 ਨੂੰ ਫਿਰ ਹਮਲਾ ਕੀਤਾ ਤੇ ਮਲਕਗੰਜ ਤੇ ਸਬਜ਼ੀ ਮੰਡੀ 'ਤੇ ਕਬਜ਼ਾ ਕੀਤਾ। 9 ਮਾਰਚ 1783 ਨੂੰ ਅਜਮੇਰੀਗੇਟ ਏਰੀਆ ਅਤੇ ਫੇਰ 15 ਮਾਰਚ 1783 ਨੂੰ ਸਿੰਘਾਂ ਨੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ, ਜਥੇਦਾਰ ਬਘੇਲ ਸਿੰਘ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਤਾਰਾ ਸਿੰਘ ਘੇਬਾ, ਖੁਸ਼ਹਾਲ ਸਿੰਘ, ਕਰਮ ਸਿੰਘ, ਭਾਗ ਸਿੰਘ, ਸਾਹਿਬ ਸਿੰਘ, ਸਰਦਾਰ ਸ਼ੇਰ ਸਿੰਘ ਬੁੜੀਆ, ਗੁਰਦਿੱਤ ਸਿੰਘ ਲਾਡੋਵਾਲੀਆ, ਕਰਮ ਸਿੰਘ ਸ਼ਾਹਬਾਦ, ਗੁਰਬਖਸ਼ ਸਿੰਘ ਅੰਬਾਲਾ ਮਜਨੂੰ ਟਿੱਲੇ ਇਕੱਠੇ ਹੋਏ ਅਤੇ ਦਿੱਲੀ 'ਤੇ ਹਮਲਾ ਕੀਤਾ ਤੇ ਲਾਲ ਕਿਲੇ ਦੀ ਦੀਵਾਰ 'ਚ ਮੋਰੀ ਕੀਤੀ, ਜਿਸ ਨੂੰ ਹੁਣ ਮੋਰੀ ਗੇਟ ਕਿਹਾ ਜਾਂਦਾ ਹੈ। ਉਥੋਂ ਅੰਦਰ ਦਾਖਲ ਹੋ ਕੇ ਲਾਲ ਕਿਲੇ 'ਤੇ ਕਬਜ਼ਾ ਕਰਕੇ ਖਾਲਸਾਈ ਨਿਸ਼ਾਨ ਝੁਲਾ ਦਿੱਤਾ ਗਿਆ, ਇਸ ਤੋਂ ਬਾਅਦ ਬਾਬਾ ਜੱਸਾ ਸਿੰਘ ਆਹਲੂਵਾਲੀਆ, ਬਾਬਾ ਬਘੇਲ ਸਿੰਘ ਨੇ ਹੀ ਦਿੱਲੀ ਦੇ ਇਤਿਹਾਸਕ ਅਸਥਾਨਾਂ ਦੀ ਨਿਸ਼ਾਨਦੇਹੀ ਕਰਵਾ ਕੇ ਉੱਥੇ ਗੁਰਦੁਆਰੇ ਸਾਹਿਬਾਨ ਤਾਮੀਰ ਕਰਵਾਏ ਸਨ, ਫਿਰ ਅੰਗਰੇਜ਼ਾਂ ਦਾ ਰਾਜ ਆਇਆ।

ਜੋ ਹੁਣ ਭਾਰਤ ਦੀ ਪਾਰਲੀਮੈਂਟ ਹੈ, ਉਹ ਅਸਲ ਵਿੱਚ ਅੰਗਰੇਜ਼ੀ ਵਾਇਸ ਰਾਏ ਲਈ ਇਮਾਰਤ ਬਣਾਈ ਗਈ ਸੀ ਤੇ ਜਦੋਂ ਨਵੀਂ ਦਿੱਲੀ ਦਾ ਨਿਰਮਾਣ ਰਾਏਸੀਨਾ ਹਿਲਸ ਇਲਾਕੇ 'ਚ ਸ਼ੁਰੂ ਹੋਇਆ ਤਾਂ ਇਸੇ ਇਲਾਕੇ 'ਚ ਅੰਗਰੇਜ਼ਾਂ ਨੇ ਨਵੀਆਂ ਹੋਰ ਇਮਾਰਤਾਂ ਵੀ ਬਣਾਈਆਂ, ਗਵਰਨਰ ਜਨਰਲ ਲਾਰਡ ਹੋਡਿੰਗ ਨੇ ਵਾਇਸਰਾਏ ਭਵਨ ਲਈ ਜਿਹੜੀ ਥਾਂ ਪਸੰਦ ਕੀਤੀ ਸੀ, ਉਹ ਇਤਿਹਾਸਕ ਗੁਰਦੁਆਰਾ ਰਕਾਬਗੰਜ ਸਾਹਿਬ ਦੇ ਨਾਲ ਲੱਗਦੀ ਸੀ। ਅੰਗਰੇਜ਼ ਸ਼ਾਸਨ ਦੇ ਹੁਕਮਾਂ 'ਤੇ ਅਧਿਕਾਰੀਆਂ ਨੇ ਕੰਮ ਕਰਨਾ ਸ਼ੁਰੂ ਕੀਤਾ ਤੇ ਸੜਕਾਂ ਚੌੜੀਆਂ ਕੀਤੀਆਂ। ਇਸ ਦੌਰਾਨ ਰਸਤੇ 'ਚ ਆ ਰਹੀ ਗੁਰਦੁਆਰਾ ਰਕਾਬਗੰਜ ਸਾਹਿਬ ਦੀ ਇੱਕ ਕੰਧ ਅੜਿਕਾ ਬਣ ਰਹੀ ਸੀ। ਅਫਸਰਾਂ ਨੇ ਬਿਨਾ ਕਿਸੇ ਸਲਾਹ ਮਸ਼ਵਰੇ ਦੇ ਭਵਨ ਨਿਰਮਾਣ ਮੁਤਾਬਕ ਗੁਰਦੁਆਰੇ ਦੀ ਕੰਧ ਢਾਹ ਦਿੱਤੀ ਤੇ ਇਸ ਥਾਂ ਨੂੰ ਤਾਰ ਦੇ ਨਾਲ ਘੇਰਨ ਲੱਗੇ। ਉਸੇ ਵਕਤ ਸਿੱਖ ਬੀਬੀ ਸ਼ਾਮ ਕੌਰ ਮੌਕੇ 'ਤੇ ਪਹੁੰਚ ਗਈ, ਉਹ ਗੁਰੂ ਘਰ ਨਾਲ ਹੁੰਦੇ ਇਸ ਜ਼ੁਲਮ ਨੂੰ ਵੇਖ ਨਾ ਸਕੀ ਤੇ ਉਹ ਆਪਣੇ ਦੁੱਧ ਚੁੰਘਦੇ ਬੱਚੇ ਨੂੰ ਛਾਤੀ ਨਾਲ ਲਾ ਕੇ ਢਾਹੀ ਗਈ ਕੰਧ 'ਤੇ ਲੰਮੇ ਪੈ ਗਈ ਤੇ ਐਲਾਨ ਕੀਤਾ ਕਿ ਉਸਦੀ ਲਾਸ਼ ਦੇ ਟੁਕੜੇ-ਟੁਕੜੇ ਕਰ ਦਿਓ ਉਹ ਢਾਹੀ ਹੋਈ ਕੰਧ ਤੋਂ ਹਟੇਗੀ ਨਹੀਂ। ਬੀਬੀ ਸ਼ਾਮ ਕੌਰ ਦੇ ਇਸ ਕਦਮ ਨੇ ਅਧਿਕਾਰੀਆਂ ਨੂੰ ਆਪਣਾ ਪ੍ਰੋਜੈਕਟ ਉਥੇ ਹੀ ਰੋਕਣ ਦੇ ਲਈ ਮਜਬੂਰ ਕਰ ਦਿੱਤਾ। ਬੀਬੀ ਸ਼ਾਮ ਕੌਰ, ਗੁਰਦੁਆਰਾ ਰਕਾਬਗੰਜ ਸਾਹਿਬ ਦਾ ਪ੍ਰਬੰਧ ਵੇਖ ਰਹੇ ਮਹੰਤ ਸਾਵਣ ਸਿੰਘ ਦੀ ਧਰਮਪਤਨੀ ਸੀ। ਵਾਇਸ ਰਾਏ ਵੱਲੋਂ ਕੋਠੀ ਬਣਾਉਣ ਦੇ ਲਈ ਦੁਆਰਾ ਰਕਾਬ ਗੰਜ ਸਾਹਿਬ ਦੀ ਕੰਧ ਢਾਹੁਣ ਦੀ ਖਬਰ ਪੰਜਾਬ ਪਹੁੰਚ ਚੁੱਕੀ ਸੀ ਤੇ ਸਿੱਖ ਸੰਗਤ ਵਿੱਚ ਭਾਰੀ ਰੋਸ ਅੱਗ ਵਾਂਗ ਫੈਲ ਗਿਆ ਸੀ। ਫਿਰ ਅੰਗਰੇਜ਼ਾਂ ਖਿਲਾਫ ਸਿੰਘਾਂ ਵੱਲੋਂ ਮੋਰਚਾ ਬੰਦੀ ਸ਼ੁਰੂ ਹੋ ਗਈ, ਕਿਹਾ ਜਾਂਦਾ ਹੈ ਕਿ ਇਸ ਤੋਂ ਬਾਅਦ ਨਾਭਾ ਦੇ ਰਾਜਾ ਪਰਦੁਮਨ ਸਿੰਘ ਨਾਭਾ ਨੇ ਵੀ ਅੰਗਰੇਜ਼ਾਂ ਦੀ ਇਸ ਵਧੀਕੀ ਖਿਲਾਫ ਆਵਾਜ਼ ਬੁਲੰਦ ਕੀਤੀ ਸੀ। ਅੰਗਰੇਜ਼ ਸਰਕਾਰ ਨੇ ਉਹ ਕੰਧ ਗੁਰਦੁਆਰਾ ਸਾਹਿਬ ਦੀ ਜਿਹੜੀ ਢਾਈ ਸੀ, ਉਹ ਦੁਬਾਰਾ ਬਣਾ ਦਿੱਤੀ। ਸਿੱਖ ਪੰਥ ਦੀ ਫਤਿਹ ਹੋਈ।

ਭਾਈ ਲੱਖੀ ਸ਼ਾਹ, ਸ਼ਹੀਦ ਭਾਈ ਮਨੀ ਸਿੰਘ ਦੇ ਸਹੁਰਾ ਸਾਹਿਬ ਲੱਗਦੇ ਸਨ, ਇਨ੍ਹਾਂ ਦੇ ਵੱਡੇ ਵਡੇਰੇ ਵਪਾਰ ਕਰਕੇ ਦਿੱਲੀ ਦੇ ਨੇੜੇ ਆ ਵੱਸੇ ਸਨ, ਜਿਨਾਂ ਨੇ ਰਾਏਸੀਨਾ ਪਿੰਡ ਵਸਾਇਆ ਸੀ। ਰਾਏਸੀਨਾ ਜ਼ਮੀਨ ਅੱਜ ਵੀ ਇਨ੍ਹਾਂ ਦੀ ਮਾਲਕੀ ਬੋਲਦੀ ਹੈ। ਜਿਸ ਦਿੱਲੀ ਦੇ ਤਖਤ ਤੋਂ ਸਿੱਖ ਕੌਮ ਵਿਰੋਧੀ ਫੈਸਲੇ ਹੁੰਦੇ ਨੇ, ਉਹ ਫੈਸਲੇ ਸਾਡੀ ਹੀ ਜ਼ਮੀਨ 'ਤੇ ਬਣੇ ਤਖਤ ਤੋਂ ਸੁਣਾਏ ਜਾਂਦੇ ਹਨ। ਭਾਵੇਂ ਉਹ ਅੰਗਰੇਜ਼ ਹਕੂਮਤ ਹੋਵੇ ਤੇ ਚਾਹੇ ਵਰਤਮਾਨ ਸਰਕਾਰਾਂ। ਇਹ ਖਾਲਸਾ ਪੰਥ ਦੀ ਜ਼ਮੀਨ ਹੈ, ਇੱਕ ਦਿਨ ਪੰਥ ਕੋਲ ਵਾਪਸ ਜਰੂਰ ਆਵੇਗੀ।

## ਗੁਰਮਤਿ ਸਕੂਲ ਦੇ ਬੱਚਿਆਂ ਵੱਲੋਂ ਵਿਸਾਖੀ ਨੂੰ ਸਮਰਪਿਤ ਸਮਾਗਮ

ਤਾਰੀਫ ਸੀ। ਬੱਚਿਆਂ ਦੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਵੀ ਦਰਬਾਰ ਹਾਲ ਵਿੱਚ ਗੂੰਜ ਰਹੇ ਸਨ। ਕਾਫੀ ਗਿਣਤੀ ਵਿੱਚ ਸੰਗਤ ਦਰਬਾਰ ਹਾਲ ਵਿੱਚ ਬੈਠੀ ਰਹੀ ਅਤੇ ਉਸ ਨੇ ਬੱਚਿਆਂ ਦੀ ਹੌਸਲਾ ਅਫਜ਼ਾਈ ਲਈ ਜੈਕਾਰੇ ਗੂੰਜਾਏ।

ਗੁਰਮਤਿ ਸਕੂਲ ਦੇ ਸਮੂਹ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਤਰਫੋਂ ਖਾਲਸੇ ਦੇ ਪਰਗਟ ਦਿਵਸ ਦੀ ਵਧਾਈ ਦਿੰਦਿਆਂ ਸ. ਬਲਵਿੰਦਰ ਸਿੰਘ ਸੋਹਲ ਨੇ ਇਸ ਦੇ ਵਿਲੱਖਣ ਇਹਿਤਾਸ 'ਤੇ ਪੰਛੀ ਝਾਤ ਮਾਰੀ। ਉਨ੍ਹਾਂ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਚਲਾਏ ਮਿਸ਼ਨ ਦੇ ਸ਼ਬਦਾਂ ਨੂੰ ਅਮਲੀ ਰੂਪ ਦੇ ਕੇ 1699 ਦੀ ਵਿਸਾਖੀ ਵਾਲੇ ਦਿਨ ਆਮ ਇਨਸਾਨ ਨੂੰ ਅਣਖੀ ਚੱਸ ਦੇ ਕੇ ਵੱਖਰੀ ਪਹਿਚਾਣ ਤੇ ਮਾਨਵਤਾ ਦੇ ਗੁਣਾਂ ਦੇ ਧਾਰਨੀ ਬਣਾ ਦਿੱਤਾ ਤੇ ਜਾਤ-ਪਾਤ ਦੇ ਬੰਧਨ ਤੋਂ ਮੁਕਤ ਇੱਕ ਉਸਾਰੂ ਸਮਾਜ ਦੀ ਸਿਰਜਣਾ ਕੀਤੀ।

ਉਪਰੰਤ ਬੱਚਿਆਂ ਨੇ ਵਿਸਾਖੀ ਦੀ ਸੱਭਿਆਚਾਰਕ ਤੇ ਧਾਰਮਿਕ ਮਹੱਤਤਾ ਬਾਰੇ ਵੀ ਚਾਨਣਾ ਪਾਇਆ। ਉਹ ਦੱਸ ਰਹੇ ਸਨ ਕਿ ਜਦੋਂ ਜ਼ੁਲਮ ਦੀ ਹੱਦ ਵਧ ਗਈ ਤਾਂ ਦਸਮ ਪਾਤਸ਼ਾਹ ਨੇ ਪੰਥ ਸਾਜ ਕੇ ਚਿੜੀਆਂ ਨਾਲ ਬਾਜ ਤੁੜਾਉਣ ਦਾ ਰੂਹਾਨੀ ਕੌਤਕ ਰਚਾ ਦਿੱਤਾ। ਵੱਖ-ਵੱਖ ਉਮਰ ਵਰਗ






ਦੇ ਬੱਚੇ ਆਪਣੀਆਂ ਪੇਸ਼ਕਾਰੀਆਂ ਦੌਰਾਨ ਖਾਲਸਾ ਸਾਜੇ ਜਾਣ ਦਾ ਬਿਰਤਾਂਤ ਰੂਪਮਾਨ ਕਰ ਰਹੇ ਸਨ।

ਇਸ ਮੌਕੇ ਬੋਲਦਿਆਂ ਗੁਰਮਤਿ ਸਕੂਲ ਦੇ ਪ੍ਰਿੰਸੀਪਲ ਬੀਬੀ ਸਲਵਿੰਦਰ ਕੌਰ ਸੰਧੂ ਨੇ ਗੁਰਮਤਿ ਸਕੂਲ ਦੇ ਸ਼ੁਰੂ ਹੋਣ ਤੇ ਇਸ ਦੇ ਮਨੋਰਥ ਉਤੇ ਚਾਨਣਾ ਪਾਇਆ ਅਤੇ ਦੱਸਿਆ ਕਿ ਸਕੂਲ ਵਿੱਚ ਸਿੱਖੀ ਦੇ ਤਿੰਨ ਸਿਧਾਂਤਾਂ ਦੀ ਪਾਲਣਾ ਉਤੇ ਜ਼ੋਰ ਦਿੱਤਾ ਜਾਂਦਾ ਹੈ- ਨਾਮ ਜਪਣਾ, ਕਿਰਤ ਕਰਨਾ ਤੇ ਵੰਡ ਛਕਣਾ। ਉਨ੍ਹਾਂ ਦੱਸਿਆ ਕਿ ਸਕੂਲ ਵਿੱਚ ਬੱਚਿਆਂ ਨੂੰ ਗੁਰਮੁਖੀ ਸਿਖਾਈ ਜਾਂਦੀ ਹੈ ਤੇ ਸਿੱਖ ਇਤਿਹਾਸ ਬਾਰੇ ਦੱਸਿਆ ਜਾਂਦਾ ਹੈ। ਇਸ ਤੋਂ ਇਲਾਵਾ ਮੂਲ ਮੰਤਰ ਤੇ ਜਪੁਜੀ ਸਾਹਿਬ, ਅਰਦਾਸ ਕਰਨ, ਹੁਕਮਨਾਮਾ ਲੈਣ, ਕੀਰਤਨ ਕਰਨ, ਗੁਰੂ ਸਾਹਿਬਾਨ ਤੇ ਪੰਜ ਪਿਆਰਿਆਂ, ਚਾਰ ਸਾਹਿਬਜ਼ਾਦਿਆਂ, ਤਖਤ ਸਾਹਿਬਾਨ ਆਦਿ ਦੇ ਨਾਮ ਯਾਦ ਕਰਵਾਏ ਜਾਂਦੇ ਹਨ। ਦੇਸੀ ਮਹੀਨਿਆਂ, ਰੁੱਤਾਂ, ਪੰਜਾਬੀ ਵਿੱਚ ਹਫਤੇ ਦੇ ਦਿਨਾਂ ਦੇ ਨਾਂ, ਪੰਜਾਬੀ ਮੁਹਾਵਰਿਆਂ, ਗਿਣਤੀ, ਰੰਗਾਂ ਸਮੇਤ ਜਾਣਕਾਰੀ ਦੇਣ ਦੇ ਨਾਲ ਨਾਲ ਬੱਚਿਆਂ ਨੂੰ ਤਕਰੀਰਾਂ ਤਿਆਰ ਕਰਨ ਤੇ ਸਟੇਜ ਉਤੇ ਪ੍ਰਸਤੂਤ ਕਰਨ ਦਾ ਢੰਗ ਵੀ ਸਿਖਾਇਆ ਜਾਂਦਾ ਹੈ ਤਾਂ ਜੋ ਬੱਚਿਆਂ ਵਿੱਚ ਲੀਡਰਸ਼ਿਪ ਵਾਲੇ ਗੁਣ ਪੈਦਾ ਹੋਣ। ਉਨ੍ਹਾਂ ਦੱਸਿਆ ਕਿ ਬੱਚਿਆਂ ਨੂੰ ਗੁਰਮਤਿ ਦੇ ਧਾਰਨੀ ਬਣਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਹਰ ਮੰਗਲਵਾਰ ਤੇ ਵੀਰਵਾਰ ਬੱਚਿਆਂ ਨੂੰ ਗੁਰਮਤਿ ਸੰਗੀਤ ਦੀ ਸਿੱਖਿਆ ਵੀ ਦਿੱਤੀ ਜਾਂਦੀ ਹੈ। ਬੱਚੇ ਗਤਕਾ ਵੀ ਸਿੱਖਦੇ ਹਨ।

ਬੀਬੀ ਸੰਧੂ ਨੇ ਦੱਸਿਆ ਕਿ 6 ਜੁਲਾਈ ਨੂੰ ਗੁਰੂਘਰ ਦੇ ਅਹਾਤੇ ਵਿੱਚ 'ਸਿੱਖ ਕਲਾ ਅਤੇ ਸੱਭਿਆਚਾਰਕ ਮੇਲਾ'






ਕਰਵਾਇਆ ਜਾਵੇਗਾ। ਇਸ ਮੌਕੇ ਵੱਖ-ਵੱਖ ਗਤੀਵਿਧੀਆਂ ਰਾਹੀਂ ਬੱਚਿਆਂ ਨੂੰ ਆਪਣੇ ਧਰਮ, ਵਿਰਸੇ ਤੇ ਸੱਭਿਆਚਾਰ ਨਾਲ ਜੋੜਨ ਦੇ ਉਪਰਾਲੇ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ 22 ਤੋਂ 26 ਜੁਲਾਈ ਤੱਕ ਬੱਚਿਆਂ ਦੇ ਕੈਂਪ ਦਾ ਪ੍ਰਬੰਧ ਵੀ ਕੀਤਾ ਜਾਵੇਗਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਥਾਪਤੀ, ਪ੍ਰਾਪਤੀਆਂ ਅਤੇ ਰਾਜ ਦੇ ਖਤਮ ਹੋਣ ਸਬੰਧੀ ਜਾਣਕਾਰੀ ਇਤਿਹਾਸਕ ਨਜ਼ਰੀਏ ਤੋਂ ਬੱਚਿਆਂ ਨਾਲ ਸਾਂਝੀ ਕੀਤੀ ਜਾਵੇਗੀ।

ਬੱਚਿਆਂ ਦੀ ਦਿਲਚਸਪੀ ਲਈ 'ਨਵੀਆਂ ਪੁਲਾਂਘਾਂ' ਸਿਰਲੇਖ ਹੇਠ ਛੋਟੇ-ਛੋਟੇ ਲੇਖ ਲਿਖ ਕੇ ਦੇਣ ਸਬੰਧੀ ਜਾਣਕਾਰੀ ਵੀ ਸਟੇਜ ਤੋਂ ਸੰਗਤ ਨਾਲ ਸਾਂਝੀ ਕੀਤੀ ਗਈ। ਇਸ ਸਬੰਧੀ ਗੁਰਮਤਿ ਸਕੂਲ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਵਿੱਚ ਗੁਰਤੇਜ ਸਿੰਘ ਨੇ ਹੱਥ ਵਟਾਇਆ, ਜਦਕਿ ਦਾਰਾ ਸਿੰਘ ਤੇ ਤਰਲੋਚਨ ਸਿੰਘ ਮੁਲਤਾਨੀ ਨੇ ਸੰਗਤਾਂ ਦਾ ਧੰਨਵਾਦ ਕੀਤਾ। ਸਮਾਗਮ ਦੇ ਪ੍ਰਬੰਧਨ ਵਿੱਚ ਸਕੂਲ ਅਧਿਆਪਕਾਂ ਅਤੇ ਵਾਲੰਟੀਅਰਾਂ ਨੇ ਪੂਰਨ ਸਹਿਯੋਗ ਦਿੱਤਾ।

ਤਸਵੀਰਾਂ: ਇੰਦਰਮੋਹਨ ਸਿੰਘ ਮੋਖਾ

# ਵੋਟਰਾਂ ਦਾ ਚੋਣਾਵੀ ਵਤੀਰਾ ਅਤੇ ਮਾਨਸਿਕ ਉਲਝਣਾਂ

ਚੋਣ ਚਰਚਾ

ਤਰਲੋਚਨ ਸਿੰਘ ਭੱਟੀ
ਸਾਬਕਾ ਪੀ.ਸੀ.ਐਸ. ਅਧਿਕਾਰੀ
ਫੋਨ:91-9876502607




ਭਾਰਤ ਨੂੰ ਲੋਕਤੰਤਰ ਦੀ ਜਨਣੀ ਕਿਹਾ ਜਾਂਦਾ ਹੈ। ਸਾਲ 1951-52 ਦੌਰਾਨ ਜਦੋਂ ਸੰਵਿਧਾਨ ਲਾਗੂ ਹੋਣ ਤੋਂ ਬਾਅਦ ਭਾਰਤ ਵਿੱਚ ਪਹਿਲੀ ਵਾਰ ਲੋਕ ਸਭਾ ਦੀ ਹੋਈ ਚੋਣ ਤੋਂ ਲੈ ਕੇ 2024 ਵਿੱਚ 18ਵੀਂ ਲੋਕ ਸਭਾ ਦੀਆਂ ਚੋਣਾਂ ਅਤੇ ਰਾਜ ਵਿਧਾਨ ਸਭਾਵਾਂ ਦੀਆਂ ਸਮੇਂ ਸਮੇਂ ਹੋਈਆਂ ਚੋਣਾਂ ਵਿੱਚ ਭਾਰਤ ਦੇ ਲੋਕਾਂ ਵੱਲੋਂ ਬਤੌਰ ਵੋਟਰ ਚੋਣਾਂ ਵਿੱਚ ਹਿੱਸਾ ਲਿਆ ਜਾ ਰਿਹਾ ਹੈ। ਚੋਣਾਂ ਵਿੱਚ ਵੋਟਰਾਂ ਦੇ ਵਤੀਰੇ ਅਤੇ ਮਾਨਸਿਕ ਉਲਝਣਾਂ ਨੂੰ ਸਮਝਣ ਲਈ ਅਧਿਐਨ ਕੀਤੇ ਗਏ ਹਨ ਅਤੇ ਇਹ ਜਾਨਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਵੋਟਰਾਂ ਦੀਆਂ ਤਰਜੀਹਾਂ ਕਿਹੜੀਆਂ ਹਨ। ਪੋਲਿੰਗ ਸਟੇਸ਼ਨ ਵਿੱਚ ਜਾ ਕੇ ਉਹ ਕਿਵੇਂ ਫ਼ੈਸਲਾ ਕਰਦੇ ਹਨ ਕਿ ਕਿਸ ਉਮੀਦਵਾਰ ਨੂੰ ਕਿਹੜੇ ਮੁੱਦਿਆਂ ਉਤੇ ਵੋਟ ਪਾਈ ਜਾਵੇ।

ਜ਼ਿਕਰਯੋਗ ਹੈ ਕਿ ਐਸੋਸੀਏਸ਼ਨ ਫ਼ਾਰ ਡੈਮੋਕਰੇਟਿਕ ਰਿਫਾਰਮਜ਼ ਨੇ 17ਵੀਂ ਲੋਕ ਸਭਾ ਦੀਆਂ ਚੋਣਾਂ ਤੋਂ ਕੁੱਝ ਸਮਾਂ ਪਹਿਲੇ ਅਕਤੂਬਰ ਤੋਂ ਦਸੰਬਰ 2018 ਦੌਰਾਨ ਸਰਵੇਖਣ ਕੀਤਾ, ਜਿਸ ਵਿੱਚ 534 ਲੋਕ ਸਭਾ ਹਲਕਿਆਂ ਨੂੰ ਕਵਰ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਜਨਸੰਖਿਆ ਖੇਤਰਾਂ ਵਿੱਚ ਫੈਲੇ 2,73,487 ਵੋਟਰਾਂ ਨੇ ਹਿੱਸਾ ਲਿਆ। ਇਸ ਸਰਵੇਖਣ ਵਿੱਚ ਕੁੱਝ ਪ੍ਰਮੁੱਖ ਮੁੱਦਿਆ ਜਿਵੇਂ ਬਿਹਤਰ ਰੁਜ਼ਗਾਰ ਦੇ ਮੌਕੇ, ਬਿਹਤਰ ਸਿਹਤ ਸੰਭਾਲ, ਵੋਟਰਾਂ ਦੀਆਂ ਪ੍ਰਮੁੱਖ ਤਰਜੀਹਾਂ, ਪ੍ਰਮੁੱਖ ਮੁੱਦਿਆਂ 'ਤੇ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਲੋਕਾਂ ਦੀ ਰੇਟਿੰਗ ਅਤੇ ਵੋਟਰਾਂ ਦੇ ਵੋਟਿੰਗ ਵਤੀਰੇ ਨੂੰ ਪ੍ਰਭਾਵਤ ਕਰਨ ਵਾਲੇ ਕਾਰਨਾਂ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ।

ਇਸਦੇ ਨਾਲ ਹੀ ਸਰਵੇਖਣ ਵਿੱਚ 31 ਸੂਚੀਬੱਧ ਮੁੱਦਿਆਂ ਜਿਵੇਂ ਪੀਣ ਦਾ ਪਾਣੀ, ਬਿਜਲੀ, ਸੜਕ, ਭੋਜਨ, ਸਿੱਖਿਆ, ਸਿਹਤ ਸੰਭਾਲ, ਜਨਤਕ ਟਰਾਂਸਪੋਰਟ ਆਦਿ ਸਬੰਧੀ ਵੋਟਰਾਂ ਦੀਆਂ ਤਰਜੀਹਾਂ ਅਤੇ ਸਰਕਾਰਾਂ ਦੀ ਕਾਰਗੁਜ਼ਾਰੀ ਨੂੰ ਆਧਾਰ ਬਣਾਇਆ ਗਿਆ। ਸਰਵੇਖਣ ਵਿੱਚ ਸ਼ਾਮਲ ਕੀਤੇ 2,73,487 ਵੋਟਰਾਂ ਵਿੱਚੋਂ 63.88% ਮਰਦ ਅਤੇ 36.12% ਔਰਤਾਂ ਸਨ। 65.28% ਵੋਟਰ ਉੱਤਰਦਾਤਾ ਦੀ ਉਮਰ 18 ਤੋਂ 40 ਸਾਲ ਦੇ ਵਿਚਕਾਰ ਸੀ। 64.84% ਵੋਟਰ ਪੇਂਡੂ ਖੇਤਰਾਂ ਅਤੇ 35.16% ਸ਼ਹਿਰੀ ਖੇਤਰਾਂ ਨਾਲ ਸਬੰਧਤ ਸਨ।

ਵਰਨਣਯੋਗ ਹੈ ਕਿ ਸਰਵੇਖਣ ਦੌਰਾਨ ਵੋਟਰਾਂ ਨੇ ਸਾਰੇ 31 ਸੂਚੀਬੱਧ ਗਵਰਨੈਂਸ ਮੁੱਦਿਆਂ 'ਤੇ ਸਰਕਾਰਾਂ ਦੀ ਕਾਰਗੁਜ਼ਾਰੀ ਨੂੰ ਔਸਤਨ ਤੋਂ ਹੇਠਾਂ ਦਰਜ ਕੀਤਾ। 97.86% ਵੋਟਰਾਂ ਨੇ ਮਹਿਸੂਸ ਕੀਤਾ ਕਿ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰ ਸੰਸਦ ਜਾਂ ਵਿਧਾਨ ਸਭਾਵਾਂ ਵਿੱਚ ਬਤੌਰ ਮੈਂਬਰ ਦਾਖਲ ਨਹੀਂ ਹੋਣੇ ਚਾਹੀਦੇ। ਫਿਰ ਵੀ 35.89% ਵੋਟਰ ਅਜਿਹੇ ਸਨ, ਜੋ ਅਪਰਾਧਿਕ ਰਿਕਾਰਡ ਵਾਲੇ ਉਮੀਦਵਾਰਾਂ ਨੂੰ ਵੋਟ ਦੇਣ ਲਈ ਤਿਆਰ ਸਨ। ਐਸੀ ਸਥਿਤੀ ਵੋਟਰਾਂ ਦੇ ਮਾਨਸਿਕ ਉਲਝਣਾਂ ਨੂੰ ਉਜਾਗਰ ਕਰਦੀ ਹੈ।

ਇਸ ਸਰਵੇਖਣ ਦੇ ਸਿੱਟੇ ਵਿੱਚ ਇਹ ਕਿਹਾ ਗਿਆ ਕਿ ਪਿਛਲੇ ਦੋ ਸਾਲਾਂ ਵਿੱਚ ਕੇਂਦਰ ਅਤੇ ਰਾਜ/ਯੂ.ਟੀ. ਪੱਧਰ 'ਤੇ ਸੱਤਾ ਵਿੱਚ ਰਹੀਆਂ ਸਰਕਾਰਾਂ ਨੇ ਵੋਟਰਾਂ ਦੀਆਂ ਤਰਜੀਹਾਂ ਨੂੰ ਨਜ਼ਰਅੰਦਾਜ਼ ਕੀਤਾ। ਭਾਰਤੀ ਵੋਟਰ ਰੋਜ਼ਗਾਰ ਅਤੇ ਬੁਨਿਆਦੀ ਸਹੂਲਤਾਂ (ਜਿਵੇਂ ਕਿ ਸਿਹਤ ਸੰਭਾਲ, ਪੀਣ ਦਾ ਪਾਣੀ, ਬਿਹਤਰ ਸਿੱਖਿਆ ਅਤੇ ਸੜਕਾਂ ਆਦਿ) ਨੂੰ ਸਰਕਾਰਾਂ ਅਤੇ ਪ੍ਰਸ਼ਾਸਨ ਦੇ ਪ੍ਰਮੁੱਖ ਮੁੱਦਿਆਂ (ਅਤਿਵਾਦ, ਮਜ਼ਬੂਤ ਰੱਖਿਆ ਪ੍ਰਬੰਧਨ) ਤੋਂ ਉੱਪਰ ਪਹਿਲ ਦਿੰਦੇ ਹਨ। ਸਮੇਂ ਦੀਆਂ ਸਰਕਾਰਾਂ ਅਤੇ ਹਾਕਮ ਰਾਜਸੀ ਪਾਰਟੀਆਂ ਸੰਵਿਧਾਨ ਦੇ ਆਰਟੀਕਲ- 21 ਵਿੱਚ ਦਰਜ ਮਨੁੱਖੀ ਸਨਮਾਨ ਨਾਲ ਜਿਉਣ ਦੇ ਅਧਿਕਾਰ ਵਰਗੇ ਉਨ੍ਹਾਂ ਬੁਨਿਆਦੀ ਅਧਿਕਾਰਾਂ ਤੋਂ ਵੀ ਇਨਕਾਰੀ ਹਨ। ਵੋਟਰਾਂ ਦੀ ਪ੍ਰਮੁੱਖ ਤਰਜੀਹ ਹੈ ਕਿ ਬੁਨਿਆਦੀ ਸੇਵਾਵਾਂ ਸਮਾਜ ਦੇ ਸਾਰੇ ਵਰਗਾਂ ਤੱਕ ਪਹੁੰਚਣ। ਵੋਟਰ ਸਰਕਾਰਾਂ ਦੀ ਕਾਰਗੁਜ਼ਾਰੀ ਤੋਂ ਅਸੰਤੁਸ਼ਟ ਹਨ। ਇਸ ਲਈ ਸਰਕਾਰਾਂ ਨੂੰ ਇਨ੍ਹਾਂ ਖੇਤਰਾਂ ਵਿੱਚ ਵਿਸ਼ੇਸ਼ ਤੌਰ 'ਤੇ ਪਹਿਲ ਦੇਣ ਅਤੇ ਨਿਵੇਸ਼ ਕਰਨ ਦੀ ਲੋੜ ਹੈ। ਇਸ ਸਰਵੇਖਣ ਦੇ ਅੰਕੜੇ ਅਤੇ ਵੋਟਰਾਂ ਦੇ ਨਿਰਣੇ ਅੱਜ ਵੀ ਸਾਰਥਕ ਹਨ। ਨਿਸ਼ਚੇ ਹੀ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ ਵੱਲੋਂ ਵੋਟਰਾਂ ਦੇ ਵਤੀਰੇ ਨੂੰ ਜਾਣਨ ਸਬੰਧੀ ਕੀਤਾ ਗਿਆ 2018 ਦਾ ਸਰਵੇਖਣ ਦੁਨੀਆਂ ਦਾ ਸ਼ਾਇਦ ਸਭ ਤੋਂ ਵੱਡਾ ਸਰਵੇਖਣ ਸੀ, ਜੋ ਵੋਟਰਾਂ ਦੀਆਂ ਤਰਜੀਹਾਂ ਅਤੇ ਸਰਕਾਰਾਂ ਦੀ ਕਾਰਗੁਜ਼ਾਰੀ ਨੂੰ ਸਪਸ਼ਟ ਕਰਦਾ ਹੈ।




ਸਰਵੇਖਣ ਦੇ ਅੰਕੜਿਆ ਅਨੁਸਾਰ ਬਿਹਤਰ ਰੋਜ਼ਗਾਰ ਦੇ ਮੌਕੇ 46.80%, ਬਿਹਤਰ ਸਿਹਤ ਸੰਭਾਲ 34.60% ਅਤੇ ਪੀਣ ਵਾਲਾ ਪਾਣੀ 30.50% ਆਲ ਇੰਡੀਆ ਪੱਧਰ 'ਤੇ ਵੋਟਰਾਂ ਦੀਆਂ ਤਿੰਨ ਪ੍ਰਮੁੱਖ ਤਰਜੀਹਾਂ ਹਨ। ਇਸ ਤੋਂ ਬਾਅਦ ਬਿਹਤਰ ਸੜਕਾਂ 28.34% ਅਤੇ ਬਿਹਤਰ ਜਨਤਕ ਆਵਾਜਾਈ 27.35%, ਖੇਤੀਬਾੜੀ ਲਈ ਪਾਣੀ ਦੀ ਉਪਲਬਧਤਾ, 26.40% ਖੇਤੀਬਾੜੀ ਲਈ ਕਰਜ਼ੇ ਦੀ ਉਪਲਬਧਤਾ, 25.67%, ਖੇਤੀਬਾੜੀ ਸਬਸਿਡੀ 25.06% ਸਥਾਨ ਉੱਤੇ ਹਨ।

ਅਫ਼ਸੋਸ ਹੈ ਕਿ 18ਵੀਂ ਲੋਕ ਸਭਾ ਲਈ ਹੋ ਰਹੀਆਂ 2024 ਦੀਆਂ ਚੋਣਾਂ ਵਿੱਚ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਚੋਣ ਮੈਨੀਫੈਸਟੋ ਵਿੱਚ ਵੋਟਰਾਂ ਦੀਆਂ ਤਰਜੀਹਾਂ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ ਅਤੇ ਗੈਰ-ਜ਼ਰੂਰੀ ਮੁੱਦਿਆਂ ਨੂੰ ਉਭਾਰਿਆ ਜਾ ਰਿਹਾ ਹੈ। ਸਰਵੇਖਣ ਕੀਤੇ ਗਏ 32 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਵੋਟਰਾਂ ਦੀਆਂ ਤਿੰਨ ਤਰਜੀਹਾਂ 'ਤੇ ਸਰਕਾਰ ਦੀ ਕਾਰਗੁਜ਼ਾਰੀ ਲਈ ਔਸਤ ਤੋਂ ਘੱਟ ਰੇਟਿੰਗ ਦਿੱਤੀਆਂ ਹਨ। ਮਰਦ ਅਤੇ ਔਰਤ ਵੋਟਰ ਦੋਵੇਂ ਹੀ ਸਰਕਾਰੀ ਤੰਤਰ ਵਿੱਚ ਸੁਧਾਰ ਚਾਹੁੰਦੇ ਹਨ। ਔਰਤ ਵੋਟਰ ਸਿਹਤ ਸਹੂਲਤਾਂ, ਪੀਣ ਦਾ ਪਾਣੀ, ਘਰੇਲੂ ਵਰਤੋਂ ਲਈ ਬਿਜਲੀ, ਬਿਹਤਰ ਜਨਤਕ ਟਰਾਂਸਪੋਰਟ, ਸਕੂਲੀ ਸਿੱਖਿਆ ਨੂੰ ਪੁਰਸ਼ ਵੋਟਰਾਂ ਨਾਲੋਂ ਜ਼ਿਆਦਾ ਤਰਜੀਹ ਦਿੰਦੇ ਹਨ।

ਏ.ਡੀ.ਆਰ. ਦੀ ਰਿਪੋਰਟ ਅਨੁਸਾਰ 2004 ਤੋਂ ਲੈ ਕੇ ਹੁਣ ਤਕ ਉਮੀਦਵਾਰ ਅਤੇ ਜੇਤੂਆਂ ਦੇ 2 ਲੱਖ ਤੋਂ ਵਧੇਰੇ ਰਿਕਾਰਡਡ ਹਲਫ਼ੀਆ ਬਿਆਨ ਦਾ ਵਿਸ਼ਲੇਸ਼ਣ ਕਰਕੇ ਪਤਾ ਲਾਇਆ ਹੈ ਕਿ ਬਿਨਾ ਕਿਸੇ ਅਪਰਾਧਿਕ ਦੋਸ਼ਾਂ ਦੇ ਜਿਤਣ ਵਾਲੇ ਉਮੀਦਵਾਰਾਂ ਦਾ ਅਨੁਪਾਤ ਸਿਰਫ 12% ਹੈ, ਜਦਕਿ ਗੰਭੀਰ ਅਪਰਾਧਿਕ ਕੇਸਾਂ ਵਾਲਿਆਂ ਦਾ 23% ਹੈ।

ਚੋਣ ਕਮਿਸ਼ਨ ਨੇ ਸਵੀਪ (ਪ੍ਰਣਾਲੀਗਤ ਵੋਟਰਾਂ ਦੀ ਸਿੱਖਿਆ ਅਤੇ ਚੋਣ ਭਾਗੀਦਾਰੀ) ਪ੍ਰੋਗਰਾਮ ਰਾਹੀਂ ਭਾਰਤ ਵਿੱਚ ਵੋਟਰ ਸਿੱਖਿਆ, ਵੋਟਰ ਜਾਗਰੂਕਤਾ ਫੈਲਾਉਣ ਅਤੇ ਵੋਟਰ ਸਾਖਰਤਾ ਨੂੰ ਉਤਸ਼ਾਹਤ ਕਰਨ ਲਈ ਸ਼ਲਾਘਾਯੋਗ ਉਪਰਾਲਾ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਰਾਹੀਂ ਸਾਰੇ ਯੋਗ ਬਾਲਗ ਵਿਅਕਤੀ, ਜਿਨ੍ਹਾਂ ਦੀ ਵੋਟ ਨਹੀਂ ਬਣੀ, ਉਨ੍ਹਾਂ ਦੀ ਵੋਟ ਬਣਾਈ ਜਾਂਦੀ ਹੈ ਅਤੇ ਉਤਸ਼ਾਹਤ ਕੀਤਾ ਜਾਂਦਾ ਹੈ ਕਿ ਕੋਈ ਵੀ ਵੋਟਰ ਵੋਟ ਪਾਉਣੋਂ ਰਹਿ ਨਾ ਜਾਵੇ। ਚੋਣ ਕਮਿਸ਼ਨ ਵੋਟਰਾਂ ਨਾਲ ਵਾਅਦਾ ਵੀ ਕਰਦਾ ਹੈ ਕਿ ਹਰੇਕ ਪਾਈ ਗਈ ਵੋਟ ਦੀ ਸਹੀ ਗਿਣਤੀ ਹੋਵੇਗੀ। ਚੋਣ ਕਮਿਸ਼ਨ ਵੱਲੋਂ ਵੋਟਰਾਂ ਨੂੰ ਸਹੁੰ ਵੀ ਚੁਕਾਈ ਜਾ ਰਹੀ ਹੈ ਕਿ ਵੋਟਰ ਆਪਣੇ ਆਪ ਨੂੰ ਵੋਟ ਦੇ ਅਧਿਕਾਰ ਦੀ ਸਮਝਦਾਰੀ ਨਾਲ ਵਰਤੋਂ ਕਰਨ ਲਈ ਵਚਨਬੱਧ ਹੈ:

"ਅਸੀਂ ਭਾਰਤ ਦੇ ਨਾਗਰਿਕ, ਲੋਕਤੰਤਰ ਵਿੱਚ ਪੂਰਾ ਵਿਸ਼ਵਾਸ ਰੱਖਦੇ ਹੋਏ ਇਹ ਪ੍ਰਣ ਕਰਦੇ ਹਾਂ ਕਿ ਅਸੀਂ ਆਪਣੇ ਦੇਸ਼ ਦੀਆਂ ਲੋਕਤੰਤਰੀ ਪਰੰਪਰਾਵਾਂ ਦੀ ਮਰਿਆਦਾ ਕਾਇਮ ਰੱਖਾਂਗੇ ਅਤੇ ਸੁਤੰਤਰ, ਨਿਰਪੱਖ ਅਤੇ ਸ਼ਾਂਤਮਈ ਚੋਣਾਂ ਦੇ ਮਾਣ ਨੂੰ ਬਰਕਰਾਰ ਰੱਖਦੇ ਹੋਏ ਨਿਡਰ ਹੋ ਕੇ ਧਰਮ, ਵਰਗ, ਜਾਤੀ, ਭਾਈਚਾਰੇ, ਭਾਸ਼ਾ ਜਾਂ ਹੋਰ ਕਿਸੇ ਵੀ ਲਾਲਚ ਦੇ ਪ੍ਰਭਾਵ ਤੋਂ ਬਿਨਾ ਸਾਰੀਆਂ ਚੋਣਾਂ ਵਿੱਚ ਆਪਣੇ ਵੋਟ ਦੇ ਹੱਕ ਦੀ ਵਰਤੋਂ ਕਰਾਂਗੇ।"

ਲਗਦਾ ਹੈ ਕਿ ਭਾਰਤ ਦਾ ਚੋਣ ਕਮਿਸ਼ਨ ਵੋਟਰਾਂ ਨੂੰ ਆਪਣੇ ਫਲੈਗਸ਼ਿਪ ਪ੍ਰੋਗਰਾਮ 'ਸਵੀਪ' ਰਾਹੀਂ ਜਾਗਰੂਕ ਕਰਦੇ ਹੋਏ ਭਾਰਤ ਦੇ ਸਾਰੇ ਵੋਟਰਾਂ ਨੂੰ ਸਹੁੰ ਚੁਕਾ ਕੇ ਸੁਰਖ਼ਰੂ ਹੋਣਾ ਚਾਹੁੰਦਾ ਹੈ। ਚੋਣ ਕਮਿਸ਼ਨ ਨੂੰ ਵੋਟਰਾਂ ਦੇ ਤੌਖਲੇ ਤੋਂ ਵੀ ਜਾਣੂ ਹੋਣਾ ਚਾਹੀਦਾ ਹੈ। ਵੋਟਰਾਂ ਦਾ ਸਭ ਤੋਂ ਵੱਡਾ ਤੌਖਲਾ ਹੈ ਕਿ ਚੋਣਾਂ ਦੌਰਾਨ ਆਦਰਸ਼ ਚੋਣ ਜ਼ਾਬਤੇ ਨੂੰ ਅਸਰਦਾਰ ਢੰਗ ਨਾਲ ਅਤੇ ਬਿਨਾ ਸਿਆਸੀ ਪੱਖਪਾਤ ਦੇ ਲਾਗੂ ਨਹੀਂ ਕੀਤਾ ਜਾ ਰਿਹਾ। ਸਿਆਸੀ ਪਾਰਟੀਆਂ ਦੇ ਹਿੰਸਕ ਅਤੇ ਨਫ਼ਰਤ ਭਰਿਆ ਚੋਣ ਪ੍ਰਚਾਰ, ਬੇਤੁਕੇ ਚੋਣ ਮਨੋਰਥ ਪੱਤਰ, ਐਲਾਨੀਆਂ ਜਾ ਰਹੀਆਂ ਗਾਰੰਟੀਆਂ, ਚੋਣਾਂ ਵਿੱਚ ਬੇਹਿਸਾਬ ਪੈਸੇ ਤੇ ਤਾਕਤ ਦੀ ਵਰਤੋਂ ਵੋਟਰਾਂ ਦੇ ਚੋਣਾਵੀ ਵਤੀਰੇ ਨੂੰ ਪ੍ਰਭਾਵਤ ਕਰਦੇ ਹਨ ਅਤੇ ਉਨ੍ਹਾਂ ਦੀ ਮਾਨਸਿਕ ਉਲਝਣਾਂ ਨੂੰ ਵਧਾਉਂਦੇ ਹਨ।

ਚੋਣ ਕਮਿਸ਼ਨ ਭਾਵੇਂ 2024 ਦੀਆਂ ਚੋਣਾਂ ਨੂੰ 'ਪਰਵ' ਅਤੇ 'ਦੇਸ਼ ਦਾ ਗਰਵ' ਕਹਿ ਰਿਹਾ ਹੈ, ਪਰ ਸੱਚਾਈ ਹੈ ਕਿ ਸਿਆਸੀ ਪਾਰਟੀਆਂ ਅਤੇ ਉਨ੍ਹਾਂ ਦੇ ਚੋਣ ਉਮੀਦਵਾਰਾਂ ਵੱਲੋਂ ਆਪਣੇ ਚੋਣ ਪ੍ਰਚਾਰ ਰਾਹੀਂ ਵੋਟਰਾਂ ਨੂੰ ਉਮੀਦਵਾਰਾਂ ਦਾ ਅਪਰਾਧਿਕ ਪਿਛੋਕੜ ਅਤੇ ਸਿਆਸੀ ਪਾਰਟੀਆਂ ਅੰਦਰ ਵਧ ਰਿਹਾ ਵੰਸ਼ਵਾਦ ਤੇ ਵਪਾਰਕਵਾਦ ਬਾਰੇ ਦਿੱਤੀ ਜਾ ਰਹੀ ਝੂਠੀ ਜਾਣਕਾਰੀ ਵੋਟਰਾਂ ਦੀ ਮਾਨਸਿਕ ਉਲਝਣਾਂ ਨੂੰ ਵਧਾ ਰਹੀ ਹੈ। ਵੋਟਰਾਂ ਲਈ ਚਲਾਏ ਜਾ ਰਹੇ 'ਸਵੀਪ' ਪ੍ਰੋਗਰਾਮ ਵਾਂਗ ਹੀ ਚੋਣ ਕਮਿਸ਼ਨ ਵੱਲੋਂ ਭਾਰਤ ਦੇ ਨੇਤਾਵਾਂ ਲਈ 'ਸਪੀਟ' (ਸਿਸਟੇਮੈਟਿਕ ਪੋਲੀਟਿਸ਼ੀਅਨਜ਼ ਐਜੂਕੇਸ਼ਨ, ਅਕਾਊਂਟੇਬਲਟੀ ਐਂਡ ਟਰਾਂਸਪੇਰੇਂਸੀ) ਭਾਵ ਪ੍ਰਣਾਲੀਗਤ ਨੇਤਾ ਸਿੱਖਿਆ, ਜਵਾਬਦੇਹ ਅਤੇ ਪਾਰਦਰਸ਼ਤਾ ਪ੍ਰੋਗਰਾਮ ਵੀ ਚਾਲੂ ਕਰਨ ਦੀ ਬੇਹੱਦ ਲੋੜ ਹੈ। ਚੋਣ ਕਮਿਸ਼ਨ ਨੂੰ ਸਵੈ-ਪੜਚੋਲ ਕਰਨ ਦੀ ਵੀ ਲੋੜ ਹੈ ਕਿ ਸਿਆਸੀ ਪਾਰਟੀਆਂ ਅਪਰਾਧੀਆਂ ਅਤੇ ਕਰੋੜਪਤੀਆਂ ਨੂੰ ਚੋਣਾਂ ਕਿਉਂ ਲੜਾਉਂਦੀਆਂ ਹਨ ਅਤੇ ਕਾਨੂੰਨਘਾੜੇ ਕਿਉਂ ਦਿਨੋ ਦਿਨ ਅਮੀਰ ਹੁੰਦੇ ਜਾ ਰਹੇ ਹਨ।

# ਵਿਦੇਸ਼ੀ ਮੀਡੀਏ ਦਾ ਭਾਰਤੀ ਚੋਣਾਂ ਪ੍ਰਤੀ ਨਜ਼ਰੀਆ

ਦਰਬਾਰਾ ਸਿੰਘ ਕਾਹਲੋਂ

ਭਾਰਤ ਅੰਦਰ 18ਵੀਂ ਲੋਕ ਸਭਾ ਦੀਆਂ 543 ਸੀਟਾਂ ਲਈ ਚੋਣ ਪ੍ਰਕਿਰਿਆ ਧੜੱਲੇ ਨਾਲ ਚੱਲ ਰਹੀ ਹੈ। 7 ਗੇੜਾਂ ਵਿੱਚ ਹੋਣ ਵਾਲੀਆਂ ਚੋਣਾਂ 19 ਅਪਰੈਲ ਨੂੰ ਸ਼ੁਰੂ ਹੋ ਗਈਆਂ, ਇਹ ਸਿਲਸਿਲਾ ਪਹਿਲੀ ਜੂਨ ਤੱਕ ਜਾਰੀ ਰਹੇਗਾ। 4 ਜੂਨ ਨੂੰ ਭਾਰਤੀ ਚੋਣ ਕਮਿਸ਼ਨ ਨਤੀਜੇ ਐਲਾਨ ਦੇਵੇਗਾ। ਦੇਸ਼-ਵਿਦੇਸ਼ ਅੰਦਰ ਹੀ ਨਹੀਂ, ਕੌਮਾਂਤਰੀ ਸੰਸਥਾਵਾਂ ਵਿੱਚ ਇਨ੍ਹਾਂ ਚੋਣਾਂ ਦੇ ਚਰਚੇ ਜ਼ੋਰ-ਸ਼ੋਰ ਨਾਲ ਚੱਲ ਰਹੇ ਹਨ। ਭਾਰਤ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਹੈ। ਕਰੀਬ 140 ਕਰੋੜ ਦੀ ਆਬਾਦੀ ਵਾਲੇ ਦੇਸ਼ ਦੇ ਇਸ ਚੋਣ ਮੇਲੇ ਵਿੱਚ 98.68 ਕਰੋੜ ਵੋਟਰ ਭਾਗ ਲੈ ਰਹੇ ਹਨ। ਕਰੀਬ 2.63 ਕਰੋੜ ਐਸੇ ਨੌਜਵਾਨ ਵੋਟਰ ਹਨ, ਜੋ ਪਹਿਲੀ ਵਾਰ ਆਪਣੇ ਮਤ ਅਧਿਕਾਰ ਦੀ ਵਰਤੋਂ ਕਰਨਗੇ। ਇਨ੍ਹਾਂ ਵਿੱਚ 1.41 ਕਰੋੜ ਔਰਤ ਵੋਟਰ ਹਨ।

ਯੂ.ਐਨ.ਓ., ਯੂਰਪੀਅਨ ਯੂਨੀਅਨ, 22 ਅਰਬ ਦੇਸ਼ਾਂ 'ਤੇ ਆਧਾਰਿਤ ਅਰਬ ਲੀਗ, ਏਸ਼ੀਅਨ, ਅਫਰੀਕਨ, ਲਤਾਨੀ ਦੇਸ਼, ਅਮਰੀਕਾ, ਰੂਸ, ਚੀਨ ਵਰਗੇ ਤਾਕਤਵਰ ਦੇਸ਼ ਭਾਰਤੀ ਚੋਣਾਂ ਨੂੰ ਬੜੇ ਧਿਆਨ ਨਾਲ ਤੱਕ ਰਹੇ ਹਨ। ਸੰਸਾਰ ਦਾ ਨਾਮਵਰ ਇਲੈਕਟ੍ਰੌਨਿਕ ਤੇ ਪ੍ਰਿੰਟ ਮੀਡੀਆ ਇਸ ਬਾਰੇ ਟਿੱਪਣੀਆਂ ਕਰ ਰਿਹਾ ਹੈ। 'ਗਲੋਬ ਐਂਡ ਮੇਲ', 'ਟੋਰਾਂਟੋ ਸਟਾਰ', 'ਗਾਰਡੀਅਨ', 'ਗਲੋਬਲ ਟਾਈਮਜ਼' ਅਤੇ ਅਨੇਕ ਸੰਸਥਾਵਾਂ ਲੇਖਾਂ, ਟਿੱਪਣੀਆਂ ਅਤੇ ਅਧਿਐਨਾਂ ਰਾਹੀਂ ਭਾਰਤੀ ਲੋਕਤੰਤਰ, ਲੋਕਤੰਤਰੀ ਸੰਸਥਾਵਾਂ, ਮਾਨਵ ਅਧਿਕਾਰਾਂ, ਆਰਥਿਕ ਅਤੇ ਸਮਾਜਿਕ ਵਿਵਸਥਾ ਬਾਰੇ ਸਮੀਖਿਆਵਾਂ ਪੇਸ਼ ਕਰ ਰਹੀਆਂ ਹਨ।

'ਦਿ ਗਾਰਡੀਅਨ' ਮੁਤਾਬਿਕ ਸੰਸਾਰ ਦੀ ਸਭ ਤੋਂ ਲੰਮੀ ਚੋਣ ਪ੍ਰਕਿਰਿਆ ਸ਼ੁਰੂ ਹੋਣ 'ਤੇ ਹੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਦੇਸ਼ ਦੀ ਅਗਵਾਈ ਕਰਨ ਲਈ ਦੌੜ ਪਹਿਲਾਂ ਹੀ ਜਿੱਤੀ ਜਾ ਚੁੱਕੀ ਹੈ। ਜੇ ਨਰਿੰਦਰ ਮੋਦੀ ਤੀਜੀ ਵਾਰ ਜਿੱਤ ਪ੍ਰਾਪਤ ਕਰਦੇ ਹਨ ਤਾਂ ਉਹ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਬਰਾਬਰੀ ਕਰ ਲੈਣਗੇ। ਨਤੀਜੇ ਜੋ ਵੀ ਹੋਣ, ਪਰ ਸਭ ਤੋਂ ਵੱਡੇ ਘਾਟੇ ਵਿੱਚ ਭਾਰਤੀ ਲੋਕਤੰਤਰ ਹੋਵੇਗਾ। ਨਹਿਰੂ ਆਪਣੀ ਆਲੋਚਨਾ ਸਹਾਰ ਲੈਂਦਾ ਸੀ, ਪਰ ਮੋਦੀ ਕੋਲ ਤਾਂ ਆਪਣੇ ਵਿਰੋਧੀਆਂ ਲਈ ਵੀ ਸਮਾਂ ਨਹੀਂ। ਅਸਲ ਵਿੱਚ, ਲੋਕਤੰਤਰ ਤਾਂ ਹੀ ਚੱਲਦਾ ਹੈ ਜੇ ਮੁਕਾਬਲਾ ਬਰਾਬਰੀ ਵਾਲੇ ਵਿਹਾਰ ਦੀ ਗਾਰੰਟੀ ਆਧਾਰਿਤ ਹੋਵੇ, ਪਰ ਮੋਦੀ ਕਾਲ ਵਿੱਚ ਇਸ ਦੀ ਘਾਟ ਹੈ। ਮੁੱਖ ਵਿਰੋਧੀ ਧਿਰ ਕਾਂਗਰਸ ਪਾਰਟੀ ਦੇ ਬੈਂਕ ਖਾਤੇ ਫਰੀਜ਼ ਕੀਤੇ ਗਏ। ਈ.ਡੀ. ਅਤੇ ਆਈ.ਟੀ. ਨੇ ਵਿਰੋਧੀ ਧਿਰ ਦੇ ਆਗੂ ਗ੍ਰਿਫਤਾਰ ਕੀਤੇ। 2018 ਤੋਂ ਭਾਜਪਾ ਨੇ ਅਮੀਰ ਦਾਨੀਆਂ ਤੋਂ ਸਵਾ ਬਿਲੀਅਨ ਪੌਂਡ, ਵਿਰੋਧੀ ਪਾਰਟੀਆਂ ਦੇ ਕੁੱਲ ਜੋੜ ਤੋਂ ਕਿਤੇ ਵੱਧ ਪ੍ਰਾਪਤ ਕੀਤੇ। ਪਿਛਲੇ ਦਸ ਸਾਲਾਂ ਵਿੱਚ ਵਧਦੀ ਬੇਰੁਜ਼ਗਾਰੀ, ਮਹਿੰਗਾਈ ਅਤੇ ਆਰਥਿਕ ਅਸੁਰੱਖਿਆ ਤੋਂ ਵੋਟਰ ਨਾਰਾਜ਼ ਦਰਸਾਏ ਗਏ, ਪਰ ਮੋਦੀ ਨੇ ਜਨਤਕ ਹਰਮਨ ਪਿਆਰਤਾ ਬਲਬੂਤੇ ਚੋਣਾਂ ਜਿੱਤਣ ਤੋਂ ਬਾਅਦ ਰਾਜਕੀ, ਲੋਕਤੰਤਰੀ ਅਤੇ ਸੰਵਿਧਾਨਕ ਹੱਕ ਮੁਹੱਈਆ ਕਰਵਾਉਣ ਵਾਲੀਆਂ ਸੰਸਥਾਵਾਂ ਨੂੰ ਹੀ ਇੰਨਾ ਕਮਜ਼ੋਰ ਕਰ ਦਿੱਤਾ ਕਿ ਉਸ ਦੀ ਜਿੱਤ ਨੂੰ ਕੋਈ ਚੁਣੌਤੀ ਨਾ ਦੇ ਸਕੇ।



'ਗਲੋਬ ਐਂਡ ਮੇਲ', 'ਟੋਰਾਂਟੋ ਸਟਾਰ' ਅੰਦਰਲੇ ਲੇਖ ਵੀ 'ਦਿ ਗਾਰਡੀਅਨ' ਦੀ ਤਰਜ਼ ਵਾਲੇ ਹਨ ਅਤੇ 205 ਮਿਲੀਅਨ ਭਾਰਤੀ ਮੁਸਲਮਾਨਾਂ ਨੂੰ ਦਰਕਿਨਾਰ ਕਰਨ ਵਾਲੇ ਮੋਦੀ ਦੇ 1.1 ਬਿਲੀਅਨ ਹਿੰਦੂ ਬਹੁਗਿਣਤੀ ਆਧਾਰ 'ਤੇ ਹਿੰਦੂਤਵੀ ਪੱਤੇ ਦਾ ਜ਼ਿਕਰ ਕਰਦੇ ਹਨ। ਲਿਖਤਾਂ ਵਿੱਚ ਦੱਖਣੀ ਭਾਰਤ ਜਿੱਥੇ ਮੋਦੀ ਦੀ ਹਿੰਦੂਤਵੀ ਲਹਿਰ ਦਾ ਕੋਈ ਅਸਰ ਨਹੀਂ, ਵਿੱਚ ਉੱਤਰੀ ਭਾਰਤੀਆਂ ਨਾਲੋਂ ਬਿਹਤਰ ਤਰਜ਼-ਏ-ਜ਼ਿੰਦਗੀ ਦਾ ਜ਼ਿਕਰ ਹੈ। ਵਿਦੇਸ਼ੀ ਮੀਡੀਆ ਸਮਝਦਾ ਹੈ ਕਿ ਹਿੰਦੂਤਵੀ ਪੱਤੇ ਰਾਹੀਂ ਮੋਦੀ ਨੇ ਪੰਡਤ ਜਵਾਹਰ ਲਾਲ ਨਹਿਰੂ ਵੱਲੋਂ ਸਥਾਪਿਤ ਧਰਮ ਨਿਰਪੱਖ ਅਤੇ ਹਿੰਦੂ-ਮੁਸਲਿਮ ਅੰਦਰ ਵਧਦੀ ਨੇੜਤਾ ਨੂੰ ਸੌੜੀ ਰਾਸ਼ਟਰਵਾਦੀ ਵਿਚਾਰਧਾਰਾ ਅਤੇ ਅਮਲ ਰਾਹੀਂ ਖ਼ਤਮ ਕਰ ਦਿੱਤਾ ਹੈ। ਰਾਜਕੀ ਪੁਲੀਸ ਸ਼ਕਤੀ ਅਤੇ ਹਿੰਦੂਤਵੀ ਚੌਕਸੀ ਗਰੁੱਪਾਂ ਦੇ ਤਸ਼ੱਦਦ ਰਾਹੀਂ ਭਾਰਤੀ ਰਾਸ਼ਟਰ ਅੰਦਰ ਡਰ ਅਤੇ ਸਹਿਮ ਦਾ ਮਾਹੌਲ ਪੈਦਾ ਕੀਤਾ ਹੋਇਆ ਹੈ। ਮੁਗ਼ਲ ਕਾਲ ਵੇਲੇ ਅਯੁੱਧਿਆ ਵਿੱਚ ਸਥਾਪਿਤ ਬਾਬਰੀ ਮਸਜਿਦ ਗਿਰਾ ਕੇ ਉਸ ਦੀ ਥਾਂ ਸ਼ਾਨਦਾਰ ਰਾਮ ਮੰਦਰ ਦਾ ਨਿਰਮਾਣ ਹਿੰਦੂਤਵ ਵਾਸਤੂ ਸ਼ਾਸਤਰ ਰਾਹੀਂ ਕੀਤਾ ਗਿਆ ਹੈ, ਜਿੱਥੇ ਖ਼ੁਦ ਮੋਦੀ ਨੇ 22 ਜਨਵਰੀ 2024 ਨੂੰ ਰਾਮ ਲੱਲਾ ਪ੍ਰਾਣ ਪ੍ਰਤਿਸ਼ਠਾ ਕਾਰਜ ਅੰਜਾਮ ਦਿੱਤਾ। 2006 ਦੇ ਮੈਗਸੈਸੇ ਇਨਾਮ ਪ੍ਰਾਪਤ ਕਰਤਾ ਅਰਵਿੰਦ ਕੇਜਰੀਵਾਲ, ਜੋ ਅੱਜ ਕੱਲ੍ਹ ਦਿੱਲੀ ਦੇ ਮੁੱਖ ਮੰਤਰੀ ਹਨ, ਨੂੰ ਮੋਦੀ ਦੀ ਹਿੱਕ ਵਿੱਚ ਕੰਡਾ ਸਮਝਦੇ ਹੋਏ ਗ੍ਰਿਫਤਾਰ ਕਰ ਲਿਆ ਗਿਆ। ਇਵੇਂ ਹੀ ਵਿਰੋਧੀ ਧਿਰ ਦੇ ਹੋਰ ਆਗੂ ਵੀ ਗ੍ਰਿਫਤਾਰ ਕੀਤੇ ਗਏ ਹਨ। ਕੇਜਰੀਵਾਲ ਆਪਣੇ ਆਪ ਨੂੰ ਨਿਰਦੋਸ਼ ਦੱਸਦਾ ਹੈ। ਮਾਮਲਾ ਨਿਆਂਪਾਲਿਕਾ ਦੇ ਵਿਚਾਰ ਅਧੀਨ ਹੈ। ਅਮਰੀਕਾ, ਜਰਮਨੀ, ਯੂ.ਐਨ. ਨੇ ਕੇਜਰੀਵਾਲ ਦੀ ਗ੍ਰਿਫਤਾਰੀ 'ਤੇ ਸਵਾਲ ਚੁੱਕੇ ਹਨ।

'ਸੰਸਾਰ ਸਮਾਨਤਾ ਲੈਬ' ਸੰਸਥਾ ਮੋਦੀ ਕਾਲ ਨੂੰ ਭਾਰਤੀ ਅਰਬਪਤੀਆਂ ਲਈ ਸੁਨਹਿਰੀ ਕਾਲ ਸਮਝਦੀ ਹੈ, ਜਿਸ ਨੇ ਅਮਰੀਕਾ, ਬ੍ਰਾਜ਼ੀਲ, ਦੱਖਣੀ ਅਫਰੀਕਾ ਨਾਲੋਂ ਵੀ ਭਾਰਤ ਅੰਦਰ ਆਰਥਿਕ ਸਮਾਜਿਕ ਨਾ-ਬਰਾਬਰੀ ਪੈਦਾ ਕੀਤੀ ਹੈ। ਵਾਸ਼ਿੰਗਟਨ ਸਥਿਤ ਥਿੰਕ ਟੈਂਕ 'ਫਰੀਡਮ ਹਾਊਸ' ਦਾ ਮੰਨਣਾ ਹੈ ਕਿ 2014 ਤੋਂ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਅਤੇ ਆਜ਼ਾਦੀਆਂ ਨੂੰ ਢਾਹ ਲੱਗੀ ਹੈ। 'ਮਾਇਆ ਟਿਊਡਰ' ਅਨੁਸਾਰ ਵਿਰੋਧੀ ਧਿਰ ਨੂੰ ਕਾਨੂੰਨੀ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਮੀਡੀਆ ਨੂੰ ਧਮਕਾਇਆ ਜਾਂਦਾ ਹੈ ਤੇ ਨਿਆਂਪਾਲਕਾ ਦਾ ਕੇਂਦਰੀਕਰਨ ਹੋ ਚੁੱਕਾ ਹੈ।

'ਟੋਰਾਂਟੋ ਸਟਾਰ' ਭਾਰਤ ਵਿੱਚ ਐਸੀ ਵਿਵਸਥਾ ਨੂੰ ਭਾਰਤੀ ਵੱਕਾਰ ਦੀ ਮੌਤ ਅਤੇ 'ਗਲੋਬ ਐਂਡ ਮੇਲ' ਸਭ ਤੋਂ ਵੱਡੀ ਲੋਕਸ਼ਾਹੀ ਅੰਦਰ ਮਨੁੱਖੀ ਆਜ਼ਾਦੀਆਂ ਦਾ ਘਾਣ ਮੰਨਦੇ ਹਨ, ਪਰ ਚੀਨੀ ਕਮਿਊਨਿਸਟ ਪਾਰਟੀ ਦਾ ਬੁਲਾਰਾ 'ਗਲੋਬਲ ਟਾਈਮਜ਼' ਪਿਛਲੇ 4 ਸਾਲਾਂ ਵਿੱਚ ਭਾਰਤ ਵਿੱਚ ਵੱਡੀ ਤਬਦੀਲੀ ਦਰਸਾ ਰਿਹਾ ਹੈ। ਭਾਰਤੀ ਆਰਥਿਕ ਵਿਕਾਸ ਅਤੇ ਸਮਾਜਿਕ ਸ਼ਾਸਨ ਵਿੱਚ ਅਦਭੁੱਤ ਨਤੀਜੇ ਸਾਹਮਣੇ ਆਏ ਹਨ। ਭਾਰਤ ਸੰਸਾਰ ਦਾ ਤੇਜ਼ ਗਤੀ ਨਾਲ ਵਿਕਾਸ ਕਰਨ ਵਾਲਾ ਰਾਸ਼ਟਰ ਬਣ ਰਿਹਾ ਹੈ। ਕੌਮਾਂਤਰੀ ਮੁਦਰਾ ਕੋਸ਼ ਭਾਰਤ ਨੂੰ ਗਲੋਬਲ ਆਰਥਿਕ ਵਿਕਾਸ ਦੇ ਲੀਡਰ ਵਜੋਂ ਉੱਭਰਦਾ ਦਰਸਾ ਰਿਹਾ ਹੈ।

# ਸਾਡੇ ਚਾਅਵਾਂ ਨੇ ਭਰੀ ਪਰਵਾਜ਼ ਕਿ ਮੁੱਖ ਉਤੇ ਹਾਸੇ ਨੱਚਦੇ...

*ਪੀ.ਸੀ.ਐਸ. ਦੇ 'ਰੰਗਲਾ ਪੰਜਾਬ' ਦੀਆਂ ਕੁਝ ਮਨਮੋਹਕ ਤਸਵੀਰਾਂ*
























**ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਹਾਕੀ ਖਿਡਾਰੀਆਂ ਵਿੱਚੋਂ ਅਖ਼ਤਰ ਰਸੂਲ ਤੇ ਅਜੀਤ ਪਾਲ ਨੂੰ ਇਹੋ ਮਾਣ ਰਹੇਗਾ ਕਿ ਉਨ੍ਹਾਂ ਵਰਗਾ ਵਿਸ਼ਵ ਦਾ ਸੈਂਟਰ ਹਾਫ਼ ਖਿਡਾਰੀ ਨਹੀਂ ਹੋਇਆ। ਦੋਵੇਂ ਆਪੋ-ਆਪਣੀਆਂ ਕੌਮੀ ਟੀਮਾਂ ਦਾ ਧੁਰਾ ਰਹੇ ਹਨ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਹਥਲੇ ਲੇਖ ਵਿੱਚ ਅਖ਼ਤਰ ਰਸੂਲ ਦੇ ਜੀਵਨ ਦਾ ਸੰਖੇਪ ਵੇਰਵਾ ਹੈ। ਅਖ਼ਤਰ ਰਸੂਲ ਨੇ 1971 ਤੋਂ 1982 ਤੱਕ 12 ਸਾਲ ਪਾਕਿਸਤਾਨ ਲਈ ਖੇਡਦਿਆਂ ਬੇਸ਼ੁਮਾਰ ਜਿੱਤਾਂ ਅਤੇ ਪ੍ਰਾਪਤੀਆਂ ਹਾਸਲ ਕੀਤੀਆਂ, ਜੋ ਕਿ ਆਧੁਨਿਕ ਹਾਕੀ ਵਿੱਚ ਦੁਨੀਆਂ ਦੇ ਕਿਸੇ ਵੀ ਖਿਡਾਰੀ ਦੇ ਹਿੱਸੇ ਨਹੀਂ ਆਈਆਂ।**

## ਖਿਡਾਰੀ ਪੰਜ-ਆਬ ਦੇ (17)

**ਨਵਦੀਪ ਸਿੰਘ ਗਿੱਲ**
ਫੋਨ: +91-9780036216



# ਪਾਕਿਸਤਾਨ ਹਾਕੀ ਦਾ ਧੁਰਾ ਸੀ ਅਖ਼ਤਰ ਰਸੂਲ



ਹਾਕੀ ਖੇਡ ਵਿੱਚ ਜੋ ਪ੍ਰਾਪਤੀਆਂ ਤੇ ਰੁਤਬਾ ਭਾਰਤ ਤੇ ਪਾਕਿਸਤਾਨ ਅਤੇ ਇੱਥੋਂ ਦੇ ਖਿਡਾਰੀਆਂ ਨੂੰ ਹਾਸਲ ਹੈ, ਉਹ ਕੁੱਲ ਆਲਮ ਵਿੱਚ ਹੋਰ ਕਿਸੇ ਮੁਲਕ ਜਾਂ ਉਥੋਂ ਦੇ ਖਿਡਾਰੀਆਂ ਨੂੰ ਨਹੀਂ। ਓਲੰਪਿਕ ਖੇਡਾਂ ਵਿੱਚ ਜੇ ਸਭ ਤੋਂ ਵੱਧ 8 ਸੋਨ ਤਮਗੇ ਭਾਰਤ ਨੇ ਜਿੱਤੇ ਹਨ, ਉਥੇ ਵਿਸ਼ਵ ਕੱਪ ਵਿੱਚ ਪਾਕਿਸਤਾਨ ਨੇ ਸਭ ਤੋਂ ਵੱਧ 4 ਵਾਰ ਸੋਨ ਤਮਗਾ ਜਿੱਤਿਆ ਹੈ। ਭਾਰਤੀ ਹਾਕੀ ਵਿੱਚ ਧਿਆਨ ਚੰਦ, ਬਲਬੀਰ ਸਿੰਘ ਸੀਨੀਅਰ ਤੇ ਲੈਜਲੀ ਕਲਾਡੀਅਸ ਨੂੰ ਤਿੰਨ ਵਾਰ ਓਲੰਪਿਕਸ ਸੋਨ ਤਮਗੇ ਜਿੱਤਣ ਦਾ ਮਾਣ ਹਾਸਲ ਹੈ, ਉਥੇ ਪਾਕਿਸਤਾਨ ਦੇ ਅਖ਼ਤਰ ਰਸੂਲ ਨੇ ਤਿੰਨ ਵਾਰ ਵਿਸ਼ਵ ਕੱਪ ਵਿੱਚ ਸੋਨ ਤਮਗਾ ਜਿੱਤਿਆ ਹੈ। ਅੱਜ ਦੇ ਕਾਲਮ 'ਚ ਦੁਨੀਆਂ ਦੇ ਮਹਾਨ ਸੈਂਟਰ ਹਾਫ਼ ਅਤੇ ਪਾਕਿਸਤਾਨ ਹਾਕੀ ਦੇ ਧੁਰਾ ਆਖੇ ਜਾਂਦੇ ਅਖ਼ਤਰ ਰਸੂਲ ਦੀ ਗੱਲ ਕਰਾਂਗੇ।

ਅਖ਼ਤਰ ਰਸੂਲ ਦਾ ਜਨਮ 13 ਜਨਵਰੀ 1954 ਨੂੰ ਪਾਕਿਸਤਾਨ ਦੇ ਲਹਿੰਦੇ ਪੰਜਾਬ ਦੇ ਫੈਸਲਾਬਾਦ ਵਿੱਚ ਹੋਇਆ, ਜਿਸ ਨੂੰ ਪਹਿਲਾਂ ਲਾਇਲਪੁਰ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਅਖ਼ਤਰ ਰਸੂਲ ਦੇ ਪਰਿਵਾਰ ਦਾ ਸਬੰਧ ਵੰਡ ਤੋਂ ਪਹਿਲਾਂ ਚੜ੍ਹਦੇ ਪੰਜਾਬ ਨਾਲ ਸੀ। ਉਨ੍ਹਾਂ ਦੇ ਪਿਤਾ ਚੌਧਰੀ ਅਖ਼ਤਰ ਰਸੂਲ ਅੰਮ੍ਰਿਤਸਰ ਦੇ ਜੰਮਪਲ ਸਨ, ਜੋ ਵੰਡ ਤੋਂ ਬਾਅਦ ਫੈਸਲਾਬਾਦ ਅਤੇ ਫੇਰ ਲਾਹੌਰ ਵਿੱਚ ਆ ਕੇ ਵਸ ਗਏ। ਅਖ਼ਤਰ ਰਸੂਲ ਖੁਦ ਹਾਕੀ ਦੇ ਵੱਡੇ ਖਿਡਾਰੀ ਸਨ, ਜਿਨ੍ਹਾਂ ਪਾਕਿਸਤਾਨ ਵੱਲੋਂ ਖੇਡਦਿਆਂ 1960 ਵਿੱਚ ਰੋਮ ਓਲੰਪਿਕਸ ਵਿੱਚ ਸੋਨੇ ਅਤੇ 1956 ਵਿੱਚ ਮੈਲਬਰਨ ਓਲੰਪਿਕਸ ਵਿੱਚ ਚਾਂਦੀ ਦਾ ਤਮਗਾ ਜਿੱਤਿਆ। 1962 ਵਿੱਚ ਜਕਾਰਤਾ ਏਸ਼ਿਆਈ ਖੇਡਾਂ ਵਿੱਚ ਸੋਨੇ ਦਾ ਤਮਗਾ ਜਿੱਤਿਆ। ਅਖ਼ਤਰ ਰਸੂਲ ਪੜ੍ਹਾਈ ਵਿੱਚ ਵੀ ਬਹੁਤ ਹੁਸ਼ਿਆਰ ਸਨ, ਜਿਨ੍ਹਾਂ ਐਮ.ਐਸਸੀ. ਐਗਰੀਕਲਚਰ ਕੀਤੀ ਤੇ ਕਾਲਜ ਵਿੱਚ ਲੈਕਚਰਾਰ ਰਹੇ ਅਤੇ ਲਹਿੰਦੇ ਪੰਜਾਬ ਦੇ ਸਕੱਤਰ ਖੇਤੀਬਾੜੀ ਵਿੱਚੋਂ ਰਿਟਾਇਰ ਹੋਏ। ਅਖ਼ਤਰ ਰਸੂਲ ਨੂੰ ਪਾਕਿਸਤਾਨ ਦਾ ਸਰਵਉੱਚ ਨਾਗਰਿਕ ਸਨਮਾਨ 'ਪ੍ਰਾਈਡ ਆਫ਼ ਪ੍ਰਫਾਰਮੈਂਸ' ਨਾਲ ਵੀ ਸਨਮਾਨਿਆ ਗਿਆ।

ਖੇਡ ਪਰਿਵਾਰ ਵਿੱਚ ਜਨਮੇ ਅਖ਼ਤਰ ਨੂੰ ਹਾਕੀ ਦੀ ਗੁੜ੍ਹਤੀ ਆਪਣੇ ਪਿਤਾ ਤੋਂ ਮਿਲੀ। ਸਰਕਾਰੀ ਕਾਲਜ ਲਾਹੌਰ ਤੋਂ ਗਰੈਜੂਏਸ਼ਨ ਕਰਦਿਆਂ ਅਖ਼ਤਰ ਨੇ ਇੰਟਰ 'ਵਰਸਿਟੀ ਮੁਕਾਬਲਿਆਂ ਵਿੱਚ ਕਾਲਜ ਦੀ ਹਾਕੀ ਟੀਮ ਦੀ ਕਪਤਾਨੀ ਕੀਤੀ। 1971 ਵਿੱਚ ਉਹ ਪਾਕਿਸਤਾਨ ਦੀ ਕੌਮੀ ਹਾਕੀ ਟੀਮ ਵਿੱਚ ਚੁਣਿਆ ਗਿਆ ਅਤੇ ਉਸ ਤੋਂ ਬਾਅਦ ਫੇਰ ਪਿੱਛੇ ਮੁੜ ਕੇ ਨਹੀਂ ਵੇਖਿਆ। 1971 ਤੋਂ 1982 ਤੱਕ 12 ਸਾਲ ਪਾਕਿਸਤਾਨ ਲਈ ਖੇਡਦਿਆਂ ਬੇਸ਼ੁਮਾਰ ਜਿੱਤਾਂ ਅਤੇ ਪ੍ਰਾਪਤੀਆਂ ਹਾਸਲ ਕੀਤੀਆਂ, ਜੋ ਕਿ ਆਧੁਨਿਕ ਹਾਕੀ ਵਿੱਚ ਦੁਨੀਆਂ ਦੇ ਕਿਸੇ ਵੀ ਖਿਡਾਰੀ ਦੇ ਹਿੱਸੇ ਨਹੀਂ ਆਈਆਂ। ਅਖ਼ਤਰ ਹਾਕੀ ਖੇਡ ਦੀ ਜਿੰਦ-ਜਾਨ ਮੰਨੀ ਜਾਂਦੀ ਸੈਂਟਰ ਹਾਫ਼ ਦੀ ਪੁਜੀਸ਼ਨ ਉਤੇ ਖੇਡਦਾ ਪਾਕਿਸਤਾਨ ਹਾਕੀ ਦਾ ਧੁਰਾ ਹੁੰਦਾ ਸੀ। ਪੂਰੀ ਟੀਮ ਉਸ ਦੇ ਦੁਆਲੇ ਘੁੰਮਦੀ ਸੀ। ਉਹ ਸੈਂਟਰ ਹਾਫ਼ ਉਤੇ ਖੇਡਦਾ ਡਿਫੈਂਸ ਦਾ ਸਾਥ ਦਿੰਦਾ ਅਤੇ ਫੇਰ ਪਾਕਿਸਤਾਨ ਹਮਲਿਆਂ ਦਾ ਮੁੱਢ ਬੰਨ੍ਹਦਾ ਹੋਇਆ ਸਟਰਾਈਕਰਾਂ ਨੂੰ ਮਿਣਵੇਂ ਪਾਸ ਸੁੱਟਦਾ, ਜਿਸ ਨਾਲ ਸ਼ਰਤੀਆ ਗੋਲ ਹੁੰਦਾ। ਗੇਂਦ ਉਪਰ ਕੰਟਰੋਲ, ਟੈਕਲਿੰਗ, ਡਰਿਬਲਿੰਗ ਅਤੇ ਨਾਪਤੋਲ ਦੇ ਪਾਸ ਦੇਣ ਦੀ ਮੁਹਾਰਤ ਰੱਖਦੇ ਅਖ਼ਤਰ ਬਾਰੇ ਹਾਕੀ ਦੇ ਜਾਣੂੰ ਆਖਦੇ ਸਨ ਕਿ ਅਖ਼ਤਰ ਨੂੰ ਇਹ ਪਤਾ ਹੁੰਦਾ ਹੈ ਕਿ ਕਿਸ ਸਮੇਂ ਕਿਸ ਖਿਡਾਰੀ ਨੂੰ ਕਿੱਥੇ ਬਾਲ ਦੇਣੀ ਹੈ। 70ਵੇਂ ਦਹਾਕੇ ਵਿੱਚ ਪਾਕਿਸਤਾਨ ਦਾ ਅਖ਼ਤਰ ਰਸੂਲ ਅਤੇ ਭਾਰਤ ਦਾ ਅਜੀਤ ਪਾਲ ਸਿੰਘ ਦੁਨੀਆਂ ਦੇ ਚੋਟੀ ਦੇ ਸੈਂਟਰ ਹਾਫ਼ ਖਿਡਾਰੀ ਸਨ, ਜਿਨ੍ਹਾਂ ਵਰਗਾ ਖਿਡਾਰੀ ਨਾ ਪਹਿਲਾ ਪੈਦਾ ਹੋਇਆ ਅਤੇ ਨਾ ਹੀ ਬਾਅਦ ਵਿੱਚ।

ਅਖ਼ਤਰ ਦੇ ਹੁੰਦਿਆਂ ਪਾਕਿਸਤਾਨ ਨੇ 1971 ਵਿੱਚ ਬਾਰਸੀਲੋਨਾ ਵਿਖੇ ਖੇਡਿਆ ਪਹਿਲਾ ਵਿਸ਼ਵ ਕੱਪ ਖੇਡਿਆ। ਪਾਕਿਸਤਾਨ ਨੇ ਫ਼ਾਈਨਲ ਵਿੱਚ ਮੇਜ਼ਬਾਨ ਸਪੇਨ ਨੂੰ 1-0 ਨਾਲ ਹਰਾਇਆ। 1972 ਵਿੱਚ ਮਿਊਨਿਖ ਓਲੰਪਿਕ ਖੇਡਾਂ ਵਿੱਚ ਅਖ਼ਤਰ ਆਪਣੀ ਪਹਿਲੀ ਓਲੰਪਿਕਸ ਖੇਡਿਆ ਅਤੇ ਪਾਕਿਸਤਾਨ ਟੀਮ ਨੇ ਚਾਂਦੀ ਦਾ ਤਮਗਾ ਜਿੱਤਿਆ। ਫ਼ਾਈਨਲ ਵਿੱਚ ਪਾਕਿਸਤਾਨ ਟੀਮ ਨੂੰ ਪੱਛਮੀ ਜਰਮਨੀ ਹੱਥੋਂ 0-1 ਦੀ ਹਾਰ ਮਿਲੀ। 1974 ਵਿੱਚ ਤਹਿਰਾਨ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿੱਚ ਪਾਕਿਸਤਾਨ ਨੇ ਸੋਨੇ ਦਾ ਤਮਗਾ ਜਿੱਤਿਆ। ਸੋਨ ਤਮਗਾ ਜੇਤੂ ਟੀਮ ਵਿੱਚ ਅਖ਼ਤਰ ਦਾ ਚਚੇਰਾ ਭਰਾ ਅਰਸ਼ਦ ਅਲੀ ਚੌਧਰੀ ਵੀ ਸ਼ਾਮਲ ਸੀ। 1975 ਵਿੱਚ ਕੁਆਲਾ ਲੰਪੁਰ ਵਿਖੇ ਖੇਡੇ ਵਿਸ਼ਵ ਕੱਪ ਵਿੱਚ ਪਾਕਿਸਤਾਨ ਨੂੰ ਫ਼ਾਈਨਲ ਵਿੱਚ ਭਾਰਤ ਹੱਥੋਂ ਹਾਰ ਮਿਲੀ, ਜਿਸ ਕਾਰਨ ਚਾਂਦੀ ਦੇ ਤਮਗੇ ਉਤੇ ਸਬਰ ਕਰਨਾ ਪਿਆ। 1976 ਵਿੱਚ ਮਾਂਟਰੀਅਲ ਓਲੰਪਿਕ ਖੇਡਾਂ ਵਿੱਚ ਜਦੋਂ ਪਹਿਲੀ ਵਾਰ ਹਾਕੀ ਮੁਕਾਬਲੇ ਐਸਟੋਟਰਫ ਉਪਰ ਖੇਡੇ ਜਾਣ ਲੱਗੇ ਤਾਂ ਪਾਕਿਸਤਾਨ ਟੀਮ ਨੇ ਕਾਂਸੀ ਦਾ ਤਮਗਾ ਜਿੱਤਿਆ। ਤੀਜੇ ਸਥਾਨ ਵਾਲੇ ਮੈਚ ਵਿੱਚ ਪਾਕਿਸਤਾਨ ਨੇ ਹਾਲੈਂਡ ਨੂੰ 3-2 ਨਾਲ ਹਰਾਇਆ। ਇਸ ਵਿੱਚ ਇੱਕ ਗੋਲ ਅਖ਼ਤਰ ਰਸੂਲ ਨੇ ਵੀ ਕੀਤਾ। ਉਂਝ ਅਖ਼ਤਰ ਨੇ ਓਲੰਪਿਕਸ ਵਿੱਚ ਦੋ ਗੋਲ ਕੀਤੇ। 1978 ਵਿੱਚ ਬੈਂਕਾਕ ਵਿਖੇ ਏਸ਼ਿਆਈ ਖੇਡਾਂ ਵਿੱਚ ਅਖ਼ਤਰ ਨੇ ਪਾਕਿਸਤਾਨ ਵੱਲੋਂ ਖੇਡਦਿਆਂ ਦੂਜੀ ਵਾਰ ਸੋਨੇ ਦਾ ਤਮਗਾ ਜਿੱਤਿਆ। ਇਸੇ ਓਲੰਪਿਕਸ ਵਿੱਚ ਅਖ਼ਤਰ ਦਾ ਚਚੇਰਾ ਭਰਾ ਅਰਸ਼ਦ ਅਲੀ ਚੌਧਰੀ ਵੀ ਖੇਡਿਆ। ਇਸ ਤਰ੍ਹਾਂ ਫੈਸਲਾਬਾਦ ਦੇ ਇਸ ਚੌਧਰੀ ਪਰਿਵਾਰ ਦੇ ਤਿੰਨ ਜੀਆਂ ਨੇ ਓਲੰਪਿਕਸ ਵਿੱਚ ਤਮਗੇ ਜਿੱਤੇ।

1978 ਵਿੱਚ ਬਿਊਨਸ ਆਇਰਸ ਵਿਖੇ ਖੇਡੇ ਵਿਸ਼ਵ ਕੱਪ ਵਿੱਚ ਪਾਕਿਸਤਾਨ ਨੇ ਫ਼ਾਈਨਲ ਵਿੱਚ ਹਾਲੈਂਡ ਨੂੰ 3-2 ਨਾਲ ਹਰਾ ਕੇ ਸੋਨੇ ਦਾ ਤਮਗਾ ਜਿੱਤਿਆ। ਤਿੰਨ ਗੋਲਾਂ ਵਿੱਚ ਇੱਕ ਗੋਲ ਅਖ਼ਤਰ ਰਸੂਲ ਦਾ ਵੀ ਸੀ, ਜੋ ਉਸ ਨੇ ਪੈਨਲਟੀ ਸਟਰੋਕ ਉਪਰ ਕੀਤਾ। 1982 ਦਾ ਵਿਸ਼ਵ ਕੱਪ ਬੰਬਈ ਵਿਖੇ ਖੇਡਿਆ ਗਿਆ ਅਤੇ ਅਖ਼ਤਰ ਰਸੂਲ ਕੋਲ ਪਾਕਿਸਤਾਨ ਟੀਮ ਦੀ ਕਪਤਾਨੀ ਸੀ। ਰਸੂਲ ਆਪਣੇ ਪੁਰਖਿਆਂ ਦੀ ਧਰਤੀ ਉਤੇ ਖੇਡਣ ਆਇਆ ਸੀ। ਅਖ਼ਤਰ ਦੀ ਕਪਤਾਨੀ ਵਿੱਚ ਪਾਕਿਸਤਾਨ ਨੇ ਫ਼ਾਈਨਲ ਵਿੱਚ ਪੱਛਮੀ ਜਰਮਨੀ ਨੂੰ 3-1 ਨਾਲ ਹਰਾ ਕੇ ਸੋਨ ਤਮਗਾ ਜਿੱਤਿਆ ਅਤੇ ਅਖ਼ਤਰ ਨੇ ਵਿਸ਼ਵ ਕੱਪ ਵਿੱਚ ਗੋਲਡਨ ਹੈਟ੍ਰਿਕ ਪੂਰੀ ਕੀਤੀ। ਅਖ਼ਤਰ ਨੇ ਵਿਸ਼ਵ ਕੱਪ ਦੀ ਜਿੱਤ ਤੋਂ ਬਾਅਦ ਖੇਡ ਤੋਂ ਸੰਨਿਆਸ ਲੈਣ ਦਾ ਐਲਾਨ ਕਰਦਿਆਂ ਵਿਸ਼ਵ ਚੈਂਪੀਅਨ ਬਣ ਕੇ ਖੇਡ ਦੀ ਸਿਖਰ ਤੋਂ ਖੇਡ ਨੂੰ ਅਲਵਿਦਾ ਆਖੀ। ਅਜਿਹੀ ਮਾਣਮੱਤੀ ਰਿਟਾਇਰਮੈਂਟ ਖੇਡ ਜਗਤ ਵਿੱਚ ਵਿਰਲੇ ਖਿਡਾਰੀਆਂ ਦੇ ਹੀ ਹਿੱਸੇ ਆਉਂਦੀ ਹੈ।

ਖੇਡ ਤੋਂ ਸੰਨਿਆਸ ਲੈਣ ਤੋਂ ਬਾਅਦ ਅਖ਼ਤਰ ਨੇ ਕੋਚਿੰਗ ਵੀ ਦਿੱਤੀ ਅਤੇ ਫੇਰ ਬਤੌਰ ਪ੍ਰਸ਼ਾਸਕ ਪਾਕਿਸਤਾਨ ਹਾਕੀ ਫੈਡਰੇਸ਼ਨ ਦੇ ਮੁਖੀ ਵੀ ਰਹੇ। ਉਸ ਵੇਲੇ ਪਾਕਿਸਤਾਨ ਹਾਕੀ ਫੈਡਰੇਸ਼ਨ ਦੀਵਾਲੀਆ ਹੋਈ ਸੀ ਅਤੇ ਵਿਵਾਦਾਂ ਵਿੱਚ ਚੱਲਦੀ ਫੈਡਰੇਸ਼ਨ ਨੂੰ ਸੰਕਟ ਵਿੱਚੋਂ ਕੱਢਣ ਦਾ ਕੰਮ ਵੀ ਅਖ਼ਤਰ ਨੇ ਕੀਤਾ। ਅਖ਼ਤਰ ਨੇ ਪਾਕਿਸਤਾਨ ਦੀ ਹਾਕੀ ਟੀਮ ਦੀ ਚੋਣ ਕਮੇਟੀ ਦੇ ਚੇਅਰਮੈਨ ਵਜੋਂ ਵੀ ਸੇਵਾਵਾਂ ਨਿਭਾਈਆਂ। ਇਸ ਦੇ ਨਾਲ ਹੀ ਉਹ ਲਹਿੰਦੇ ਪੰਜਾਬ ਸੂਬੇ ਵਿੱਚ ਪੰਜਾਬ ਸਪੋਰਟਸ ਬੋਰਡ, ਪੰਜਾਬ ਹਾਕੀ ਐਸੋਸੀਏਸ਼ਨ ਅਤੇ ਪੰਜਾਬ ਅਥਲੈਟਿਕਸ ਐਸੋਸੀਏਸ਼ਨ ਦੇ ਪ੍ਰਧਾਨ ਵੀ ਰਹੇ। ਪਾਕਿਸਤਾਨ ਸਰਕਾਰ ਨੇ 1983 ਵਿੱਚ ਅਖ਼ਤਰ ਰਸੂਲ ਨੂੰ ਦੇਸ਼ ਦੇ ਸਰਵਉੱਚ ਨਾਗਰਿਕ ਸਨਮਾਨ 'ਪ੍ਰਾਈਡ ਆਫ਼ ਪ੍ਰਫਾਰਮੈਂਸ' ਨਾਲ ਸਨਮਾਨਤ ਕੀਤਾ। ਇਸ ਤਰ੍ਹਾਂ ਪਰਿਵਾਰ ਵਿੱਚ ਪਿਓ-ਪੁੱਤਰ, ਦੋਵਾਂ ਦੀ ਜੋੜੀ ਨੂੰ ਇਹ ਸਨਮਾਨ ਮਿਲਿਆ। ਅਖ਼ਤਰ ਰਸੂਲ ਨੇ 1985 ਵਿੱਚ ਸਿਆਸਤ ਵਿੱਚ ਪੈਰ ਪਾਇਆ, ਜਿੱਥੇ ਉਸ ਨੂੰ ਹਾਕੀ ਵਾਂਗ ਹੀ ਸਫਲਤਾ ਮਿਲੀ ਅਤੇ ਤਿੰਨ ਵਾਰ ਲਹਿੰਦੇ ਪੰਜਾਬ ਦੀ ਅਸੈਂਬਲੀ ਦੇ ਮੈਂਬਰ ਤੇ ਇੱਕ ਵਾਰ ਐਮ.ਪੀ. ਬਣੇ। 1986 ਵਿੱਚ ਉਹ ਲਹਿੰਦੇ ਪੰਜਾਬ ਦੇ ਆਬਕਾਰੀ ਤੇ ਕਰ ਮੰਤਰੀ ਅਤੇ 1988 ਵਿੱਚ ਖੇਡ ਮੰਤਰੀ ਵੀ ਬਣੇ।



## ਹਰਿਆਣਾ ਦੀ ਭਾਜਪਾ ਸਰਕਾਰ ਘੱਟਗਿਣਤੀ ਵਿੱਚ ਆਈ

***ਸਫ਼ਾ ਇੱਕ ਦੀ ਬਾਕੀ ⇒***

ਭਾਜਪਾ ਸਰਕਾਰ ਘੱਟਗਿਣਤੀ ਵਿੱਚ ਆ ਗਈ ਹੈ। ਯਾਦ ਰਹੇ, 10 ਅਸੈਂਬਲੀ ਮੈਂਬਰਾਂ ਵਾਲੀ ਜਨਨਾਇਕ ਜਨਤਾ ਪਾਰਟੀ ਪਹਿਲਾਂ ਹੀ ਭਾਜਪਾ ਸਰਕਾਰ ਤੋਂ ਹਮਾਇਤ ਵਾਪਸ ਲੈ ਚੁੱਕੀ ਹੈ।

ਪੁੰਦਰੀ ਤੋਂ ਆਜ਼ਾਦ ਵਿਧਾਇਕ ਰਣਧੀਰ ਗੋਲਾਨ, ਨੀਲੋਖੇੜੀ ਤੋਂ ਧਰਮਪਾਲ ਗੌਂਡਰ ਅਤੇ ਦਾਦਰੀ ਤੋਂ ਸੋਮਬੀਰ ਸਿੰਘ ਸੰਗਵਾਨ ਨੇ ਸਰਕਾਰ ਤੋਂ ਅਸਤੀਫਾ ਦਿੰਦਿਆਂ ਕਿਹਾ ਕਿ ਉਨ੍ਹਾਂ ਕਾਂਗਰਸ ਦੇ ਰਾਜ ਆਗੂ ਅਤੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦਾ ਸਾਥ ਦੇਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ 'ਤੇ ਆਪਣੇ ਹਲਕਿਆਂ ਦੇ ਲੋਕਾਂ ਤੇ ਸਰਪੰਚਾਂ ਵੱਲੋਂ ਭਾਜਪਾ ਦਾ ਸਾਥ ਛੱਡਣ ਲਈ ਦਬਾਅ ਪੈ ਰਿਹਾ ਹੈ ਅਤੇ ਅਜਿਹਾ ਕਿਸਾਨਾਂ ਪ੍ਰਤੀ ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਅਪਣਾਏ ਗਏ ਰਵੱਈਏ ਕਾਰਨ ਹੋ ਰਿਹਾ ਹੈ। ਯਾਦ ਰਹੇ, ਅਗਲੀਆਂ ਅਸੈਂਬਲੀ ਚੋਣਾਂ ਹਰਿਆਣਾ ਵਿੱਚ ਅਕਤੂਬਰ-ਨਵੰਬਰ ਵਿੱਚ ਹੋਣੀਆਂ ਹਨ ਅਤੇ ਰਾਜ ਦੀਆਂ ਸਾਰੀਆਂ ਲੋਕ ਸਭਾ ਸੀਟਾਂ 'ਤੇ ਵੋਟਾਂ 25 ਮਈ ਨੂੰ ਪੈਣੀਆਂ ਹਨ। 90 ਮੈਂਬਰੀ ਹਰਿਆਣਾ ਵਿਧਾਨ ਸਭਾ ਵਿੱਚ ਭਾਜਪਾ ਦੇ 40 ਮੈਂਬਰ ਹਨ, ਜਦਕਿ ਕਾਂਗਰਸ ਕੋਲ 30 ਅਸੈਂਬਲੀ ਮੈਂਬਰ ਹਨ। ਜਨਨਾਇਕ ਜਨਤਾ ਪਾਰਟੀ ਦੇ 10 ਮੈਂਬਰ ਹਨ, ਜਦਕਿ ਹਰਿਆਣ ਲੋਕ ਦਲ ਅਤੇ ਇੰਡੀਅਨ ਨੈਸ਼ਨਲ ਲੋਕ ਦਲ (ਆਈ.ਐਨ.ਡੀ.ਐਲ ਡੀ) ਦਾ ਇੱਕ-ਇੱਕ ਮੈਂਬਰ ਹੈ। ਇਸ ਤੋਂ ਇਲਾਵਾ 6 ਆਜ਼ਾਦ ਵਿਧਾਇਕ ਹਨ। ਇਨ੍ਹਾਂ ਵਿੱਚੋਂ 3 ਕਾਂਗਰਸ ਨਾਲ ਆ ਗਏ ਹਨ ਅਤੇ 2 ਹਾਲੇ ਵੀ ਬੀ.ਜੇ.ਪੀ. ਨਾਲ ਖੜ੍ਹੇ ਹਨ। ਇਸ ਤੋਂ ਇਲਾਵਾ ਹਰਿਆਣਾ ਲੋਕ ਹਿੱਤ ਪਾਰਟੀ ਨਾਲ ਸੰਬੰਧਤ ਵਿਧਾਇਕ ਵੀ ਭਾਜਪਾ ਸਰਕਾਰ ਦੀ ਹਮਾਇਤ ਕਰ ਰਿਹਾ ਹੈ। ਹਰਿਆਣਾ ਵਿੱਚ ਸਰਕਾਰ ਬਣਾਉਣ ਲਈ 45 ਮੈਂਬਰਾਂ ਦੀ ਲੋੜ ਹੈ, ਜਦਕਿ ਭਾਜਪਾ ਨੂੰ ਇਸ ਸਮੇਂ 43 ਮੈਂਬਰਾਂ ਦੀ ਹਮਾਇਤ ਪ੍ਰਾਪਤ ਹੈ।

ਹਰਿਆਣਾ ਅਸੈਂਬਲੀ 'ਚ ਹਾਲ ਦੀ ਘੜੀ 88 ਵਿਧਾਇਕ ਹਨ। ਦੋ ਆਜ਼ਾਦ ਪਿਰਥਾਲ ਤੋਂ ਨਵਨਪਾਲ ਸਿੰਘ ਤੇ ਬਾਦਸ਼ਾਹਪੁਰ ਤੋਂ ਰਾਕੇਸ਼ ਦੌਲਤਾਬਾਦ ਅਤੇ ਹਰਿਆਣਾ ਲੋਕ ਹਿੱਤ ਪਾਰਟੀ ਦੇ ਗੋਪਾਲ ਕਾਂਡਾ ਭਾਜਪਾ ਦੀ ਹਮਾਇਤ ਵਿੱਚ ਖੜ੍ਹੇ ਹਨ। ਇਸ ਹਾਲਤ ਵਿੱਚ ਭਾਜਪਾ ਸਰਕਾਰ ਲਈ ਬੇਹੱਦ ਸੰਕਟਪੂਰਨ ਹੋ ਗਈ ਹੈ। ਇਸ ਮੌਕੇ ਜਨਨਾਇਕ ਜਨਤਾ ਪਾਰਟੀ ਕਿਸ ਪਾਸੇ ਵੱਲ ਝੁਕਦੀ ਹੈ, ਇਹ ਵੇਖਣਾ ਅਹਿਮ ਹੋਏਗਾ। ਜਨਨਾਇਕ ਜਨਤਾ ਪਾਰਟੀ ਨੇ ਮਾਰਚ ਮਹੀਨੇ 'ਚ ਖੱਟੜ ਸਰਕਾਰ ਤੋਂ ਨਾਟਕੀ ਢੰਗ ਨਾਲ ਹਮਾਇਤ ਵਾਪਸ ਲੈ ਲਈ ਸੀ। ਇਸ ਦਾ ਕਾਰਨ ਵੀ ਸ਼ਾਇਦ ਕਿਸਾਨ ਸੰਘਰਸ਼ ਹੀ ਬਣਿਆ; ਕਿਉਂਕਿ ਜੇ. ਜੇ. ਪੀ. ਦਾ ਵੱਧ ਆਧਾਰ ਹਰਿਆਣਾ ਦੇ ਕਿਸਾਨੀ ਤਬਕਿਆਂ ਵਿੱਚ ਹੀ ਹੈ।

ਇਸ ਦੌਰਾਨ ਜਨਨਾਇਕ ਜਨਤਾ ਪਾਰਟੀ ਦੇ ਆਗੂ ਦਿਗਵਿਜੇ ਸਿੰਘ ਚੌਟਾਲਾ ਨੇ ਕਾਂਗਰਸ ਪ੍ਰਧਾਨ ਭੁਪਿੰਦਰ ਸਿੰਘ ਹੁੱਡਾ ਨੂੰ ਹਰਿਆਣਾ ਵਿੱਚ ਸਰਕਾਰ ਬਣਾਉਣ ਲਈ ਦਾਅਵਾ ਪੇਸ਼ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਹੁਣ ਅਸੀਂ ਵਿਰੋਧੀ ਧਿਰ ਵਿੱਚ ਹਾਂ ਅਤੇ ਨਾਇਬ ਸੈਣੀ ਦੀ ਸਰਕਾਰ ਨੂੰ ਗਿਰਾਉਣ ਲਈ ਕੰਮ ਕਰਾਂਗੇ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਪ੍ਰਧਾਨ ਭੁਪਿੰਦਰ ਸਿੰਘ ਹੁੱਡਾ ਨੂੰ ਗਵਰਨਰ ਕੋਲ ਕਾਂਗਰਸ ਵੱਲੋਂ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰਨਾ ਚਾਹੀਦਾ ਹੈ ਅਤੇ ਇਸ ਮਕਸਦ ਲਈ ਆਜ਼ਾਦ ਵਿਧਾਇਕਾਂ ਤੇ ਜਨਨਾਇਕ ਜਨਤਾ ਪਾਰਟੀ ਦੇ ਆਗੂਆਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਇੱਥੇ ਜ਼ਿਕਰਯੋਗ ਹੈ ਕਿ ਦੋ ਜਨਨਾਇਕ ਪਾਰਟੀ ਦੇ ਵਿਧਾਇਕਾਂ ਦੇ ਰਿਸ਼ਤੇਦਾਰ ਪਹਿਲਾਂ ਹੀ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ; ਪਰ ਫਿਲਹਾਲ ਕਾਂਗਰਸ ਪਾਰਟੀ ਰਾਜ ਵਿੱਚ ਸਰਕਾਰ ਬਣਾਉਣ ਵੱਲ ਦਿਲਚਸਪੀ ਨਹੀ ਵਿਖਾ ਰਹੀ, ਕਿਉਂਕਿ ਮੌਜੂਦਾ ਅਸੈਂਬਲੀ ਦੀ ਟਰਮ ਖਤਮ ਹੋਣ ਵਿੱਚ ਥੋੜ੍ਹਾ ਸਮਾਂ ਰਹਿ ਗਿਆ ਹੈ।

ਕਾਂਗਰਸ ਦੇ ਰਾਜ ਪ੍ਰਧਾਨ ਭੁਪਿੰਦਰ ਸਿੰਘ ਹੁੱਡਾ ਨੇ ਮੰਗ ਕੀਤੀ ਹੈ ਕਿ ਜਦੋਂ ਰਾਜ ਵਿੱਚ ਭਾਜਪਾ ਸਰਕਾਰ ਘੱਟਗਿਣਤੀ ਵਿੱਚ ਰਹਿ ਗਈ ਹੈ ਤਾਂ ਗਵਰਨਰ ਨੂੰ ਇੱਥੇ ਰਾਸ਼ਟਰਪਤੀ ਰਾਜ ਲਾਗੂ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਆਪਣੀ ਯੋਜਨਾਬੰਦੀ ਤੋਂ ਪਰਦਾ ਹਟਾਉਂਦਿਆਂ ਕਿਹਾ ਕਿ ਪਹਿਲਾਂ ਉਹ ਰਾਜ ਵਿੱਚ ਲੋਕ ਸਭਾ ਚੋਣਾਂ ਜਿੱਤਣਗੇ ਅਤੇ ਬਾਅਦ ਵਿੱਚ ਹਰਿਆਣਾ ਵਿੱਚ ਕਾਂਗਰਸ ਸਰਕਾਰ ਬਣਾਉਣ ਲਈ ਸੰਘਰਸ਼ ਸ਼ੁਰੂ ਕਰਨਗੇ। ਉਧਰ ਭਾਜਪਾ ਦੇ ਆਗੂ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਨੂੰ ਹਾਲ ਦੀ ਘੜੀ ਕੋਈ ਖ਼ਤਰਾ ਨਹੀਂ ਹੈ ਤੇ ਉਹ ਸਮਾਂ ਆਉਣ 'ਤੇ ਆਪਣਾ ਬਹੁਮਤ ਸਿੱਧ ਕਰ ਦੇਣਗੇ। ਇੱਥੇ ਜ਼ਿਕਰਯੋਗ ਹੈ ਕਿ ਜਨਨਾਇਕ ਪਾਰਟੀ ਵੱਲੋਂ ਹਮਾਇਤ ਵਾਪਸ ਲੈਣ 'ਤੇ ਹਰਿਆਣਾ ਕਾਂਗਰਸ, ਭਾਜਪਾ ਸਰਕਾਰ ਖਿਲਾਫ 22 ਫਰਵਰੀ 2024 ਨੂੰ ਬੇਭਰੋਸਗੀ ਦਾ ਮਤਾ ਲੈ ਕੇ ਆਈ ਸੀ। ਇਸ ਦੌਰਾਨ ਆਜ਼ਾਦ ਵਿਧਾਇਕਾਂ ਦੀ ਮਦਦ ਨਾਲ ਭਾਜਪਾ ਨੇ ਭਰੋਸੇ ਦਾ ਮੱਤ ਹਾਸਲ ਕਰ ਲਿਆ ਸੀ, ਜਿਸ ਦੌਰਾਨ ਮਨੋਹਰ ਲਾਲ ਖੱਟੜ ਦੀ ਥਾਂ ਨਾਇਬ ਸਿੰਘ ਸੈਣੀ ਨੂੰ ਹਰਿਆਣਾ ਦਾ ਮੁੱਖ ਮੰਤਰੀ ਬਣਾ ਦਿੱਤਾ ਗਿਆ ਸੀ। ਰਣੀਆਂ ਤੋਂ ਆਜ਼ਾਦ ਵਿਧਾਇਕ ਰਣਜੀਤ ਚੌਟਾਲਾ ਅਤੇ ਕਰਨਾਲ ਤੋਂ ਵਿਧਾਇਕ ਮਨੋਹਰ ਲਾਲ ਪਹਿਲਾਂ ਹੀ ਅਸੈਂਬਲੀ ਮੈਂਬਰ ਵਜੋਂ ਅਸਤੀਫਾ ਦੇ ਚੁੱਕੇ ਹਨ। ਮਨੋਹਰ ਲਾਲ ਕਰਨਾਲ ਲੋਕ ਸਭਾ ਸੀਟ ਤੋਂ ਅਤੇ ਰਣਜੀਤ ਚੌਟਾਲਾ ਹਿਸਾਰ ਲੋਕ ਸਭਾ ਸੀਟ ਤੋਂ ਚੋਣ ਲੜ ਰਹੇ ਹਨ। ਇਸ ਤਰ੍ਹਾਂ ਹਰਿਆਣਾ ਵਿਧਾਨ ਸਭਾ ਵਿੱਚ ਇਸ ਵੇਲੇ ਕੁੱਲ 88 ਮੈਂਬਰ ਹਨ।

ਹਰਿਆਣਾ ਵਿਧਾਨ ਸਭਾ ਦਾ ਰਾਜਸੀ ਸੰਕਟ ਦਰਸਾਉਂਦਾ ਹੈ ਕਿ ਕਿਸਾਨੀ ਸੰਕਟ ਅਤੇ ਕਿਸਾਨ ਸੰਘਰਸ਼ ਦੀ ਮਾਰ ਕਿੰਨੀ ਵਿਆਪਕ ਹੋ ਸਕਦੀ ਹੈ। ਪੰਜਾਬ ਵਿੱਚ ਤਾਂ ਕਿਸਾਨ ਸੰਘਰਸ਼ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੀਆਂ ਸੰਭਾਵਨਾਵਾਂ ਨੂੰ ਸੀਮਤ ਕਰ ਹੀ ਰਿਹਾ ਹੈ, ਹਰਿਆਣਾ ਸਿਆਸਤ 'ਤੇ ਵੀ ਇਸ ਦੇ ਅਸਰ ਸਪਸ਼ਟ ਹੋਣ ਲੱਗੇ ਹਨ। ਕਿਸਾਨ ਜਿਸ ਐਮ.ਐਸ.ਪੀ. ਦੀ ਸਰਕਾਰੀ ਗਾਰੰਟੀ ਜਾਂ ਹੋਰ ਮੰਗਾਂ ਕਰ ਰਹੇ ਹਨ, ਉਹਦਾ ਸੰਬੰਧ ਸਿਰਫ ਪੰਜਾਬ ਦੀ ਕਿਸਾਨੀ ਨਾਲ ਨਹੀਂ ਹੈ, ਸਗੋਂ ਇਸ ਦੀ ਲੋੜ ਪੰਜਾਬ-ਹਰਿਆਣਾ ਤੋਂ ਇਲਾਵਾ ਦੇਸ਼ ਦੇ ਹੋਰ ਸੂਬਿਆਂ ਨੂੰ ਜ਼ਿਆਦਾ ਹੈ। ਸਮੱਸਿਆ ਇਹ ਹੈ ਕਿ ਐਮ.ਐਸ.ਪੀ. ਅਤੇ ਆਧੁਨਿਕ ਮੰਡੀ ਢਾਂਚੇ ਕਾਰਨ ਜਿਸ ਕਿਸਮ ਦੀ ਖੁਸ਼ਹਾਲੀ (ਭਾਵੇਂ ਇੱਕ ਸੀਮਤ ਸਮੇਂ ਲਈ ਹੀ ਸਹੀ) ਪੰਜਾਬ, ਹਰਿਆਣਾ ਅਤੇ ਪੱਛਮੀ ਯੂ.ਪੀ. ਦੇ ਕਿਸਾਨਾਂ ਨੇ ਵੇਖੀ ਹੈ, ਉਹ ਦੇਸ਼ ਦੇ ਹੋਰ ਰਾਜਾਂ ਦੇ ਕਿਸਾਨਾਂ ਨੇ ਨਹੀਂ ਵੇਖੀ। ਇਸ ਸਥਿਤੀ ਵਿੱਚ ਉਨ੍ਹਾਂ ਨੂੰ ਐਮ.ਐਸ.ਪੀ. ਦੀ ਗਾਰੰਟੀ ਦੀ ਲੋੜ ਦਾ ਅਹਿਸਾਸ ਉਨੀ ਸ਼ਿੱਦਤ ਨਾਲ ਨਹੀਂ ਹੋ ਸਕਦਾ, ਜਿੰਨਾ ਇਹ ਪੰਜਾਬ, ਹਰਿਆਣਾ ਅਤੇ ਪੱਛਮੀ ਉਤਰ ਪ੍ਰਦੇਸ਼ ਦੇ ਕਿਸਾਨਾਂ ਨੂੰ ਹੋ ਰਿਹਾ ਹੈ। ਪੰਜਾਬ 'ਚ ਕਿਸਾਨਾਂ ਵੱਲੋਂ ਭਾਜਪਾ ਦਾ ਕੀਤਾ ਜਾ ਰਿਹਾ ਵਿਰੋਧ ਕਿਸ ਰਾਜਨੀਤਿਕ ਧਿਰ ਦੇ ਪੱਖ ਵਿੱਚ ਭੁਗਤਦਾ ਹੈ, ਇਹ ਤਾਂ ਚੋਣ ਨਤੀਜੇ ਆਉਣ ਤੋਂ ਬਾਅਦ ਹੀ ਪਤਾ ਲੱਗੇਗਾ, ਪਰ ਹਰਿਆਣਾ ਵਿੱਚ ਕਾਂਗਰਸ ਅਤੇ ਜੇ.ਜੇ.ਪੀ ਕਿਸਾਨਾਂ ਨੂੰ ਸਿਆਸੀ ਤੌਰ 'ਤੇ ਆਪਣੇ ਹਿੱਤ ਵਿੱਚ ਭੁਗਤਾਉਣ ਦੀ ਸਥਿਤੀ ਵਿੱਚ ਹਨ। ਖਾਸ ਕਰਕੇ ਕਾਂਗਰਸ ਨੂੰ ਵਧੇਰੇ ਲਾਭ ਮਿਲਣ ਦੇ ਆਸਾਰ ਹਨ।

# ਚੀਨ ਵਿੱਚ ਵੀ ਚਰਨ ਪਾਏ ਸਨ ਗੁਰੂ ਨਾਨਕ ਪਾਤਸ਼ਾਹ ਨੇ

***ਬਾਬੇ ਨਾਨਕ ਦੇ ਚਰਨਾਂ ਦੀ ਛੋਹ ਨਾਲ ਚੀਨ ਦੀ ਧਰਤੀ ਨੂੰ ਵੀ ਭਾਗ ਲੱਗੇ ਹਨ। ਤੀਜੀ ਉਦਾਸੀ ਦੌਰਾਨ ਗੁਰੂ ਨਾਨਕ ਸਾਹਿਬ ਚੀਨ ਦੇ ਦੱਖਣ-ਪੱਛਮੀ ਇਲਾਕੇ ਵਿੱਚ ਵੀ ਪੁੱਜੇ ਸਨ। ਉਥੋਂ ਦੇ ਲੋਕਾਂ ਨੂੰ 'ਮਨੁੱਖਤਾ ਨੂੰ ਇੱਕ ਮਾਲਾ 'ਚ ਪਰੋ ਕੇ ਰੱਖਣ ਵਾਲੀ' ਗੁਰੂ ਨਾਨਕ ਦੀ ਸੱਚੀ-ਸੁੱਚੀ ਵਿਚਾਰਧਾਰਾ ਬੇਹੱਦ ਪਸੰਦ ਆਈ ਸੀ। ਲੋਕਾਂ ਨੇ ਉਨ੍ਹਾਂ ਨੂੰ 'ਬਾਬਾ ਫ਼ੂਸਾ' ਆਖ਼ ਕੇ ਸੰਬੋਧਿਤ ਕੀਤਾ ਸੀ।***

## ਬੋਲਦੇ ਪੰਨੇ



**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**
ਫੋਨ:+91-9781646008

ਸਿੱਖ ਧਰਮ ਦੇ ਵੇਦ ਵਿਆਸ ਆਖੇ ਜਾਂਦੇ ਭਾਈ ਗੁਰਦਾਸ ਜੀ ਦੇ ਬਚਨ ਹਨ, "ਜਿਥੇ ਬਾਬਾ ਪੈਰੁ ਧਰਿ, ਪੂਜਾ ਆਸਣੁ ਥਾਪਣਿ ਸੋਆ॥" ਭਾਈ ਸਾਹਿਬ ਵੱਲੋਂ ਉਚਾਰੇ ਗਏ ਇਨ੍ਹਾਂ ਪਾਵਨ ਬਚਨਾਂ ਅਨੁਸਾਰ ਸੰਸਾਰ ਦੀ ਉਹ ਹਰੇਕ ਥਾਂ ਪਾਵਨ ਅਤੇ ਪੂਜਣਯੋਗ ਹੈ, ਜਿੱਥੇ ਲੋਕਾਈ ਦੇ ਰਹਿਬਰ ਤੇ ਸੱਚ-ਧਰਮ ਦੇ ਪ੍ਰਚਾਰਕ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੇ ਚਰਨ ਪਾਏ ਸਨ। ਇਸੇ ਤਰ੍ਹਾਂ ਚੌਥੀ ਪਾਤਸ਼ਾਹੀ ਗੁਰੂ ਰਾਮਦਾਸ ਜੀ ਨੇ ਵੀ ਗੁਰਬਾਣੀ ਵਿੱਚ ਫ਼ੁਰਮਾਇਆ ਹੈ, "ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥" ਭਾਵ ਜਿੱਥੇ ਵੀ ਸਤਿਗੁਰਾਂ ਨੇ ਆਪਣੇ ਮੁਬਾਰਕ ਕਦਮ ਰੱਖੇ, ਉਸ ਧਰਤੀ ਦਾ ਕਣ-ਕਣ ਸੁਹਾਵਣਾ ਹੋ ਗਿਆ। ਗੁਰੂ ਨਾਨਕ ਪਾਤਸ਼ਾਹ ਜਗਤ ਦੇ ਕਲਿਆਣ ਹਿਤ ਜਦੋਂ ਸੰਨ 1514 ਤੋਂ 1518 ਦੌਰਾਨ ਆਪਣੀ ਤੀਜੀ ਉਦਾਸੀ 'ਤੇ ਨਿਕਲੇ ਸਨ ਤਾਂ ਚੱਲਦਿਆਂ-ਚੱਲਦਿਆਂ ਉਹ ਚੀਨ ਦੇ ਦੱਖਣ-ਪਛਮੀ ਇਲਾਕੇ ਵਿੱਚ ਵੀ ਪੁੱਜੇ ਸਨ। ਚੀਨ ਦੇ ਲੋਕਾਂ ਨੂੰ ਗੁਰੂ ਨਾਨਕ ਸਾਹਿਬ ਦੀ ਸੱਚੀ-ਸੁੱਚੀ ਅਤੇ ਸਮੁੱਚੀ ਮਨੁੱਖਤਾ ਨੂੰ ਇੱਕ ਮਾਲਾ 'ਚ ਪਰੋ ਕੇ ਰੱਖਣ ਵਾਲੀ ਵਿਚਾਰਧਾਰਾ ਬੇਹੱਦ ਪਸੰਦ ਆਈ ਸੀ ਤੇ ਉਨ੍ਹਾਂ ਨੇ ਸਤਿਗੁਰੂ ਜੀ ਨੂੰ ਨਮਸਕਾਰ ਕਰਦਿਆਂ ਕਈ ਲਕਬ ਪ੍ਰਦਾਨ ਕੀਤੇ ਸਨ, ਜਿਵੇਂ ਕਿ ਤਿੱਬਤ ਦੇ ਵਾਸੀਆਂ ਨੇ ਉਨ੍ਹਾਂ ਨੂੰ 'ਨਾਨਕ ਲਾਮਾ' ਤੱਕ ਆਖ਼ ਕੇ ਸਤਿਕਾਰ ਦਿੱਤਾ ਸੀ। ਚੇਤੇ ਰਹੇ, ਤਿੱਬਤ ਵਿੱਚ 'ਲਾਮਾ' ਦਾ ਅਰਥ ਹੁੰਦਾ ਹੈ, 'ਗੁਰੂ' ਜਾਂ 'ਰਹਿਬਰ।' ਇਸੇ ਪ੍ਰਕਾਰ ਜਦੋਂ ਸੱਚੇ ਪਾਤਸ਼ਾਹ ਜੀ ਚੀਨ ਦੇ ਕੁਝ ਹੋਰ ਭਾਗਾਂ ਵਿੱਚ ਵਿਚਰੇ ਸਨ ਤਾਂ ਉਨ੍ਹਾਂ ਨੂੰ 'ਬਾਬਾ ਫ਼ੂਸਾ' ਆਖ਼ ਕੇ ਸੰਬੋਧਿਤ ਕੀਤਾ ਗਿਆ ਸੀ।


ਸਿੱਖਾਂ ਨਾਲ ਚੀਨ ਦੇ ਸਬੰਧ ਬਾਬਾ ਨਾਨਕ ਤੋਂ ਬਾਅਦ ਵੀ ਬਣੇ ਰਹੇ ਸਨ। ਸੰਨ 1947 ਵਿੱਚ ਭਾਰਤ ਨੂੰ ਮਿਲੀ ਆਜ਼ਾਦੀ ਤੋਂ ਲਗਪਗ ਸਵਾ ਕੁ ਸੌ ਸਾਲ ਪਹਿਲਾਂ ਦੇ ਅਰਸੇ ਦੌਰਾਨ ਚੀਨ ਦੀ 'ਸ਼ੰਘਾਈ ਮਿਊਂਸੀਪਲ ਪੁਲਿਸ' ਅਤੇ 'ਹਾਂਗਕਾਂਗ ਪੁਲਿਸ' ਵਿੱਚ ਕਈ ਸਿੱਖ ਨੌਜਵਾਨਾਂ ਨੂੰ ਭਰਤੀ ਕੀਤਾ ਗਿਆ ਸੀ। 'ਸ਼ੰਘਾਈ ਮਿਊਂਸੀਪਲ ਪੁਲਿਸ' ਵਿੱਚ ਭਰਤੀ ਲਈ ਪੰਜਾਬ ਤੋਂ ਸਿੱਖ ਨੌਜਵਾਨਾਂ ਦੀ ਭਰਤੀ ਸੰਨ 1880 ਦੇ ਆਸ-ਪਾਸ ਸ਼ੁਰੂ ਹੋ ਗਈ ਸੀ। ਸੰਨ 1920 ਦੌਰਾਨ ਇਸ ਪੁਲਿਸ ਦੀ 'ਸਿੱਖ ਬ੍ਰਾਂਚ' ਵਿੱਚ 573 ਸਿੱਖ ਨੌਜਵਾਨ ਸ਼ਾਮਿਲ ਹੋ ਚੁੱਕੇ ਸਨ ਤੇ ਉਨ੍ਹਾਂ ਵਿੱਚੋਂ ਜ਼ਿਆਦਾਤਰ ਤਾਂ ਬਤੌਰ ਅਫ਼ਸਰ ਆਪਣੀ ਡਿਊਟੀ ਕਰ ਰਹੇ ਸਨ। ਗੁਰੂ ਕਿਆਂ ਸਿੱਖਾਂ ਵੱਲੋਂ ਸੰਨ 1908 ਵਿੱਚ ਸ਼ੰਘਾਈ ਵਿਖੇ ਇੱਕ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ ਗਈ ਸੀ, ਜੋ ਡੌਂਗ ਬੌਕਸਿੰਗ ਰੋਡ 'ਤੇ ਸਥਿਤ ਸੀ। ਨੋਬਲ ਪੁਰਸਕਾਰ ਵਿਜੇਤਾ ਗੁਰੂਦੇਵ ਰਵਿੰਦਰਨਾਥ ਟੈਗੋਰ ਨੇ ਸੰਨ 1924 ਵਿੱਚ ਸ਼ੰਘਾਈ ਦੇ ਇਸ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ ਸਨ ਤੇ ਇੱਥੇ ਮੌਜੂਦ ਸਿੱਖਾਂ ਨਾਲ ਯਾਦਗਾਰੀ ਤਸਵੀਰ ਵੀ ਖਿਚਵਾਈ ਸੀ। ਜ਼ਿਕਰਯੋਗ ਹੈ ਕਿ ਸ਼ੰਘਾਈ ਵਿਖੇ ਵੱਸਦੇ ਸਿੱਖ 'ਗ਼ਦਰ ਪਾਰਟੀ' ਵੱਲੋਂ ਭਾਰਤ ਦੀ ਸੁਤੰਤਰਤਾ ਲਈ ਛੇੜੀ ਗਈ ਗ਼ਦਰ ਲਹਿਰ ਦੇ ਅਤੇ ਸੁਭਾਸ਼ ਚੰਦਰ ਬੋਸ ਵੱਲੋਂ ਬਣਾਈ ਗਈ 'ਆਜ਼ਾਦ ਹਿੰਦ ਫ਼ੌਜ' ਦੇ ਖੁੱਲ੍ਹੇ ਸਮਰਥਕ ਸਨ।

ਸ਼ੰਘਾਈ ਵਿਖੇ ਹੀ ਆਤਮਾ ਸਿੰਘ ਨਾਮਕ ਇੱਕ ਪੁਲਿਸ ਕਰਮਚਾਰੀ ਦੇ ਮਾੜੇ ਕਾਰੇ ਕਰਕੇ ਸਿੱਖਾਂ ਦੀ ਥੋੜ੍ਹੀ ਬਦਨਾਮੀ ਹੋਈ ਸੀ। ਦਰਅਸਲ ਸੰਨ 1936 ਵਿੱਚ ਆਤਮਾ ਸਿੰਘ ਨੇ ਆਪਣੇ ਹੀ ਇੱਕ ਸਹਿਕਰਮੀ ਤੇ ਸਿੱਖ ਨੌਜਵਾਨ ਨੂੰ ਬੜੀ ਬੇਦਰਦੀ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਸੀ। ਜਾਂਚ ਉਪਰੰਤ ਪਤਾ ਲੱਗਾ ਸੀ ਕਿ ਇਹ 'ਅਣਖ ਖ਼ਾਤਿਰ ਕੀਤਾ ਗਿਆ ਕਤਲ' ਸੀ, ਕਿਉਂਕਿ ਮਾਰੇ ਗਏ ਸਿੱਖ ਨੌਜਵਾਨ ਨੇ ਆਤਮਾ ਸਿੰਘ ਦੀ ਪਤਨੀ ਨਾਲ ਬਦਸਲੂਕੀ ਕੀਤੀ ਸੀ। ਕਤਲ ਦੇ ਦੋਸ਼ ਵਿੱਚ ਆਤਮਾ ਸਿੰਘ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ ਸੀ, ਪਰ ਫ਼ਾਂਸੀ ਵੇਲੇ ਵਰਤੀ ਜਾ ਰਹੀ ਰੱਸੀ ਅਚਾਨਕ ਟੁੱਟ ਗਈ ਤੇ ਉਹ ਫ਼ਾਂਸੀ ਚੜ੍ਹਨ ਤੋਂ ਬਚ ਗਿਆ। ਉਸਦੇ ਸਾਥੀਆਂ ਨੇ ਇਸ ਘਟਨਾ ਨੂੰ 'ਰੱਬੀ ਚਮਤਕਾਰ' ਦੇ ਨਾਂ ਨਾਲ ਧੁਮਾ ਦਿੱਤਾ ਤੇ ਅਗਲੇ ਦਿਨ ਇਹ ਸਾਰੀ ਘਟਨਾ ਚੀਨ ਦੀਆਂ ਅਖ਼ਬਾਰਾਂ ਦੀ ਸੁਰਖ਼ੀ ਬਣ ਗਈ ਸੀ। ਅਦਾਲਤ ਨੇ ਬਾਅਦ ਵਿੱਚ ਉਸਦੀ ਸਜ਼ਾ ਉਮਰ ਕੈਦ ਵਿੱਚ ਤਬਦੀਲ ਕਰ ਦਿੱਤੀ ਸੀ।

ਸੰਨ 1940 ਦੇ ਆਸ-ਪਾਸ ਹੀ ਪਟਿਆਲਾ ਰਿਆਸਤ ਦੀ ਰਾਜਕੁਮਾਰੀ ਸੁਮਾਇਰਾ, ਜੋ ਕਿ ਵਿਸ਼ਵ ਪ੍ਰਸਿੱਧ ਪੰਜਾਬੀ ਚਿੱਤਰਕਾਰ ਅੰਮ੍ਰਿਤਾ ਸ਼ੇਰਗਿੱਲ ਦੀ ਚਚੇਰੀ ਭੈਣ ਸੀ, ਸ਼ੰਘਾਈ ਵਿਖੇ ਪਧਾਰੀ ਸੀ। ਉਹ ਸਿਰੇ ਦੀ ਫ਼ੈਸ਼ਨਬਾਜ਼ ਮੁਟਿਆਰ ਸੀ ਤੇ ਉਸਨੇ ਇੱਥੇ ਆ ਕੇ ਆਪਣੀ ਐਸ਼ੋ-ਇਸ਼ਰਤ ਵਾਸਤੇ ਪੈਸਾ ਪਾਣੀ ਵਾਂਗ ਖ਼ਰਚ ਕੀਤਾ ਸੀ। ਉਸਨੇ ਭਾਰਤ ਵਿੱਚ ਆਪਣਾ ਪਤੀ ਮੌਜੂਦ ਹੋਣ ਦੇ ਬਾਵਜੂਦ ਇੱਕ ਅਮਰੀਕੀ ਸ਼ਖ਼ਸ ਨਾਲ ਵਿਆਹ ਕਰ ਲਿਆ ਸੀ।

ਦੁਨੀਆਂ ਵਿੱਚ ਪਹਿਲਾ ਵਿਸ਼ਵ ਯੁੱਧ ਸੰਨ 1914 ਤੋਂ 1918 ਤੱਕ ਚੱਲਿਆ ਸੀ ਤੇ ਇਸ ਯੁੱਧ ਦੀ ਸਮਾਪਤੀ ਉਪਰੰਤ ਜ਼ਿਆਦਾਤਰ ਸਿੱਖਾਂ ਨੇ ਚੀਨ ਨੂੰ ਛੱਡਣਾ ਸ਼ੁਰੂ ਕਰ ਦਿੱਤਾ ਸੀ। ਵੀਹਵੀਂ ਸਦੀ ਦੇ ਤੀਜੇ ਅਤੇ ਚੌਥੇ ਦਹਾਕਿਆਂ ਵਿੱਚ ਕਾਫੀ ਸਾਰੇ ਸਿੱਖ ਇੱਥੋਂ ਚਲੇ ਗਏ, ਕਿਉਂਕਿ ਉਨ੍ਹਾਂ ਨੇ ਜਾਪਾਨੀ ਫ਼ੌਜਾਂ ਦਾ ਸਮਰਥਨ ਕਰਨਾ ਸ਼ੁਰੂ ਕਰ ਦਿੱਤਾ ਸੀ ਤੇ ਜਾਪਾਨੀ ਫ਼ੌਜ ਦੀ ਮਦਦ ਨਾਲ ਨੇਤਾ ਜੀ ਸੁਭਾਸ਼ ਚੰਦਰ ਬੋਸ ਵੱਲੋਂ ਖੜ੍ਹੀ ਕੀਤੀ ਗਈ 'ਆਜ਼ਾਦ ਹਿੰਦ ਫ਼ੌਜ' ਵਿੱਚ ਸ਼ਮੂਲੀਅਤ ਸ਼ੁਰੂ ਕਰ ਦਿੱਤੀ ਸੀ। ਅਖ਼ੀਰ ਸੰਨ 1945 ਵਿੱਚ ਚੀਨ ਦੀ ਸਰਕਾਰ ਨੇ 'ਸ਼ੰਘਾਈ ਮਿਊਂਸੀਪਲ ਪੁਲਿਸ' ਹੀ ਭੰਗ ਕਰ ਦਿੱਤੀ ਸੀ। ਇੱਥੇ ਪਿੱਛੇ ਰਹਿ ਗਏ ਸਿੱਖਾਂ ਦੀ ਸੰਖਿਆ ਕਾਫੀ ਘਟ ਗਈ ਸੀ, ਪਰ ਇਨ੍ਹਾਂ ਪਿੱਛੇ ਰਹਿ ਗਏ ਸਿੱਖਾਂ ਨੇ ਇੱਥੇ ਹੀ ਵਿਆਹ ਕਰਵਾ ਲਏ ਸਨ ਅਤੇ ਪੱਕੇ ਤੌਰ 'ਤੇ ਇੱਥੇ ਹੀ ਵੱਸ ਗਏ ਸਨ। ਸੰਨ 1962 ਵਿੱਚ ਜਦੋਂ ਭਾਰਤ-ਚੀਨ ਜੰਗ ਹੋਈ ਸੀ ਤਾਂ ਇਥੇ ਵੱਸਦੇ ਸਿੱਖਾਂ ਵਿੱਚੋਂ ਕਾਫੀ ਸਾਰੇ ਸਿੱਖ ਚੀਨ ਛੱਡ ਆਏ ਸਨ ਤੇ ਭਾਰਤ ਜਾਂ ਹੋਰ ਮੁਲਕਾਂ ਵਿੱਚ ਚਲੇ ਗਏ ਸਨ।

ਹੁਣ ਜੇਕਰ ਜੁਲਾਈ 2016 ਦੇ ਜਨ ਸੰਖਿਆ ਅੰਕੜਿਆਂ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਚੀਨ ਵਿੱਚ ਉਸ ਵੇਲੇ ਲਗਪਗ ਵੀਹ ਲੱਖ ਬੋਧੀ, ਪੌਣੇ ਪੰਜ ਲੱਖ ਪ੍ਰੋਟੈਸਟੈਂਟ, ਚਾਰ ਲੱਖ ਦੇ ਕਰੀਬ ਰੋਮਨ ਕੈਥੋਲਿਕ, ਇੱਕ ਲੱਖ ਹਿੰਦੂ, ਛੇ ਹਜ਼ਾਰ ਯਹੂਦੀ ਅਤੇ ਬਾਰ੍ਹਾਂ ਹਜ਼ਾਰ ਦੇ ਕਰੀਬ ਸਿੱਖ ਵੱਸਦੇ ਸਨ। ਉਨ੍ਹਾਂ ਵਿੱਚੋਂ ਬਹੁਤ ਸਾਰੇ ਸਿੱਖ ਬਤੌਰ ਵਪਾਰੀ ਹਾਂਗਕਾਂਗ ਵਿੱਚ ਵਪਾਰ ਕਰਦੇ ਸਨ ਤੇ ਸ਼ੰਘਾਈ ਵਿਖੇ ਸਥਿਤ ਉਕਤ ਗੁਰਦੁਆਰਾ ਸਾਹਿਬ ਤੋਂ ਇਲਾਵਾ ਹਾਂਗਕਾਂਗ ਵਿਖੇ ਵੀ 'ਖ਼ਾਲਸਾ ਦੀਵਾਨ' ਚਲਾਉਂਦੇ ਸਨ ਤੇ ਕੁਝ ਕੁ ਸਿੱਖ ਪਰਿਵਾਰਾਂ ਨੇ ਆਪਣੇ ਘਰਾਂ ਵਿੱਚ ਹੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਸੀ। ਸਾਲ 2024 ਵਿੱਚ ਪ੍ਰਾਪਤ ਜਨਸੰਖਿਆ ਬਾਰੇ ਅੰਕੜੇ ਦੱਸਦੇ ਹਨ ਕਿ ਚੀਨ ਵਿੱਚ ਵੱਸਦੇ ਸਿੱਖਾਂ ਦੀ ਕੁੱਲ ਸੰਖਿਆ 7500 ਦੇ ਕਰੀਬ ਹੈ।





ਹਾਂਗਕਾਂਗ ਵਿੱਚ ਪਹਿਲਾ ਗੁਰਦੁਆਰਾ, ਜਿਸ ਨੂੰ ਸ੍ਰੀ ਗੁਰੂ ਸਿੰਘ ਸਭਾ ਕਿਹਾ ਜਾਂਦਾ ਹੈ, 1901 ਵਿੱਚ ਹਾਂਗਕਾਂਗ ਵਿੱਚ ਤਾਇਨਾਤ ਬ੍ਰਿਟਿਸ਼ ਆਰਮੀ ਰੈਜੀਮੈਂਟ ਦੇ ਸਿੱਖ ਮੈਂਬਰਾਂ ਦੁਆਰਾ ਬਣਾਇਆ ਗਿਆ ਸੀ, 1930 ਦੇ ਦਹਾਕੇ ਵਿੱਚ ਸਿੱਖਾਂ ਦੀ ਗਿਣਤੀ ਲਗਾਤਾਰ ਵਧਦੀ ਗਈ ਅਤੇ ਗੁਰਦੁਆਰਾ ਸਾਹਿਬ ਨੂੰ ਦੁਬਾਰਾ ਬਣਾਉਣ ਦੀ ਜ਼ਰੂਰਤ ਸੀ।

1940 ਦੇ ਦਹਾਕੇ ਦੇ ਸ਼ੁਰੂ ਵਿੱਚ ਪ੍ਰਸ਼ਾਂਤ ਯੁੱਧ ਦੌਰਾਨ ਗੁਰਦੁਆਰੇ ਨੂੰ ਦੋ ਵਾਰ ਬੰਬ ਨਾਲ ਉਡਾਇਆ ਗਿਆ ਸੀ, ਜਿਸ ਨਾਲ ਭਾਰੀ ਨੁਕਸਾਨ ਹੋਇਆ ਸੀ। ਇੱਕ ਹਮਲੇ ਵਿੱਚ ਉਸ ਸਮੇਂ ਦੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਨੰਦ ਸਿੰਘ ਮੁੱਖ ਹਾਲ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਪਾਠ ਕਰਦੇ ਸਮੇਂ ਘਾਤਕ ਜ਼ਖ਼ਮੀ ਹੋ ਗਏ ਸਨ। ਹਾਲਾਂਕਿ ਗੁਰੂ ਗ੍ਰੰਥ ਸਾਹਿਬ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ। ਬਹੁਤ ਸਾਰੇ ਸਿੱਖਾਂ ਅਤੇ ਗੈਰ-ਸਿੱਖਾਂ ਨੇ ਗੁਰਦੁਆਰੇ ਵਿੱਚ ਸ਼ਰਨ ਲਈ ਸੀ ਅਤੇ ਉਨ੍ਹਾਂ ਵਿੱਚੋਂ ਕੁਝ ਨੂੰ ਸੱਟਾਂ ਲੱਗੀਆਂ ਸਨ। ਯੁੱਧ ਤੋਂ ਬਾਅਦ ਗੁਰਦੁਆਰੇ ਦੇ ਨੁਕਸਾਨੇ ਗਏ ਖੇਤਰਾਂ ਨੂੰ ਸਿੱਖਾਂ ਅਤੇ ਗੈਰ-ਸਿੱਖਾਂ ਦੁਆਰਾ ਮੁੜ ਬਣਾਇਆ ਗਿਆ ਸੀ।

1980 ਦੇ ਦਹਾਕੇ ਵਿੱਚ ਗੁਰਦੁਆਰੇ ਦੇ ਮੁੱਖ ਹਾਲ ਦਾ ਵਿਸਤਾਰ ਕੀਤਾ ਗਿਆ ਸੀ ਅਤੇ ਇੱਕ ਢਕੇ ਹੋਏ ਪੁਲ ਰਾਹੀਂ ਕਵੀਂਸ ਰੋਡ ਈਸਟ ਨਾਲ ਜੋੜਿਆ ਗਿਆ ਸੀ, ਜੋ ਸ਼ਰਧਾਲੂਆਂ ਲਈ ਆਸਾਨ ਪਹੁੰਚ ਪ੍ਰਦਾਨ ਕਰਦਾ ਹੈ। ਇਹ ਪ੍ਰੋਜੈਕਟ ਵੀ ਸਿੱਖਾਂ ਅਤੇ ਗੈਰ-ਸਿੱਖਾਂ ਦੁਆਰਾ ਫੰਡ ਕੀਤਾ ਗਿਆ ਸੀ।

2008 ਵਿੱਚ ਇੱਕ 4 ਮੰਜ਼ਿਲਾ ਐਕਸਟੈਂਸ਼ਨ ਬਲਾਕ ਬਣਾਇਆ ਗਿਆ ਸੀ। ਇਸ ਵਿੱਚ ਇੱਕ ਛੋਟਾ ਪ੍ਰਾਰਥਨਾ ਹਾਲ, ਸੋਸ਼ਲ ਹਾਲ, ਲੰਗਰ ਹਾਲ ਅਤੇ ਸਟਾਫ਼ ਕੁਆਰਟਰ ਹਨ ਅਤੇ ਪੁਰਾਣੀ ਇਮਾਰਤ ਦਾ ਨਵੀਨੀਕਰਨ ਕੀਤਾ ਗਿਆ ਸੀ। ਬਦਕਿਸਮਤੀ ਨਾਲ 2013 ਵਿੱਚ ਪੁਰਾਣੀ ਗੁਰਦੁਆਰਾ ਇਮਾਰਤ ਵਿੱਚ ਤਰੇੜਾਂ ਆਉਣੀਆਂ ਸ਼ੁਰੂ ਹੋ ਗਈਆਂ। ਇਮਾਰਤ ਨੂੰ ਬਚਾਉਣ ਲਈ ਸਾਰੇ ਉਪਾਅ ਕੀਤੇ ਗਏ ਸਨ ਅਤੇ ਪੇਸ਼ੇਵਰ ਇੰਜੀਨੀਅਰਾਂ ਦੁਆਰਾ ਇਸਦੀ ਜਾਂਚ ਕੀਤੀ ਗਈ ਸੀ, ਜਿਨ੍ਹਾਂ ਨੇ ਅੰਤ ਵਿੱਚ ਇਮਾਰਤ ਨੂੰ ਗੈਰ-ਸੁਰੱਖਿਅਤ ਘੋਸ਼ਿਤ ਕਰ ਦਿੱਤਾ ਸੀ।

ਇਸ ਤੋਂ ਉਪਜਦਿਆਂ ਅਤੇ ਕੋਈ ਬਦਲ ਨਾ ਦੇਖਦਿਆਂ ਖਾਲਸਾ ਦੀਵਾਨ ਦੀ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸੰਗਤ ਅਤੇ ਗੈਰ-ਸਿੱਖ ਲੋਕਾਂ ਦੇ ਸਹਿਯੋਗ ਨਾਲ ਹਾਂਗਕਾਂਗ ਵਿੱਚ ਮੌਜੂਦਾ ਸਥਾਨ 'ਤੇ ਇੱਕ ਨਵੀਂ ਇਮਾਰਤ ਉਸਾਰੀ ਗਈ, ਜੋ ਚਾਰ ਮੰਜ਼ਿਲਾ ਬਲਾਕ ਦੀ ਹੈ। ਇਸ ਵਿੱਚ ਦੋ ਦੀਵਾਨ ਹਾਲ, ਲਾਇਬ੍ਰੇਰੀ, ਅਜਾਇਬ ਘਰ, ਸੈਮੀਨਾਰ ਹਾਲ, ਲੰਗਰ ਹਾਲ, ਰਸੋਈ, ਕਾਰ ਪਾਰਕ, ਵਾਸ਼ਰੂਮ, ਕਿੰਡਰਗਾਰਟਨ, ਟਿਊਟੋਰੀਅਲ ਕਲਾਸਰੂਮ ਸਮੇਤ ਨਿੱਜੀ ਸਮਾਗਮਾਂ ਲਈ ਕਮਰੇ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਮੁਹੱਈਆ ਹਨ। ਕੋਵਿਡ ਮਹਾਂਮਾਰੀ ਅਤੇ ਵਧਦੀਆਂ ਲਾਗਤਾਂ ਤੇ ਅਣਕਿਆਸੀ ਦੇਰੀ ਕਾਰਨ ਇਮਾਰਤ ਦੀ ਉਸਾਰੀ ਦੀ ਕੁੱਲ ਲਾਗਤ 170 ਮਿਲੀਅਨ ਹਾਂਗਕਾਂਗ ਡਾਲਰ ਦੇ ਮੂਲ ਅਨੁਮਾਨ ਦੇ ਮੁਕਾਬਲੇ 220 ਮਿਲੀਅਨ ਹਾਂਗਕਾਂਗ ਡਾਲਰ ਨੂੰ ਜਾ ਪਹੁੰਚੀ।

**ਐਡਵੋਕੇਟ ਮਲਕੀਤ ਸਿੰਘ**

# ਅਫ਼ਸਰਸ਼ਾਹੀ

ਭਾਰਤ ਜਾਂ ਕਿਸੇ ਵੀ ਮੁਲਕ ਵਿੱਚ ਥੋੜ੍ਹੇ-ਬਹੁਤੇ ਫਰਕ ਨਾਲ ਸਰਕਾਰਾਂ ਤਿੰਨ ਧਿਰੀ ਹੁੰਦੀਆਂ ਹਨ-ਵਿਧਾਨਕ ਭਾਵ ਪਾਰਲੀਮੈਂਟ ਵਿੱਚ ਜਾਂ ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿੱਚ ਚੁਣ ਕੇ ਆਏ ਲੋਕ-ਪ੍ਰਤੀਨਿਧ ਜਿਸਨੂੰ ਵਿਧਾਨਪਾਲਿਕਾ ਕਿਹਾ ਜਾਂਦਾ ਹੈ; ਵਿਧਾਨਪਾਲਿਕਾ ਦੁਆਰਾ ਬਣਾਏ ਕਾਨੂੰਨਾਂ ਨੂੰ ਸੰਵਿਧਾਨ ਅਨੁਸਾਰ ਪੜਚੋਲ ਕਰਨ ਜਾਂ ਉਨ੍ਹਾਂ ਨੂੰ ਲਾਗੂ ਕਰਨ ਲਈ ਨਿਆਂਪਾਲਿਕਾ; ਅਤੇ ਤੀਜੀ ਧਿਰ ਅਫ਼ਸਰਸ਼ਾਹੀ ਦੀ ਹੁੰਦੀ ਹੈ ਜੋ ਵਿਧਾਨਪਾਲਿਕਾ ਦੁਆਰਾ ਬਣਾਏ ਕਾਨੂੰਨ ਨੂੰ ਇੰਨ-ਬਿੰਨ ਲਾਗੂ ਹੀ ਨਹੀਂ ਕਰਦੀ ਸਗੋਂ ਉਸਦੀ ਪਾਲਣਾ ਵੀ ਜ਼ਰੂਰੀ ਬਣਾਉਂਦੀ ਹੈ।

ਰਾਜ ਜਾਂ ਮੁਲਕ ਦਾ ਸਿਧਾਂਤਕ ਰੂਪ ਸਮਝੀਏ ਤਾਂ ਰਾਜ ਦੀਆਂ ਤਿੰਨੇ ਧਿਰਾਂ ਆਪੋ-ਆਪਣੇ ਖੇਤਰ ਵਿੱਚ ਆਜ਼ਾਦ ਹਨ। ਇਨ੍ਹਾਂ ਧਿਰਾਂ ਦੀ ਆਜ਼ਾਦੀ ਬਿਲਕੁਲ ਇਵੇਂ ਹੀ ਹੈ, ਜਿਵੇਂ ਕਈ ਨਵੇਂ ਬਣਾਏ ਘਰ ਦੇ ਬਨੇਰੇ ਉਤੇ ਨਜ਼ਰ-ਵੱਟੂ ਟੰਗ ਕੇ ਸੁਰਖਰੂ ਹੋ ਜਾਵੇ ਕਿ ਹੁਣ ਕੁੱਝ ਨਹੀਂ ਹੋਣਾ-ਹੁਣ ਕਿਸੇ ਦੀ ਨਜ਼ਰ ਨਹੀਂ ਲੱਗਣੀ।

ਬਨੇਰੇ 'ਤੇ ਤੌੜੀ ਮੁੱਧੀ ਮਾਰ ਕੇ ਟੰਗਿਆ ਉਹ ਨਜ਼ਰ-ਵੱਟੂ ਲੱਖਾਂ-ਕਰੋੜਾਂ ਰੁਪਏ ਖਰਚ ਕੇ ਬਣਾਏ ਘਰ ਅਤੇ ਘਰ ਦੇ ਮਾਲਕਾਂ ਦੀ ਖਿੱਲੀ ਉਡਾਉਂਦਾ ਪ੍ਰਤੀਤ ਹੁੰਦਾ ਹੈ। ਕੀ ਕਰੀਏ ਭਾਰਤ ਦੇਸ਼ ਹੀ ਅੰਧ-ਵਿਸ਼ਵਾਸਾਂ ਅਤੇ ਦਕੀਆਨੂਸੀ ਭਰਵਾਸਿਆਂ ਦਾ ਦੇਸ਼ ਹੈ। ਇੱਥੇ ਤਾਂ ਸਬਰ-ਸੰਤੋਖ ਹੀ ਸਿਖਾਇਆ ਜਾਂਦਾ ਹੈ, ਪਰ ਉਹ ਵੀ ਕੇਵਲ ਸਧਾਰਨ ਜਨ-ਮਾਨਸ ਨੂੰ। ਪਹੁੰਚ ਵਾਲੇ ਤਾਂ ਰਾਜ ਦੇ ਤਿੰਨ ਥੰਮਾਂ ਵਿੱਚੋਂ ਇੱਕ ਦੇ ਹਿੱਸੇਦਾਰ ਹੋ ਜਾਂਦੇ ਨੇ।

ਵਿਧਾਨਪਾਲਿਕਾ ਦੇ ਹਿੱਸੇਦਾਰ ਭਾਰਤ ਵਿੱਚ ਕਿਹੋ ਜਿਹੇ ਆਏ ਅਤੇ ਉਨ੍ਹਾਂ ਕੀ ਚੰਦ ਚਾੜ੍ਹੇ, ਉਹ ਕਿਸੇ ਤੋਂ ਗੁੱਝੇ ਨਹੀਂ। ਅਸੀਂ ਵੀ ਇਹ ਮੰਨ ਲਿਆ ਕਿ ਉਹ ਘੱਟ ਬੁੱਧੀ ਦੇ ਮਾਲਕ ਹੁੰਦੇ ਹਨ, ਪਰ ਉਨ੍ਹਾਂ ਨੂੰ ਕਾਬੂ ਵਿੱਚ ਰੱਖਣ ਲਈ ਪੜ੍ਹੀ-ਲਿਖੀ ਅਫ਼ਸਰਸ਼ਾਹੀ ਅਤੇ ਅਖੌਤੀ ਵਿਦਵਾਨ ਕਿਸਮ ਦੀ ਨਿਆਂਪਾਲਿਕਾ ਵੀ ਤਾਂ ਹੈ। ਸਾਨੂੰ ਦੂਜੀਆਂ ਦੋਹਾਂ ਧਿਰਾਂ ਦੇ ਹੋਣ ਨਾਲ ਸਕੂਨ ਮਿਲ ਗਿਆ।

ਅਫ਼ਸਰਸ਼ਾਹੀ ਨੂੰ ਇੱਕ ਵਾਰ ਜੇ ਲਾਂਭੇ ਵੀ ਕਰ ਦੇਈਏ ਤਾਂ ਵੀ ਸਾਨੂੰ ਲੋਕਾਂ ਨੂੰ ਇਸ ਗੱਲ ਦਾ ਗੁਮਾਨ ਰਿਹਾ ਕਿ 1993 ਵਿੱਚ ਅਸੀਂ ਲੋਕਾਂ ਨੇ ਨਿਆਂਪਾਲਿਕਾ ਨੂੰ ਵਿਧਾਨਪਾਲਿਕਾ ਤੋਂ ਆਜ਼ਾਦ ਕਰਵਾ ਕੇ ਨਿਆਂਪਾਲਿਕਾ ਨੂੰ ਹੱਕ ਦਿਵਾ ਦਿੱਤੇ ਕਿ ਹੁਣ ਉਹੀ ਸਿੱਧੇ ਤੌਰ 'ਤੇ ਨਿਆਂਪਾਲਿਕਾ ਦੇ ਅਹੁਦਿਆਂ ਲਈ ਨਾਮਜ਼ਦਗੀਆਂ ਕਰਨਗੇ ਅਤੇ ਤਾਇਨਾਤ ਕਰਨਗੇ।

ਨਿਆਂਪਾਲਿਕਾ ਦੇ ਕਰਤਾ-ਧਰਤਾਵਾਂ ਦੀਆਂ ਲੱਖ ਮਜ਼ਬੂਰੀਆਂ ਨੇ। ਉਨ੍ਹਾਂ ਦੇ ਵੀ ਕਾਲੇ ਚਿੱਠੇ ਆਈ.ਬੀ., ਇਨਕਮ ਟੈਕਸ, ਈ.ਡੀ., ਅਤੇ ਸੀ.ਬੀ.ਆਈ. ਕੋਲ ਪਏ ਹਨ। ਵਿਧਾਨ-ਪਾਲਿਕਾ ਵਾਲਿਆਂ ਸਭ ਕਾਣੇ ਕੀਤੇ ਹੋਏ ਨੇ। ਫਿਰ ਕਿੰਝ ਨਿਆਂਪਾਲਿਕਾ ਦੀ ਕੁਰਸੀ ਉਤੇ ਬਹਿਣ ਵਾਲਿਆਂ ਦੀ ਚੋਣ ਨਿਰਪੱਖ ਹੋ ਸਕਦੀ ਹੈ। ਸਭ ਨੂੰ ਖੁਸ਼ ਤਾਂ ਰੱਖਣਾ ਹੀ ਪੈਂਦਾ ਏ ਨਾ।




ਇਸ ਸਾਰੇ ਘਟਨਾਕ੍ਰਮ ਪਿੱਛੇ ਦਿਮਾਗ ਚੱਲਦਾ ਹੈ ਤੀਜੀ ਧਿਰ ਅਫ਼ਸਰਸ਼ਾਹੀ ਦਾ। ਅਫ਼ਸਰਸ਼ਾਹੀ ਵਿਧਾਨਪਾਲਿਕਾ ਦੇ ਹੱਥ ਅਜਿਹਾ ਬ੍ਰਹਮ-ਅਸਤ੍ਰ ਹੈ, ਜਿਹੜਾ ਉਹ ਕਦੇ ਵੀ ਵਰਤ ਲੈਂਦੇ ਹਨ।

ਅਫ਼ਸਰਸ਼ਾਹੀ ਦੀ ਧਿਰ ਦੁਆਰਾ ਵੀ ਆਮ ਲੋਕਾਂ ਵਿੱਚ ਬਹੁਤ ਭਰਮ ਪੈਦਾ ਕੀਤਾ ਜਾਂਦਾ ਹੈ। ਲੋਕ ਕਿਸੇ ਵਿਸ਼ੇਸ਼ ਅਫ਼ਸਰ ਪ੍ਰਤੀ ਮੋਹਿਤ ਕੀਤੇ ਜਾਂਦੇ ਹਨ ਕਿ ਉਹ ਬਹੁਤ ਇਮਾਨਦਾਰ ਅਤੇ ਲੋਕ-ਪੱਖੀ ਹੈ। ਅਖੌਤੀ ਇਮਾਨਦਾਰ ਆਈ.ਪੀ.ਐਸ. ਅਤੇ ਆਈ.ਏ.ਐਸ. ਅਧਿਕਾਰੀਆਂ ਨੂੰ ਵਿਸ਼ੇਸ਼ ਅਖਤਿਆਰ ਵਾਲੇ ਅਹੁਦੇ ਬਖ਼ਸ਼ੇ ਜਾਂਦੇ ਹਨ ਤਾਂ ਕਿ ਰਾਜਨੀਤਿਕ ਸਰਕਾਰ ਬਚਾਉਣ ਹਿੱਤ ਉਹ ਵੀ ਕੁੱਝ ਕਮਾ ਲੈਣ ਜਿਸਦਾ ਲੇਖਾ-ਜੋਖਾ ਨਹੀਂ ਹੋਣਾ।

ਤਾਜੀ ਗੱਲ ਲੈ ਲਈਏ, ਉਹਨੇ ਰੱਜ ਕਮਾਇਆ ਪਰ ਇਮਾਨਦਾਰੀ ਦਾ ਟੈਗ ਵੀ ਨਾ ਲਹਿਣ ਦਿੱਤਾ। ਇਹ ਤਾਂ ਮੈਨੂੰ ਵੀ ਪਤਾ ਕਿ ਉਹ ਆਈ.ਏ.ਐਸ. ਅਧਿਕਾਰੀ ਕਿੰਨਾ ਕੁ ਇਮਾਨਦਾਰ ਹੈ।

ਇਹੀ ਭਾਰਤ ਦੇਸ਼ ਦਾ ਨਕਸ਼ਾ ਹੈ।

**ਇੱਕ ਅਰਸੇ ਤੋਂ ਲੀਡਰਸ਼ਿਪ ਪੰਜਾਬ ਦੇ ਲੋਕਾਂ, ਖਾਸ ਕਰਕੇ ਜਵਾਨੀ ਨੂੰ ਝਕਾਨੀ ਦਿੰਦੀ ਰਹੀ ਹੈ। ਆਪਣੇ ਹਾਣ ਦੀ ਅਗਵਾਈ ਲਈ ਕਿਸੇ ਸਮਰੱਥ ਆਗੂ ਵਾਸਤੇ ਤਰਸੇਵਾਂ ਪੰਜਾਬ ਦੇ ਮੁੰਡਿਆਂ ਨੂੰ ਇੱਕ ਜਾਂ ਦੂਜੇ ਰਾਹੇ/ਕੁਰਾਹੇ ਭਟਕਾਉਂਦਾ ਰਿਹਾ ਹੈ। ਪਿਛਲੇ ਕਿਸਾਨ ਸੰਘਰਸ਼ ਦੌਰਾਨ ਇੱਕ ਵਾਰ ਫਿਰ ਆਸ ਬੱਝੀ ਸੀ ਕਿ ਕਿਸਾਨੀ ਦਾ ਇਹ ਸ਼ਕਤੀ ਪ੍ਰਦਰਸ਼ਨ ਪੰਜਾਬ ਦੇ ਪੁਨਰ ਉਥਾਨ ਦਾ ਮੁੱਢ ਬੰਨ੍ਹੇਗਾ, ਪਰ ਇਹ ਦੌਰ ਵੀ ਇੱਕ ਤੇਜ਼ ਸੁਪਨੇ ਦੀ ਤਰ੍ਹਾਂ ਗੁਜ਼ਰ ਗਿਆ ਹੈ। ਇੱਕ ਵਾਰ ਫਿਰ ਵਕਤ ਦੇ ਸ਼ਾਹਸਵਾਰ ਪੰਜਾਬੀ ਚੇਤਨਾ ਦੇ ਵਿਹੜੇ ਸਾਹਮਣਿਓਂ ਦੀ ਇੱਕ ਝਲਕ ਮਾਤਰ ਦੇ ਕੇ ਗੁਜ਼ਰ ਗਏ ਹਨ। ਗੁਰੂ ਇਤਿਹਾਸ ਨੇ ਪੰਜਾਬ ਦੀ ਜ਼ਮੀਨ ਵਿੱਚ ਬਹੁਤ ਵੱਡੇ ਆਦਰਸ਼ਾਂ ਦੇ ਬੀਜ ਬੀਜੇ ਹਨ। ਮਨੋਵਿਗਿਆਨੀ ਆਖਦੇ ਹਨ ਕਿ ਬੰਦੇ ਦਾ ਰੀਅਲ ਸੈਲਫ ਅਤੇ ਆਈਡਲ ਸੈਲਫ ਕਦੇ ਇੱਕ ਨਹੀਂ ਹੋ ਸਕਦੇ, ਪਰ ਆਪਣੇ ਆਦਰਸ਼ ਸੈਲਫ ਲਈ ਅਮੁੱਕ ਤਾਂਘ ਹੀ ਬੰਦੇ ਨੂੰ ਬਾਕੀ ਜਾਨਵਰ ਜਗਤ ਤੋਂ ਵੱਖ ਕਰਦੀ ਹੈ। ਕਿਸੇ ਸਮਾਜ 'ਤੇ ਵੀ ਸ਼ਾਇਦ ਇਹੋ ਮਨੋਵਿਗਿਆਨਕ ਅਸੂਲ ਲਾਗੂ ਹੁੰਦਾ ਹੋਵੇ। ਆਪਣੇ ਇਤਿਹਾਸ ਵਿੱਚ ਬੀਜੇ ਆਦਰਸ਼ ਆਪਣੇ ਅਸਲ ਨਾਇਕਾਂ ਦੀ ਤਾਲਾਸ਼ ਵਿੱਚ ਸਦਾ ਪੰਜਾਬ ਦੀ ਜਵਾਨੀ ਨੂੰ ਬੇਚੈਨ ਰੱਖਦੇ ਹਨ। ਮੀਡੀਆ ਖੇਤਰ ਨਾਲ ਪਿਛਲੇ ਲੰਮੇ ਸਮੇਂ ਤੋਂ ਜੁੜੇ ਹੋਏ ਲੇਖਕ ਜਸਵੀਰ ਸਿੰਘ ਸ਼ੀਰੀ ਨੇ ਇਸ ਨਾਵਲ ਵਿੱਚ ਪੰਜਾਬ ਦੀ ਇਸ ਬੇਚੈਨ ਆਤਮਾ ਨੂੰ ਹੀ ਸੰਬੋਧਨ ਹੋਣ ਦੀ ਕੋਸ਼ਿਸ਼ ਕੀਤੀ ਹੈ। ਇਹ ਨਾਵਲ ਅਸੀਂ ਕਿਸ਼ਤ-ਦਰ-ਕਿਸ਼ਤ ਪ੍ਰਕਾਸ਼ਿਤ ਕਰ ਰਹੇ ਹਾਂ...**

# ਸ਼ਾਹਸਵਾਰ

## ਨਾਵਲ

ਜਸਵੀਰ ਸਿੰਘ ਸ਼ੀਰੀ

ਅਗਲੇ ਕਈ ਦਿਨ ਉਹ ਕੰਟੀਨ ਆਉਂਦੀਆਂ ਰਹੀਆਂ। ਵੀਰਦੀਪ ਉਨ੍ਹਾਂ ਨੂੰ ਕਿਤੇ ਨਾ ਮਿਲਿਆ। ਉਹ ਪੜ੍ਹਾਈ ਵਿੱਚ ਰੁਝ ਗਿਆ ਸੀ। ਵਿਹਲਾ ਹੁੰਦਾ ਤਾਂ ਲਾਇਬਰੇਰੀ ਜਾ ਵੜਦਾ। ਦਿਲਬਾਗ ਇਲੈਕਟਿਵ ਪੰਜਾਬੀ, ਫਿਜ਼ੀਕਲ ਐਜੂਕੇਸ਼ਨ ਤੇ ਪੁਲਿਟੀਕਲ ਸਾਇੰਸ ਵਿੱਚ ਬੀ.ਏ. ਕਰ ਰਿਹਾ ਸੀ। ਉਹ ਪੜ੍ਹਨ ਵੱਲੋਂ ਥੋੜ੍ਹਾ ਅਵੇਸਲਾ ਜਿਹਾ ਰਹਿੰਦਾ। ਸਿਰਫ ਵੀਰਦੀਪ ਦੇ ਸਾਥ ਲਈ ਲਾਇਬਰੇਰੀ ਆ ਜਾਂਦਾ। ਫੁੱਟਬਾਲ ਖੇਡਦਿਆਂ ਉਹ ਵੀਰਦੀਪ ਦੇ ਮੁਕਾਬਲੇ ਹਮਲਾਵਰ ਦਿਸਦਾ ਹੁੰਦਾ ਸੀ। ਵਿਰੋਧੀ ਖਿਡਾਰੀਆਂ ਨੂੰ ਰੋਕਣ ਲਈ ਫਾਊਲ ਵੀ ਖੇਡ ਜਾਂਦਾ। ਬਾਲ ਨਿਕਲ ਜਾਂਦੀ ਤਾਂ ਬੰਦੇ ਨੂੰ ਸੁੱਟ ਲੈਂਦਾ। ਡਿਫੈਂਸ ਵਿੱਚ ਖੇਡਦਿਆਂ ਵਿਰੋਧੀ ਟੀਮ ਦੇ ਗੋਲਾਂ ਤੱਕ ਜਾ ਪੁੱਜਦਾ। ਇਸੇ ਲਈ ਉਨ੍ਹਾਂ ਦਾ ਕੋਚ ਇੱਕ ਖਿਡਾਰੀ ਨੂੰ ਸੈਂਟਰ ਬੈਕ ਵਜੋਂ ਖਿਡਾਉਂਦਾ। ਕੋਚ ਖੇਡ ਤੋਂ ਪਹਿਲਾਂ ਕਾਗਜ਼ 'ਤੇ ਰਣਨੀਤੀ ਸਮਝਾਉਂਦਾ। ਗਰਾਉਂਡ ਵਿੱਚ ਜਾ ਕੇ ਦਿਲਬਾਗ ਸਭ ਭੁੱਲ ਜਾਂਦਾ। ਉਹਦਾ ਅਗਰੈਸਿਵ ਇਨਸਟਿੰਕਟ ਉਸ ਦੀ ਖੇਡ 'ਤੇ ਭਾਰੂ ਹੋ ਜਾਂਦਾ। ਕਾਲਜ ਦੀ ਟੀਮ ਵੱਲੋਂ ਅਤੇ ਇੰਟਰ ਯੂਨੀਵਰਸਿਟੀ ਖੇਡਦਿਆਂ ਉਹ ਆਪਣੇ ਸੁਭਾਅਵਾਂ ਦੇ ਅੰਤਰ ਦੇ ਬਾਵਜੂਦ ਗਹਿਰੇ ਦੋਸਤ ਬਣ ਗਏ। ਉਨ੍ਹਾਂ ਵਿਚਕਾਰ ਸਕੇ ਭਰਾਵਾਂ ਵਰਗਾ ਨਿੱਘ ਸੀ। ਕਈ ਵਾਰ ਕਿਸੇ ਗੱਲ ਬਾਰੇ ਵੀਰਦੀਪ ਹਾਲੇ ਸੋਚ ਰਿਹਾ ਹੁੰਦਾ, ਦਿਲਬਾਗ ਉਹੀ ਗੱਲ ਮੂੰਹੋਂ ਬੋਲ ਦਿੰਦਾ। ਵੀਰਦੀਪ ਆਖਦਾ, 'ਸੋਚ ਤਾਂ ਯਾਰ ਮੈਂ ਵੀ ਇਵੇਂ ਰਿਹਾ ਸੀ।'

ਦਿਲਬਾਗ ਨੂੰ ਤਾਂ 100 ਫੀਸਦੀ ਵਿਸ਼ਵਾਸ ਸੀ ਕਿ ਉਸ ਦੀ ਚੋਣ ਕੌਮੀ ਟੀਮ ਵਿੱਚ ਹੋ ਜਾਵੇਗੀ। ਨਾ ਚੁਣੇ ਜਾਣ ਕਾਰਨ ਉਹਨੂੰ ਵੀਰਦੀਪ ਨਾਲੋਂ ਜ਼ਿਆਦਾ ਨਿਰਾਸ਼ਾ ਹੋਈ। ਵੀਰਦੀਪ ਚੜ੍ਹੀ ਉੱਤਰੀ ਦੀ ਘੱਟ ਪ੍ਰਵਾਹ ਕਰਦਾ ਸੀ। ਵਧੇਰੇ ਸਹਿਜ ਰਹਿੰਦਾ। ਵੀਰਦੀਪ ਤੇ ਦਿਲਬਾਗ ਦੋਨੋ ਲੈਫਟ ਰਾਈਟ ਫੁੱਲ ਬੈਕ ਖੇਡਦੇ, ਪਰ ਉਨ੍ਹਾਂ ਦੀ ਖੇਡ ਵਿੱਚ ਜ਼ਮੀਨ ਆਸਮਾਨ ਦਾ ਅੰਤਰ ਸੀ। ਦਿਲਬਾਗ ਦੇ ਮੁਕਾਬਲੇ ਵੀਰਦੀਪ ਹਰ ਹਾਲਤ ਵਿੱਚ ਸ਼ਾਂਤ ਰਹਿੰਦਾ। ਉਹ ਬਹੁਤ ਘੱਟ ਫਾਊਲ ਕਰਦਾ। ਡਿਫੈਂਸ ਕਰਨ ਵੇਲੇ ਵੀ ਬੜੀ ਸਫਾਈ ਨਾਲ ਫਾਰਵਰਡਾਂ ਕੋਲੋਂ ਬਾਲ ਖੋਂਹਦਾ। ਕਿਸੇ ਨੂੰ ਸੱਟ ਮਾਰਨ ਜਾਂ ਸੁਟਣ ਦਾ ਯਤਨ ਨਾ ਕਰਦਾ। ਉਹਦੇ ਪਾਸ ਵੀ ਵਧੇਰੇ ਸਟੀਕ ਹੁੰਦੇ, ਬਾਲ ਕੰਟਰੋਲ ਵਿੱਚ ਤਾਂ ਦੋਨੋ ਮਾਹਿਰ ਸਨ ਪਰ ਵੀਰਦੀਪ ਅਤਿ ਸੰਕਟ ਵਿੱਚ ਵੀ ਆਪਣੇ ਖਿਡਾਰੀਆਂ ਕੋਲ ਬਾਲ ਪਹੁੰਚਾ ਦਿੰਦਾ। ਜ਼ੋਰ ਘੱਟ ਲਾਉਂਦਾ, ਦਿਮਾਗ ਦੀ ਵਰਤੋਂ ਵੱਧ ਕਰਦਾ। ਆਪ ਭੱਜਣ ਨਾਲੋਂ ਬਾਲ ਨੂੰ ਜ਼ਿਆਦਾ ਭਜਾਉਂਦਾ, ਪਰ ਦਿਲਬਾਗ ਅਕਸਰ ਵਧੇਰੇ ਦੌੜਦਾ, ਫਾਰਵਰਡਾਂ ਦੀ ਪੁਜੀਸ਼ਨ 'ਤੇ ਜਾ ਕੇ ਕਈ ਵਾਰ ਗੋਲ ਕਰਨ ਵਿੱਚ ਵੀ ਕਾਮਯਾਬ ਹੋ ਜਾਂਦਾ ਸੀ। ਇੰਜ ਬਹੁਤੀ ਵਾਰ ਉਹ ਅਤਿ ਆਤਮਵਿਸ਼ਵਾਸੀ ਹੋ ਜਾਂਦਾ। ਦਿਲਬਾਗ ਘਰੋਂ ਵਧੇਰੇ ਸੌਖਾ ਸੀ। ਜ਼ਮੀਨ ਭਾਵੇਂ ਘੱਟ ਸੀ ਪਰ ਉਸ ਦਾ ਪਿਤਾ ਨੱਬੇਵਿਆਂ ਦੇ ਅਖੀਰ ਵਿੱਚ ਇਟਲੀ ਚਲਾ ਗਿਆ ਸੀ। ਫਿਰ ਉਥੋਂ ਜਰਮਨ ਚਲਾ ਗਿਆ ਅਤੇ ਰਾਜਨੀਤਿਕ ਸ਼ਰਣ ਲੈ ਲਈ। ਹੌਲੀ ਹੌਲੀ ਵਰਕ ਪਰਮਿਟ ਲੈ ਲਿਆ ਅਤੇ ਘਰ ਦਾ ਗੁਜ਼ਾਰਾ ਸੌਖਾ ਸੀ। ਉਹਨੂੰ ਇਹ ਵੀ ਸੀ ਕਿ ਹੋਰ ਕੁਝ ਨਾ ਬਣਿਆ ਤਾਂ ਬਾਹਰ ਚਲੇ ਜਾਵਾਂਗੇ। ਉਹਦੀ ਮਾਤਾ ਦਾ ਵੀ ਜਰਮਨ ਆਉਣ-ਜਾਣ ਹੋ ਗਿਆ ਸੀ।

ਵੀਰਦੀਪ ਹੁਣ ਪੜ੍ਹਾਈ ਵਿੱਚ ਪੂਰੀ ਤਰ੍ਹਾਂ ਖੁਭ ਗਿਆ। ਉਸ ਦੀ ਦਿਲਚਸਪੀ ਜ਼ਿਆਦਾ ਰਾਜਨੀਤੀ ਸ਼ਾਸ਼ਤਰ ਵਿੱਚ ਸੀ। ਸਮਾਜ ਵਿਗਿਆਨ ਵੀ ਉਹਨੂੰ ਚੰਗੀ ਲਗਦੀ ਪਰ ਇਤਿਹਾਸ ਉਹਨੂੰ ਕਿਸੇ ਨਾਵਲ ਵਾਂਗ ਦਿਲਚਸਪ ਲਗਦਾ। ਉਸ ਨੇ ਰਾਜਨੀਤੀ ਵਿਗਿਆਨ ਵਿੱਚ ਪੀਐਚ.ਡੀ. ਕਰਕੇ ਪ੍ਰੋਫੈਸਰ ਲੱਗਣ ਦੀ ਧਾਰ ਲਈ। ਇਸ ਵਿਚਕਾਰ ਦਿਲਬਾਗ ਦਾ ਕੋਈ ਖਾਸ ਨਿਸ਼ਾਨਾ ਨਹੀਂ ਸੀ। ਉਹ ਵੀਰਦੀਪ ਦੇ ਨਾਲ ਲਾਇਬਰੇਰੀ ਵਿੱਚ ਹੁੰਦਾ ਤਾਂ ਤਰ੍ਹਾਂ ਤਰ੍ਹਾਂ ਦੇ ਰਸਾਲੇ ਫਰੋਲਣ ਲਗਦਾ। ਡਿਫੈਂਸ ਸਟਡੀਜ਼ 'ਤੇ ਇੱਕ ਮੈਗਜ਼ੀਨ ਆਉਂਦਾ ਸੀ, ਉਸ ਵਿੱਚ ਨਵੇਂ-ਨਵੇਂ ਹਥਿਆਰਾਂ ਦੀਆਂ ਤਸਵੀਰਾਂ ਵੇਖਣ ਲਗਦਾ। ਸਫੇ ਪਲਟਦਾ ਰਹਿੰਦਾ। ਇੱਕ ਨਵਾਂ ਸ਼ੌਕ ਉਸ ਨੇ ਹੋਰ ਪਾਲ ਲਿਆ ਸੀ। ਵੀਰਦੀਪ ਨੂੰ ਲਾਇਬਰੇਰੀ ਵਾੜ ਕੇ ਆਪ ਕਾਲਜ ਦੀ ਤੀਰ-ਅੰਦਾਜ਼ੀ ਦੀ ਟਰੇਨਿੰਗ ਲੈ ਰਹੇ ਮੁੰਡਿਆਂ ਕੋਲ ਚਲਾ ਜਾਂਦਾ। ਆਪ ਵੀ ਨਿਸ਼ਾਨੇ ਲਗਾਉਣ ਲਗਦਾ। ਕਈ ਵਾਰ ਤਾਂ ਤੀਰ ਅੰਦਾਜ਼ੀ ਸਿੱਖ ਰਹੇ ਵਿਦਿਆਰਥੀਆਂ ਨਾਲੋਂ ਵੀ ਸਟੀਕ ਨਿਸ਼ਾਨੇ ਮਾਰਦਾ। ਕੋਚ ਉਹਨੂੰ ਗੇਮ ਵਿੱਚ ਆਉਣ ਲਈ ਕਹਿੰਦਾ, ਪਰ ਉਹ ਜੁਆਬ ਦੇ ਦਿੰਦਾ। ਫੁੱਟਬਾਲ ਵਾਲੇ ਕਿੱਸੇ ਨੇ ਉਸ ਦਾ ਖੇਡ ਫੈਡਰੇਸ਼ਨਾਂ ਵਿੱਚ ਵਿਸ਼ਵਾਸ ਭੰਗ ਕਰ ਦਿੱਤਾ ਸੀ। 'ਆਪਾਂ ਤਾਂ ਕੋਚ ਸ੍ਹਾਬ ਸ਼ੌਂਕ ਪੂਰਾ ਕਰਨਾ' ਉਹ ਅਕਸਰ ਹੀ ਅਲਗਰਜ਼ ਜਿਹਾ ਜੁਆਬ ਦਿੰਦਾ।

ਅਗਲੇ ਸਾਲ ਫੁੱਟਬਾਲ ਕੋਚ ਨੇ ਵੀਰਦੀਪ ਤੇ ਦਿਲਬਾਗ ਨੂੰ ਕਾਲਜ ਦੀ ਟੀਮ ਵਾਸਤੇ ਖੇਡਣ ਲਈ ਕਿਹਾ। ਦੋਹਾਂ ਨੇ ਸਪਸ਼ਟ ਜੁਆਬ ਦੇ ਦਿੱਤਾ। 'ਵੀਰਦੀਪ ਤੇ ਹੁਣ ਪੜ੍ਹਾਕੂ ਹੋ ਗਿਆ, ਤੂੰ ਤੇ ਖੇਡ ਲੈ ਟੀਮ ਲਈ' ਕੋਚ ਦਿਲਬਾਗ ਨੂੰ ਸੰਬੋਧਨ ਹੋਇਆ। 'ਆਪਾਂ ਇਹਦੇ ਬੌਡੀਗਾਰਡ ਬਣ ਕੇ ਰਹਿਣਾ ਹੁਣ, ਹੋਰ ਨੀ ਜੀ ਆਪਣੇ ਕੋਲ ਵਿਹਲ' ਦਿਲਬਾਗ ਵੀ ਸਾਫ ਮੁੱਕਰ ਗਿਆ। ਇਸ ਵਾਰ ਫਿਰ ਕੋਚ ਨੇ ਉਨ੍ਹਾਂ ਦੀ ਥਾਂ ਨਵੇਂ ਖਿਡਾਰੀ ਚੁਣ ਲਏ ਸਨ। ਕਾਲਜ ਪ੍ਰਿੰਸੀਪਲ ਨੇ ਵੀ ਉਨ੍ਹਾਂ ਨੂੰ ਬੁਲਾ ਕੇ ਖੇਡਣ ਲਈ ਕਿਹਾ, ਪਰ ਉਹ ਮੰਨੇ ਨਾ।

ਕਾਲਜ ਦੀ ਸਟੂਡੈਂਟ ਯੂਨੀਅਨ ਦੀ ਚੋਣ ਆਉਣ ਵਾਲੀ ਸੀ। ਦੋਹਾਂ ਨੇ ਕਾਲਜ ਦੀਆਂ ਚੋਣਾਂ ਲੜਨ ਦਾ ਮਨ ਬਣਾਇਆ। ਵੀਰਦੀਪ ਨੇ ਪ੍ਰਧਾਨਗੀ ਲਈ ਅਤੇ ਦਿਲਬਾਗ ਨੇ ਜਨਰਲ ਸਕੱਤਰੀ ਵਾਸਤੇ। ਚੋਣ ਮੁਹਿੰਮ ਦੌਰਾਨ ਬਥੇਰੀ ਘੜਮੱਸ ਪਈ। ਕਈ ਵਾਰ ਟਕਰਾਅ ਹੁੰਦਾ ਹੁੰਦਾ ਬਚਿਆ। ਹਰ ਵਾਰ ਦਿਲਬਾਗ ਤਾਅ ਖਾ ਜਾਂਦਾ, ਪਰ ਵੀਰਦੀਪ ਸਿਆਣਪ ਨਾਲ ਸਾਰੇ ਮਾਮਲੇ ਨੂੰ ਠੰਡਾ ਕਰ ਲੈਂਦਾ। ਉਹ ਵਿਰੋਧੀਆਂ ਨਾਲ ਵੀ ਬੜੇ ਸਲੀਕੇ ਨਾਲ ਪੇਸ਼ ਆਉਂਦਾ। ਉਹ ਦੋਵੇਂ ਜਿੱਤ ਗਏ। ਬਾਕੀ ਮੈਂਬਰ ਵਿਰੋਧੀ ਗਰੁੱਪ ਦੇ ਜਿੱਤ ਗਏ ਸਨ। ਪੜ੍ਹਾਈ ਦੇ ਨਾਲ ਨਾਲ ਉਨ੍ਹਾਂ ਨੇ ਇੱਕ ਹੋਰ ਰੁਝੇਵਾਂ ਛੇੜ ਲਿਆ ਸੀ। ਵੀਰਦੀਪ ਨੇ ਰੁਝੇਵਾਂ ਇਹ ਸੋਚ ਕੇ ਪੈਦਾ ਕੀਤਾ ਸੀ ਕਿ ਛੋਟੇ ਪੱਧਰ 'ਤੇ ਹੀ ਸਹੀ, ਉਨ੍ਹਾਂ ਨੂੰ ਚੋਣ ਸਿਆਸਤ ਦਾ ਤਜ਼ਰਬਾ ਹੋ ਜਾਵੇਗਾ। ਰਾਜਨੀਤੀ ਸ਼ਾਸ਼ਤਰ ਵਿੱਚ ਉਸਦੀ ਦਿਲਚਸਪੀ ਜਿਉਂ ਸੀ। ਦਿਲਬਾਗ ਅਜਿਹੇ ਕੰਮਾਂ ਵਿੱਚ ਉਂਝ ਹੀ ਬਾਗੋ-ਬਾਗ ਰਹਿੰਦਾ। ਉਹਨੂੰ ਇਹ ਵੀ ਸੀ ਕਿ ਚਲੋ ਵੀਰਦੀਪ ਨਾਲ ਜੋਟੀ ਬਣੀ ਰਹੂ।

ਪਿਛਲੇ ਸਾਲ ਕੰਟੀਨ ਵਾਲੀ ਮੁਲਾਕਾਤ ਤੋਂ ਬਾਅਦ ਵੀਰਦੀਪ ਅਤੇ ਸਿਮਰਨ ਹੋਰਾਂ ਦਾ ਟਾਕਰਾ ਨਹੀਂ ਸੀ ਹੋਇਆ। ਉਹ ਰਾਹ ਜਾਂਦਿਆਂ ਕਈ ਵਾਰ ਮਿਲਦੇ, ਪਰ ਸਰਸਰੀ ਦੁਆ ਸਲਾਮ ਤੋਂ ਬਾਅਦ ਗੱਲ ਅੱਗੇ ਨਾ ਤੁਰਦੀ। ਚੋਣਾਂ ਵੇਲੇ ਉਹ ਹਰਜੀਤ ਤੇ ਸਿਮਰਨ ਨੂੰ ਮਿਲੇ ਸਨ ਅਤੇ ਵੋਟਾਂ ਲਈ ਹਮਾਇਤ ਵੀ ਮੰਗੀ ਸੀ। ਕੁੜੀਆਂ ਖੁੱਲ੍ਹ ਕੇ ਤਾਂ ਉਨ੍ਹਾਂ ਦੇ ਪੱਖ ਵਿੱਚ ਨਾ ਆਈਆਂ, ਪਰ ਅੰਦਰੋ ਅੰਦਰੀ ਉਨ੍ਹਾਂ ਦੋਹਾਂ ਦੇ ਪੱਖ ਵਿੱਚ ਕਾਫੀ ਜ਼ੋਰ ਲਾਇਆ।

ਹੁਣ ਵੀਰਦੀਪ ਹੋਰਾਂ ਨੂੰ ਪੜ੍ਹਾਈ ਦੇ ਨਾਲ ਨਾਲ ਵਿਦਿਆਰਥੀਆਂ ਦੇ ਮਸਲੇ ਵੀ ਨਜਿੱਠਣੇ ਪੈਂਦੇ। ਵੀਰਦੀਪ ਲਈ ਪੜ੍ਹਾਈ ਵੀ ਜ਼ਰੂਰੀ ਸੀ। ਉਹਨੇ ਯੂਨੀਅਨ ਦੇ ਕੰਮਾਂ ਲਈ ਦਿਲਬਾਗ ਦੀ ਡਿਊਟੀ ਲਾ ਦਿੱਤੀ। ਉਹ ਇਹੋ ਜਿਹੇ ਕੰਮਾਂ ਵਿੱਚ ਖੁਸ਼ ਰਹਿੰਦਾ। ਜਿੱਥੇ ਲੋੜ ਪੈਂਦੀ ਦਬਕਾ ਸ਼ਬਕਾ ਵੀ ਮਾਰ ਲੈਂਦਾ। ਜਦੋਂ ਮਸਲੇ ਅੜ ਜਾਂਦੇ ਤਾਂ ਵੀਰਦੀਪ ਦੀ ਸਲਾਹ ਲੈਂਦਾ। ਕਦੀ ਕਦੀ ਉਹਨੂੰ ਨਾਲ ਵੀ ਲੈ ਜਾਂਦਾ। ਬਹੁਤੀ ਵਾਰ ਆਪਣੇ ਵਾਈਸ ਪ੍ਰਧਾਨ ਨਾਲ ਕੰਮ ਸਾਰਦਾ। ਥੋਰੇ-ਫੇਰੇ ਦੌਰਾਨ ਹਰਜੀਤ ਤੇ ਸਿਮਰਨ ਦਿਲਬਾਗ ਨੂੰ ਅਕਸਰ ਮਿਲ ਜਾਂਦੀਆਂ। 'ਤੇਰਾ ਜੋਟੀਦਾਰ ਕਿੱਧਰ ਗਾਇਬ ਹੋ ਗਿਆ?' ਇੱਕ ਦਿਨ ਸਿਮਰਨ ਦਿਲਬਾਗ ਨੂੰ ਪੁੱਛਣ ਲੱਗੀ। 'ਉਹ ਲਾਇਬਰੇਰੀ ਹੋਣਾ, ਹੋਰ ਉਹਨੇ ਕਿੱਥੇ ਜਾਣਾ' ਦਿਲਬਾਗ ਨੇ ਜੁਆਬ ਦਿੱਤਾ। 'ਅਸੀਂ ਕੰਟੀਨ ਬੈਠੀਆਂ ਉਹਨੂੰ ਲੈ ਕੇ ਆਵੀਂ। ਉਹ ਤਾਂ ਪੱਕਾ ਈ ਸਿਆਸਤਦਾਨ ਨਿਕਲਿਆ, ਵੋਟਾਂ 'ਚ ਜਿੱਤਣ ਬਾਅਦ ਦਿਸਿਆ ਈ ਨੀ।' ਕੁੜੀ ਨੇ ਦਿਲਬਾਗ ਨੂੰ ਇੱਕ ਤਰ੍ਹਾਂ ਨਾਲ ਹੁਕਮ ਦਿੱਤਾ। ਦਿਲਬਾਗ ਨੇ ਲਾਇਬਰੇਰੀ ਇੰਚਾਰਜ ਨੂੰ ਫੋਨ ਮਿਲਾਇਆ ਤੇ ਵੀਰਦੀਪ ਨੂੰ ਕੰਟੀਨ ਵੱਲ ਆਉਣ ਲਈ ਸੁਨੇਹਾ ਦੇਣ ਵਾਸਤੇ ਕਿਹਾ। ਥੋੜ੍ਹੀ ਦੇਰ ਬਾਅਦ ਦੋਨੋਂ ਕੰਟੀਨ ਪਹੁੰਚ ਗਏ। ਅੱਜ ਹਰਜੀਤ ਤੇ ਸਿਮਰਨ ਆਪਣੇ ਸਾਇੰਸ ਵਾਲੇ ਗਰੁੱਪ ਨਾਲ ਨਹੀਂ ਸਨ। ਉਹ ਚਾਰ ਕੁਰਸੀਆਂ ਵਾਲੇ ਟੇਬਲ ਦੇ ਦੋਨੋਂ ਪਾਸੇ ਆਹਮੋ ਸਾਹਮਣੇ ਬੈਠ ਗਏ।

ਉਹ ਹਾਲੇ ਬੈਠੇ ਹੀ ਸਨ ਤੇ ਸਿਮਰਨ ਨੇ ਵਿਅੰਗ ਕੀਤਾ, 'ਕਿੱਦਾਂ ਸਿਆਸਤਦਾਨੋ, ਵੋਟਾਂ ਲੈਣ ਮਗਰੋਂ ਮੂੰਹ ਈ ਨੀ ਵਿਖਾਇਆ।'

'ਬਸ ਰੁਝ ਈ ਜ਼ਿਆਦਾ ਗਏ ਸਿਮਰਨ, ਇਹ ਯੂਨੀਅਨ ਦੇ ਕੰਮਾਂ 'ਚ ਤੇ ਮੈਂ ਪੜ੍ਹਾਈ ਵਿੱਚ' ਵੀਰਦੀਪ ਨੇ ਜੁਆਬ ਦਿੱਤਾ।

'ਏਡਾ ਤਾਂ ਪੜ੍ਹਾਕੂ ਨੀ ਸੀ ਤੂੰ' ਸਿਮਰਨ ਮਜ਼ਾਕ ਦੇ ਮੂਡ ਵਿੱਚ ਸੀ।

'ਹੁਣ ਹੋ ਗਿਆ ਇਹ ਪੜ੍ਹਾਕੂ' ਦਿਲਬਾਗ ਨੇ ਜੁਆਬ ਦਿੱਤਾ।

'ਤੇ ਤੂੰ ਕੀ ਖੱਟੀ ਕਰਦਾਂ ਯੂਨੀਅਨ 'ਚੋਂ' ਹਰਜੀਤ ਪੁਛਣ ਲੱਗੀ।

'ਮੈਂ ਤਾਂ ਮੌਜ ਮੇਲਾ ਕਰਦਾਂ' ਦਿਲਬਾਗ ਦਾ ਜਵਾਬ ਸੀ।

ਦਿਲਬਾਗ ਦਾ ਜੁਆਬ ਸੁਣ ਕੇ ਕੁੜੀਆਂ ਖਿੜ-ਖਿੜਾ ਕੇ ਹੱਸ ਪਈਆਂ, 'ਲੈ ਸੁਣ ਲੈ ਇਹਦੇ ਲਤੀਫੇ' ਸਿਮਰਨ ਕਹਿਣ ਲੱਗੀ।

'ਤੈਨੂੰ ਬਾਪੂ ਦੀ ਕਮਾਈ ਜਿਉਂ ਆਉਂਦੀ।' ਇਸ ਵਾਰ ਸਿਮਰਨ ਨੇ ਸਵਾਲ ਕਰਨ ਵਾਂਗ ਕਿਹਾ।

'ਬਾਪੂਆਂ ਦੇ ਸਿਰ 'ਤੇ ਐਸ਼ਾਂ ਹੁੰਦੀਆਂ' ਦਿਲਬਾਗ ਹੁਣ ਗਲੋਟੇ ਵਾਂਗ ਉਧੜ ਰਿਹਾ ਸੀ।

'ਆਪ ਵੀ ਆਪਦੇ ਬਾਰੇ ਕੁਝ ਸੋਚ ਲੈਣਾ ਚਾਹੀਦਾ' ਸਿਮਰਨ ਨੇ ਫਿਰ ਉਹਨੂੰ ਘੇਰਨ ਦੀ ਕੋਸ਼ਿਸ਼ ਕੀਤੀ।

'ਸੋਚਣ ਲਈ ਆਹ ਸਾਡਾ ਵੱਡਾ ਬਾਈ ਹੈਗਾ', ਦਿਲਬਾਗ ਨੇ ਵੀਰਦੀਪ ਦੇ ਮੋਢਿਆਂ ਤੋਂ ਦੀ ਬਾਂਹ ਵਲਦਿਆਂ ਕਿਹਾ।

'ਇਦਾਂ ਨੀ ਤੁਸੀਂ ਇਹਨੂੰ ਘੇਰ ਸਕਦੀਆਂ, ਇਹ ਵਿਰੋਧੀਆਂ ਦੀ ਸਾਰੀ ਟੀਮ ਪਛਾੜ ਕੇ ਗੋਲ ਕਰ ਆਉਂਦਾ ਸੀ' ਹੁਣ ਵੀਰਦੀਪ ਨੇ ਦਿਲਬਾਗ ਦੀ ਸਿਫਤ ਕੀਤੀ।

'ਹਾਂ ਸੱਚ ਤੁਹਾਡਾ ਪਿਛਲੀ ਵਾਰ ਨੈਸ਼ਨਲ ਟੀਮ ਵਾਲੇ ਟਰਾਇਲ 'ਚ ਕੀ ਬਣਿਆ ਸੀ 'ਸਿਮਰਨ ਨੇ ਸਵਾਲ ਕੀਤਾ।

'ਬਣਨਾ ਕੀ ਸੀ, ਲੰਡੂ ਜੇ ਪਲੇਅਰ ਚੁਣ ਲੇ ਸਾਲਿਆਂ ਨੇ, ਕਈ ਸਿਫਾਰਸ਼ੀ ਨੌਮੀਨੇਟ ਕਰ ਲੇ, ਸਾਡੇ ਵਰਗੇ ਖੇਡਣ 'ਤੇ ਹੀ ਜ਼ੋਰ ਲਾਉਂਦੇ ਮਰਗੇ, ਹਿੰਦੁਸਤਾਨ 'ਚ ਪੰਜਾਬ ਨਾਲ ਜੋ ਹੁੰਦਾ ਉਹੀ ਸਾਡੇ ਨਾਲ ਹੋਇਆ।' ਵੀਰਦੀਪ ਨੇ ਰਾਜਨੀਤਿਕ ਵਿਗਿਆਨ ਦੀ ਭਾਸ਼ਾ ਵਿੱਚ ਖੇਡ ਨੂੰ ਪਰਿਭਾਸ਼ਤ ਕੀਤਾ।

'ਮਤਲਬ ਸਮਝਾਉ ਇਹਦਾ ਸਾਨੂੰ' ਸਿਮਰਨ ਨੇ ਡਿਟੇਲ ਪੁੱਛੀ।

'ਪੰਜਾਬ ਦੇ ਚਾਰ ਪਲੇਅਰ ਚੋਣ ਦੇ ਕਾਬਲ ਸਨ, 2 ਰੱਖ ਲਏ ਤੇ ਸਾਨੂੰ ਦੋਹਾਂ ਨੂੰ ਮੋੜ'ਤਾ, ਅਖੇ ਸਾਰੇ ਪੰਜਾਬ ਦੇ ਥੋੜੀ ਰੱਖਣੇ ਆ, ਬਾਕੀ ਵੀ ਸਾਰਾ ਹਿੰਦੁਸਤਾਨ ਪਿਆ' ਦਿਲਬਾਗ ਨੇ ਜਿਵੇਂ ਵੀਰਦੀਪ ਦਾ ਉਲਥਾ ਕੀਤਾ।

'ਅੱਛਾ ਇਦਾਂ ਵੀ ਹੁੰਦਾ, ਫਿਰ ਯੋਗਤਾ ਦਾ ਕੀ ਮੁੱਲ ਐ ਇਥੇ' ਸਿਮਰਨ ਨੇ ਹੁੰਘਾਰਾ ਦਿੱਤਾ।

ਯੋਗਤਾ-ਯਾਗਤਾ ਨੂੰ ਕੌਣ ਪੁੱਛਦਾ ਇਥੇ, ਅੰਨ੍ਹੀ ਪੀਂਹਦੀ ਕੁੱਤੇ ਚੱਟੀ ਜਾਂਦੇ' ਦਿਲਬਾਗ ਦਾ ਗੁੱਸਾ ਹਾਲੇ ਵੀ ਉਵੇਂ ਮਘਦਾ ਸੀ।

'ਫੇਰ ਆਹ ਡਿਗਰੀਆਂ ਜਹੀਆਂ ਕਾਹਨੂੰ ਕਰੀ ਜਾਨੇਂ ਆਪਾਂ' ਦੇਰ ਤੋਂ ਸੁਣਦੀ ਹਰਜੀਤ ਅਖੀਰ ਬੋਲ ਈ ਪਈ।

'ਆਪਾਂ ਤਾਂ ਤਾਹੀਂ ਮੌਜ ਮੇਲਾ ਕਰਨ ਦਾ ਫੈਸਲਾ ਕਰ ਲਿਆ, ਬਾਈ ਵੀਰਦੀਪ ਕਰੂ ਮੇਰੇ ਹੁੰਦੀ ਡਿਗਰੀ ਵੀ' ਦਿਲਬਾਗ ਨੇ ਹੁਣ ਮਾਹੌਲ ਹਾਸ ਰਸ ਵਾਲਾ ਬਣਾ ਦਿੱਤਾ।

'ਮਾੜੀ ਹੋਈ ਫੇਰ ਤੇ ਬਈ ਤੁਹਾਡੇ ਨਾਲ' ਸਿਮਰਨ ਫਿਰ ਮਾਯੂਸੀ 'ਚ ਬੋਲੀ।

'ਦਿਲਬਾਗ ਤਾਂ ਚੋਣ ਕਮੇਟੀ ਦੇ ਚੇਅਰਮੈਨ ਨਾਲ ਔਖਾ ਭਾਰਾ ਵੀ ਹੋ ਗਿਆ ਸੀ, ਅਗਲੇ ਹੋਰ ਖਿਝ ਗਏ' ਸਾਰੀ ਕਹਾਣੀ ਵੀਰਦੀਪ ਨੇ ਦੱਸੀ।

'ਛੱਡੋ ਪਰੇ ਯਾਰ ਹੁਣ, ਰਾਤ ਗਈ ਤੇ ਬਾਤ ਗਈ' ਦਿਲਬਾਗ ਮੌਜੂਦਾ ਮਾਹੌਲ ਦਾ ਆਨੰਦ ਲੈਣਾ ਚਾਹੁੰਦਾ ਸੀ।

'ਇਸ ਵਾਰ ਟਰਾਈ ਕਰ ਲੈਣਾ ਸੀ ਤੁਸੀਂ' ਸਿਮਰਨ ਦੀ ਕੁੰਡੀ ਹਾਲੇ ਵੀ ਉਥੇ ਹੀ ਫਸੀ ਹੋਈ ਸੀ।

'ਹੁਣ ਨੀ ਬਣਨੀ ਗੱਲ' ਵੀਰਦੀਪ ਨੇ ਦੋ ਤਿੰਨ ਲਫਜ਼ਾਂ 'ਚ ਗੱਲ ਮੁਕਾਈ।

'ਛੱਡੋ ਵੀ ਯਾਰ, ਕਾਹਨੂੰ ਆਠਰੇ ਜ਼ਖਮ ਹਰੇ ਕਰੀ ਜਾਨੇ ਉ' ਦਿਲਬਾਗ ਖਿਝ ਗਿਆ, ਤੇ ਸਾਰੇ ਚੁੱਪ ਕਰ ਗਏ।

ਹੁਣ ਸਿਮਰਨ ਨੇ ਦਿਲਬਾਗ ਵੱਲ ਧਿਆਨ ਨਾਲ ਵੇਖਿਆ, ਉਹਦਾ ਗੁਲਾਬੀ ਭਾਅ ਮਾਰਦਾ ਚਿਹਰਾ ਪੀਲਾ ਪੈ ਗਿਆ ਸੀ, ਬੁੱਲ੍ਹ ਕਾਲੇ ਤੇ ਰੁਖੇ ਜਿਹੇ ਹੋ ਗਏ ਸਨ।

'ਤੂੰ ਐਵੇਂ ਡਿਸਟਰਬ ਹੋਈ ਜਾਨਾਂ, ਸਾਡਾ ਵੀਰਦੀਪ ਵੇਖ ਲੈ ਭੋਰਾ ਡਿਸਟਰਬ ਨੀ ਹੁੰਦਾ' ਸਿਮਰਨ ਨੇ ਮੁੰਡੇ ਨੂੰ ਨਾਰਮਲ ਕਰਨ ਲਈ ਆਖਿਆ।

'ਵੀਰ ਥੋਡਾ ਜਿਉਂ ਹੋਇਆ' ਦਿਲਬਾਗ ਵਿਅੰਗ ਜਿਹੇ ਨਾਲ ਮੁਸਕਰਾਇਆ।

'ਇਹ ਮੇਰੇ ਨਾਲੋਂ ਚੰਗਾ ਖਿਡਾਰੀ ਆ, ਇਹਦੀ ਸਰੀਰਕ ਬਣਤਰ ਵੀ ਐਥਲੀਟਾਂ ਵਾਲੀ ਐ, ਸਪਰਿੰਟਰ ਵੀ ਤਕੜਾ ਮੇਰੇ ਨਾਲੋਂ, ਕੈਂਪ ਵਿੱਚ ਸਾਰਿਆਂ ਤੋਂ ਅੱਗੇ ਰਹਿੰਦਾ, ਇਸੇ ਲਈ ਇਹ ਵੱਧ ਦੁਖੀ ਹੁੰਦਾ' ਵੀਰਦੀਪ ਦੇ ਇਨ੍ਹਾਂ ਬੋਲਾਂ ਨਾਲ ਦਿਲਬਾਗ ਸਹਿਜ ਹੋਣ ਲੱਗਾ। ਥੋੜ੍ਹੇ ਕੁ ਪਲਾਂ 'ਚ ਉਹਦੇ ਚਿਹਰੇ ਦੀ ਰੌਣਕ ਪਰਤਣ ਲੱਗੀ।

ਦਿਲਬਾਗ ਨੇ ਦੋਹਾਂ ਕੁੜੀਆਂ ਦਾ ਹੁਣ ਧਿਆਨ ਖਿੱਚਿਆ। ਕੱਦ ਉਹਦਾ ਵੀਰਦੀਪ ਕੁ ਜਿੰਨਾ ਹੀ ਸੀ, ਸਰੀਰ ਕੁਝ ਹਲਕਾ, ਕੱਟੇ ਹੋਏ ਵਾਲ ਤੇ ਦਾਹੜੀ ਭਰਵੀਂ, ਪਰ ਥੋੜ੍ਹੀ ਥੋੜ੍ਹੀ ਕਤਰੀ ਹੋਈ। ਰੰਗ ਵੀਰਦੀਪ ਨਾਲੋਂ ਕੁਝ ਸਾਫ ਸੀ। ਖੁਸ਼ ਹੁੰਦਾ ਤਾਂ ਚਿਹਰਾ ਗੁਲਾਬੀ ਭਾਅ ਮਾਰਨ ਲਗਦਾ। ਆਮ ਤੌਰ 'ਤੇ ਖੁਸ਼ ਹੀ ਰਹਿੰਦਾ। ਕਾਹਲ਼ੀ ਨਾਲ ਤੁਰਦਾ, ਉਹਦੇ ਨਾਲ ਤੁਰਨ ਵਾਲੇ ਨੂੰ ਕਈ ਵਾਰ ਭੱਜ ਕੇ ਨਾਲ ਰਲਣਾ ਪੈਂਦਾ। ਪਰ ਮਾੜੇ ਹਾਲਾਤ ਵਿੱਚ ਝੱਟ ਗੁੱਸੇ ਨਾਲ ਉੱਬਲਣ ਲਗਦਾ, ਸ਼ਾਂਤ ਕਰਨਾ ਔਖਾ ਹੋ ਜਾਂਦਾ। ਵੀਰਦੀਪ ਦੇ ਲਗਪਗ ਉਲਟ ਸੁਭਾਅ ਸੀ ਉਹਦਾ। ਪਰ ਛੋਟੇ ਭਰਾਵਾਂ ਵਾਂਗ ਉਹਦੇ ਅੱਗੇ ਪਿਛੇ ਘੁੰਮਦਾ ਰਹਿੰਦਾ। ਉਹਦੇ ਨਾਲ ਤੁਰਦਿਆਂ ਦਿਲਬਾਗ ਦੀ ਤੋਰ ਵੀ ਸਹਿਜ ਹੋ ਜਾਂਦੀ।

'ਮੁੰਡੇ ਕਾਹਦੇ ਆ, ਰਾਮ ਲਛਮਣ ਦੀ ਜੋੜੀਓ ਆ, ਕਿੰਨੇ ਸੈਂਸਿਟਿਵ ਆ ਇੱਕ-ਦੂਜੇ ਪ੍ਰਤੀ।' ਕਲਾਸ ਵੱਲ ਵਾਪਸ ਪਰਤਦਿਆਂ ਹਰਜੀਤ ਕਹਿਣ ਲੱਗੀ।

'ਸੁਭਾਅ ਵੇਖ ਲਾ ਕਿੰਨੇ ਉਲਟ ਨੇ ਦੋਹਾਂ ਦੇ, ਫਿਰ ਵੀ ਭਰਾਵਾਂ ਵਾਂਗ ਪੱਖ ਪੂਰਦੇ ਇੱਕ ਦੂਜੇ ਦਾ' ਸਿਮਰਨ ਨੇ ਅਗਲੀ ਗੱਲ ਕੀਤੀ।

'ਆਪਣੀਆਂ ਕੁੜੀਆਂ ਵੇਖ ਲਾ ਮਿੰਟਾਂ 'ਚ ਮਿਹਣੋ ਮੇਹਣੀ ਹੋ ਜਾਂਦੀਆਂ। ਜੈਲਸੀ ਕੁੱਟ-ਕੁੱਟ ਕੇ ਭਰੀ ਹੁੰਦੀ ਕੁੜੀਆਂ 'ਚ' ਹਰਜੀਤ ਨੇ ਜਵਾਬ ਦਿੱਤਾ।

'ਵੀਰਦੀਪ ਬਿਲਕੁਲ ਡਿਸਟਰਬ ਨੀ ਹੁੰਦਾ ਪਾਸਟ ਬਾਰੇ ਗੱਲ ਕਰਦਿਆਂ, ਦਿਲਬਾਗ ਆ ਕਿ ਫੱਕ ਹੋ ਗਿਆ ਦੋ ਮਿੰਟ 'ਚ' ਹਰਜੀਤ ਨੇ ਦੋਹਾਂ ਦੀ ਤੁਲਨਾ ਕੀਤੀ।

'ਇਹੀ ਕੁਦਰਤ ਆ, ਸੁਭਾਅ ਹੁੰਦੇ ਆਪੋ ਆਪਣੇ' ਸਿਮਰਨ ਨੇ ਹਰਜੀਤ ਨੂੰ ਸਮਝਾਉਣ ਦਾ ਯਤਨ ਕੀਤਾ।

ਗੱਲੀਂ ਪਈਆਂ ਕਦੋਂ ਕਲਾਸ 'ਚ ਆ ਗਈਆਂ ਪਤਾ ਹੀ ਨਹੀਂ ਸੀ ਲੱਗਾ। ਕੰਟੀਨ ਵਿੱਚ ਬੈਠੀਆਂ ਨੇ ਅੱਜ ਇੱਕ ਕਲਾਸ ਵੀ ਮਿੱਸ ਕਰ ਦਿੱਤੀ ਸੀ, ਆਖਰੀ ਪੀਰੀਅਡ ਬਾਅਦ ਹੁਣ ਛੁੱਟੀ ਹੋ ਜਾਣੀ ਸੀ।

ਸਿਮਰਨ ਤੇ ਹਰਜੀਤ ਇਸ ਵਾਰ ਬੀ.ਐਸਸੀ. ਫਾਈਨਲ ਵਿੱਚ ਸਨ। ਵੀਰਦੀਪ ਹੋਰੀਂ ਫੁੱਟਬਾਲ ਦੇ ਚੱਕਰ ਵਿੱਚ ਇੱਕ ਸਾਲ ਮਿੱਸ ਕਰ ਬੈਠੇ ਸਨ ਤੇ ਬੀ.ਏ. ਦੂਜੇ ਸਾਲ ਦੇ ਵਿਦਿਆਰਥੀ ਸਨ। ਅਗਲੇ ਤਿੰਨ ਸਾਲ ਉਨ੍ਹਾਂ ਇਸੇ ਕਾਲਜ ਵਿੱਚ ਪੜ੍ਹਨਾ ਸੀ।

—

ਮੁੰਡਾ ਹੋਣ ਤੋਂ ਬਾਅਦ ਨਸੀਬੋ ਦਾ ਨਵੇਂ ਘਰ ਵਿੱਚ ਦਿਲ ਲੱਗਣ ਲੱਗਾ ਸੀ। ਉਹਦਾ ਮਾਣ-ਤਾਣ ਵੀ ਵਧ ਗਿਆ। ਨਸੀਬੋ ਦੀ ਸੱਸ ਪੋਤੇ ਨੂੰ ਲੋਰੀਆਂ ਦਿੰਦੀ ਨਸੀਬੋ ਨੂੰ ਵੀ ਅਸੀਸਾਂ ਦਿੰਦੀ ਰਹਿੰਦੀ। ਪਹਿਲਾਂ ਪਹਿਲ ਉਹ ਨਸੀਬ ਕੁਰ ਦੀ ਜਾਤ-ਕੁਜਾਤ ਵੀ ਪਰਖ ਦਿੰਦੀ ਸੀ। ਗੁਰਮੀਤ ਦੀ ਪਹਿਲੀ ਕੁੜੀ 12ਵੀਂ ਟੱਪ ਗਈ ਸੀ। ਉਹ ਪੜ੍ਹਨ ਨੂੰ ਤੇਜ਼ ਨਿਕਲੀ। ਉਹਨੇ ਮੈਡੀਕਲ ਵਿੱਚ 12ਵੀਂ ਪਾਸ ਕੀਤੀ ਅਤੇ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ



ਰਾਜਿੰਦਰਾ ਹਸਪਤਾਲ, ਪਟਿਆਲਾ

**ਨਵਾਂ ਕਾਲਮ**

**'ਪਿੰਡ ਵਸਿਆ'**

**(2)**

**ਸਥਾਨਕ ਇਤਿਹਾਸ, ਇਤਿਹਾਸਕਾਰੀ ਦੀ ਹੇਠਲੀ ਪਰ ਮਹੱਤਵਪੂਰਨ ਪਰਤ ਹੈ। ਵਿਅਕਤੀ ਵਿਸ਼ੇਸ਼, ਪਿੰਡ ਅਤੇ ਨਗਰ ਦਾ ਇਤਿਹਾਸ ਇਸ ਦਾ ਖੇਤਰ ਹਨ। ਭਾਰਤ ਪਿੰਡਾਂ ਦਾ ਦੇਸ਼ ਹੈ, ਪ੍ਰੰਤੂ ਮੁਲਕ ਦੀ ਸਭ ਤੋਂ ਛੋਟੀ ਇਕਾਈ ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਸੋ, ਅਕਸਰ ਹੀ ਬਜ਼ੁਰਗਾਂ ਅਤੇ ਪੀੜ੍ਹੀ-ਦਰ-ਪੀੜ੍ਹੀ ਦੰਦ-ਕਥਾਵਾਂ ਉੱਤੇ ਨਿਰਭਰ ਕਰਨਾ ਪੈਂਦਾ ਹੈ। ਹਾਲੇ ਵੀ ਵੇਲਾ ਹੈ ਕਿ ਜਿੰਨਾ ਕੁ ਅਤੇ ਜਿਸ ਵੀ ਰੂਪ ਵਿੱਚ ਮਿਲ ਸਕਦਾ ਹੈ, ਸਾਂਭ ਲਈਏ; ਨਹੀਂ ਤਾਂ ਪਿੰਡਾਂ ਦਾ, ਸਾਡੇ ਚੇਤਿਆਂ 'ਚ ਪਿਆ ਇਤਿਹਾਸ ਵੀ ਲੁਪਤ ਹੋ ਜਾਵੇਗਾ। ਉਕਤ ਦੇ ਮੱਦੇਨਜ਼ਰ ਪਾਠਕਾਂ ਦੀ ਜਾਣਕਾਰੀ ਲਈ ਅਸੀਂ ਇੱਕ ਕਾਲਮ 'ਪਿੰਡ ਵਸਿਆ' ਸ਼ੁਰੂ ਕੀਤਾ ਹੈ, ਜਿਸ ਵਿੱਚ ਸਿਰਫ ਪਿੰਡ ਵੱਸਣ ਦੀ ਹੀ ਬਾਤ ਪਾਈ ਜਾਵੇਗੀ। ਪੇਸ਼ ਹੈ, ਗ਼ਦਰੀ ਬਾਬਿਆਂ ਦੇ ਪਿੰਡ ਸਕਰੂਲੀ ਬਾਰੇ ਲੇਖ...**



ਵਿਜੈ ਬੰਬੇਲੀ
ਫੋਨ: +91-9463439075

# ਗ਼ਦਰੀ ਬਾਬਿਆਂ ਦਾ ਪਿੰਡ: ਸਕਰੂਲੀ

ਵੀਹਵੀਂ ਸਦੀ ਦਾ ਦੂਜਾ ਦਹਾਕਾ ਮੁਕਦਿਆਂ, ਹੁਸ਼ਿਆਰਪੁਰ-ਚੰਡੀਗੜ੍ਹ ਸ਼ਾਹ ਰਾਹ ਅਤੇ ਪ੍ਰਾਚੀਨ ਜੈਜੋਂ-ਫਗਵਾੜਾ ਚੌਰਸਤੇ 'ਤੇ ਪੈਂਦੇ ਪਿੰਡ ਮਾਹਿਲਪੁਰ ਵਿੱਚ ਇੱਕ ਕਰਖਾਨੇ ਦੇ ਬਾਹਰ ਉਰਦੂ ਅਤੇ ਗੁਰਮੁਖੀ- ਦੋ ਭਾਸ਼ਾਵਾਂ ਵਿੱਚ ਇੱਕ ਇਸ਼ਤਿਹਾਰੀ ਬੋਰਡ ਲੱਗਾ, "ਇਸ ਕਾਰਖਾਨੇ ਮੇਂ ਲੋਹੇ ਕੇ ਬੇਲਨੇ ਖਰਾਦੇ ਜਾਤੇ ਹੈ। ਇੰਜਨੋਂ ਕੇ ਪੁਰਜ਼ੇ, ਲੋਹੇ ਕੀ ਕੁਰਸੀਆਂ, ਸੈਮੀਆਂ ਔਰ ਬਦਾਮ ਰੋਗਨ ਨਿਕਾਲਨੇ ਕੀ ਮਸ਼ੀਨੇ, ਚੌਰਸ ਚੂੜੀ ਕੇ ਕਾਬਲੇ ਔਰ ਨੱਟ ਹਰ ਕਿਸਮ, ਲੋਹੇ ਕੇ ਭਾਰੀ ਸੰਦੂਕ, ਚਾਰਪਾਈਓਂ ਕੇ ਪਾਵੇ ਬਨਾਏ ਜਾਤੇ ਹੈ। ਲੱਕੜੀ ਹਰ ਕਿਸਮ ਕੇ ਤਖ਼ਤੇ ਔਰ ਬਾਲੇ ਮਸ਼ੀਨ ਸੇ ਚੀਰੇ ਜਾਤੇ ਹੈ। ਡੰਗਰੋਂ ਕਾ ਚਾਰਾ ਕੜਬ, ਚਰੀ, ਜੂਠ ਬਰੀਕ ਕੁਤਰੀ ਜਾਤੀ ਹੈ। ਅਕਸੀ ਤਸਵੀਰੇਂ ਵੀ ਖੈਂਚੀ ਜਾਤੀ ਹੈ।"

ਇਸ ਕਸਬੇ ਦਾ ਉਸਰੀਆ ਸੀ ਮਾਹਿਲਪੁਰ ਕਸਬੇ ਦੀ ਦੱਖਣੀ-ਪੱਛਮੀ ਗੁੱਠ ਵਿੱਚ ਢਾਈ ਕੁ ਮੀਲ ਹੱਟਵੇਂ ਵਸੇ ਹੋਏ, ਗੜ੍ਹਸ਼ੰਕਰ ਤਹਿਸੀਲ ਦੇ ਮਸ਼ਹੂਰ ਪਿੰਡ ਸਕਰੂਲੀ ਦਾ ਅਮਰੀਕਾ ਰੀਟਰਨ ਅਮਰ ਸਿੰਘ ਸੰਘਾ, ਜਿਸਦਾ ਭਾਈ ਬਾਵਾ ਸਿੰਘ ਗ਼ਦਰ ਲਹਿਰ ਦੇ ਦੂਜੇ ਦੌਰ 'ਚ, ਔਖੇ ਵੇਲੀਂ, ਗ਼ਦਰ ਪਾਰਟੀ ਦਾ ਮੀਤ ਪ੍ਰਧਾਨ ਬਣਿਆ ਸੀ। ਇਹੀ ਨਹੀਂ, ਪੰਡਿਤ ਬਾਲ ਮੁਕੰਦ ਸਮੇਤ ਇਸ ਪਿੰਡ ਦੇ ਕੁਝ ਹੋਰ ਗ਼ਦਰੀ ਰੁਕਨ ਵੀ ਹੋਏ ਸਨ। ਇਹ ਉਹੀ, ਉੱਚ-ਤਾਲੀਮ ਯਾਫ਼ਤਾ ਗ਼ਦਰੀ ਬਾਲ ਮੁਕੰਦ ਸੀ, ਜਿਹੜਾ ਕੈਨੇਡਾਈ ਸਰਕਾਰ ਵੱਲੋਂ ਕੈਨੇਡਾ ਵਿਚਲੇ ਹਿੰਦੀਆਂ ਨੂੰ ਦਰ-ਬਦਰ ਕਰਕੇ ਹਾਂਡੂਰਸ ਦੇ ਬਦਤਰ ਖੇਤੀ ਸਮੂਹਾਂ ਵਿੱਚ ਭੇਜਣ ਦੇ ਵਿਰੋਧ ਵਿੱਚ ਸੰਨ 1908 'ਚ ਕੈਨੇਡਾ ਦੇ ਘਰੋਗੀ ਮਹਿਕਮੇ ਦੇ ਉੱਚ ਸਕੱਤਰ ਜ.ਬ. ਹਰਕਿੰਸਨ ਨੂੰ ਮਿਲਣ ਵਾਲੇ ਵਫਦ ਵਿੱਚ ਸ਼ਾਮਿਲ ਸੀ। ਮਗਰੋਂ ਸਕਰੂਲੀ ਦੀ ਜ਼ਿਆਦਾ ਪ੍ਰਸਿੱਧੀ ਦਾ ਕਾਰਨ ਇਸ ਦੀਆਂ ਲਗਾਤਾਰ ਦੇਸ਼-ਭਗਤਕ ਲਹਿਰਾਂ, ਅਰਥਾਤ ਗੁਰਦੁਆਰਾ ਸੁਧਾਰ ਲਹਿਰ, ਬੱਬਰ ਅਕਾਲੀ, ਕਿਰਤੀ ਲਹਿਰ, ਆਦਿ-ਧਰਮ ਮੰਡਲ, ਲਾਲ ਪਾਰਟੀ, ਕਮਿਊਨਿਸਟ ਅਤੇ ਕਿਰਤੀ-ਕਿਸਾਨ ਘੋਲ ਬਣੇ।

ਪੀੜ੍ਹੀ-ਦਰ-ਪੀੜ੍ਹੀ ਤੁਰੀ ਆਉਂਦੀ ਦੰਦ ਕਥਾ ਅਤੇ ਕੁਝ ਦਸਤਾਵੇਜ਼ੀ ਤੇ ਹਰਦੁਆਰੀ ਸਬੂਤਾਂ ਅਨੁਸਾਰ ਅਰਸਾ ਕਰੀਬ ਛੇ ਸਦੀਆਂ ਪਹਿਲਾਂ ਮਾਲਵਾ ਖਿੱਤੇ ਦੇ ਇੱਕ ਪਿੰਡ ਡਰੋਲੀ ਭਾਈ ਤੋਂ ਉੱਠ ਕੇ ਸੰਘਾਂ ਨਾਂ ਦੇ ਦਾਨੇ ਬਜ਼ੁਰਗ ਦੀ ਔਲਾਦ ਦੇ ਕੁਝ ਵਡੇਰੇ, ਜੋ ਕਿ ਵਪਾਰੀ ਕਿਸਮ ਦੇ ਡੰਗਰਾਂ ਦੇ ਪਾਲੀ ਸਨ, ਨਵੀਆਂ ਚਰਗਾਹਾਂ ਮੱਲਣ ਲਈ ਹੁਣ ਦੇ ਕਪੂਰਥਲੇ ਜ਼ਿਲ੍ਹੇ ਵਿੱਚ ਆ ਪਹੁੰਚੇ। ਉਨ੍ਹਾਂ ਦੇ ਇੱਕ ਪ੍ਰਮੁੱਖ ਕਾਲਾ ਨੇ ਜਿਸ ਪਿੰਡ ਦੀ ਮੋੜ੍ਹੀ ਗੱਡੀ, ਉਸ ਬਜ਼ੁਰਗ ਕਾਲਾ ਅਤੇ ਉਸਦੇ ਗੋਤਰ ਸੰਘਾ ਦੇ ਨਾਂ ਤੋਂ ਹੀ ਅੱਜ ਦਾ ਮਸ਼ਹੂਰ ਪਿੰਡ ਕਾਲਾ ਸੰਘਿਆਂ ਵਿਗਸਿਆ-ਪਨਪਿਆ। ਸਮਾਂ ਪਾ ਕੇ ਉਥੋਂ ਦੇ ਕੁਝ ਬਾਸ਼ਿੰਦੇ ਜੰਡੂ ਨਾਂ ਦੇ ਵਡੇਰੇ ਦੀ ਅਗਵਾਈ ਹੇਠ ਆ ਪੁੱਜੇ ਜਲੰਧਰ ਦੀ ਜੂਹ ਵਿੱਚ। ਜਿਸ ਗਰਾਂ ਦਾ ਬਾਨਣੂੰ ਉਸ ਬੰਨ੍ਹਿਆ, ਉਹ ਜਲੰਧਰ-ਹੁਸ਼ਿਆਰਪੁਰ ਮਾਰਗ ਉੱਤੇ, ਹੁਣ ਜੰਡੂ ਸੰਘਾਂ ਨਹੀਂ ਜੰਡੂ ਸਿੰਘਾਂ ਅਖਵਾਉਂਦਾ ਹੈ। ਇੱਥੋਂ ਹੀ ਇੱਕ ਫੱਕਰ ਪਰ




ਧੜਵੈਲ ਯੋਧੇ ਭਰੋ ਦੀ ਅਗਵਾਈ ਹੇਠ ਸੰਘਿਆਂ ਦਾ ਇੱਕ ਪੂਰ, ਆਪਣੇ ਡੰਗਰ-ਵੱਛੇ ਹੱਕ, ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਹਿਲਪੁਰ-ਬਾੜੀਆਂ ਖਿੱਤੇ ਨੂੰ ਹੋ ਤੁਰਿਆ। ਕਾਰਨ ਇਹ ਸੀ ਕਿ ਵਧਦੀਆਂ ਲੋੜਾਂ ਅਤੇ ਚਰਾਂਦਾ-ਜਲ ਸੋਮਿਆਂ ਹਿੱਤ ਨਿਵੇਕਲੇ ਖਿੱਤੇ ਦੀ ਲੋੜ ਸੀ। ਕੰਢੀ ਦੇ ਪੈਰਾਂ ਵਿੱਚ ਇਧਰ ਸਨ ਉਦੋਂ ਸਰ-ਸਬਜ਼ ਚਰਗਾਹਾਂ ਅਤੇ ਭਰੇ-ਭਕੁੰਨੇ ਜਲ-ਸੋਮੇ, ਇਹੀ ਗੱਲ ਉਨ੍ਹਾਂ ਦੇ ਇਧਰ ਆਉਣ ਦਾ ਸਬੱਬ ਬਣੀ।

ਉਸਦੀ ਦਾਨਸ਼ਮੰਦ ਚੜ੍ਹਤ ਤੋਂ ਪ੍ਰਭਾਵਿਤ ਹੋ, ਉਸਦੇ ਡੇਰੇ (ਸਕਰੂਲੀ) ਨੇੜਲੇ ਢਾਡਾ ਪਿੰਡ ਵਾਲਿਆਂ ਕਿਸੇ ਸੁਰੱਖਿਅਤ ਲੋੜ ਕਾਰਨ ਆਪਣੀ ਇੱਕ ਸੁਘੜ-ਸਿਆਣੀ ਧੀ ਮੱਗੋ ਦਾ ਲੜ ਉਸਨੂੰ ਫੜ੍ਹਾ ਦਿੱਤਾ, ਜਿਸ ਕਾਰਨ ਇਸ ਖਿੱਤੇ ਵਿੱਚ ਦੋਵੇਂ ਧਿਰਾਂ ਹੋਰ ਵੀ ਪੱਕੇ ਪੈਰੀਂ ਹੋ ਗਈਆਂ। ਬਾਬਾ ਭਰੋ ਦੀ ਪਹਿਲੀ ਤ੍ਰੀਮਤ ਦਾ ਨਾਂ ਮਾਈ ਸ਼ਕਰੋ ਸੀ। ਕਹਿੰਦੇ ਹਨ ਕਿ ਯੋਧਾ ਭਰੋ, ਪਹਿਲਾਂ-ਪਹਿਲ ਇਧਰ ਦੇ ਇੱਕ ਸਥਾਨਕ ਰਾਜੇ ਦੀ ਸੈਨਾ ਵਿੱਚ ਵੀ ਸਿਪਾਹ-ਸਾਲਾਰ ਰਿਹਾ, ਜਿਸਦੀ ਕਿਸੇ ਅੱਲੋਕਾਰੀ ਬਹਾਦਰੀ ਤੋਂ ਖੁਸ਼ ਹੋ ਕੇ ਰਾਜੇ ਨੇ ਉਸਨੂੰ ਲੋੜ ਮੁਤਾਬਿਕ ਜ਼ਮੀਨ ਬਗਲ ਲੈਣ ਨੂੰ ਕਿਹਾ। ਉਪਰੰਤ ਬਾਬਾ ਭਰੋ ਨੇ ਆਪਣੇ ਕਲਾਵੇ ਵਿੱਚ ਲਈ ਜ਼ਮੀਨ ਦੀ ਇੱਕ ਉੱਚੀ ਪਰ ਮਹੱਤਵਪੂਰਨ ਤੇ ਸੁਰੱਖਿਅਤ ਥਾਂਵੇਂ ਜਿਸ ਨਾਲ ਖਹਿੰਦਾ ਸਦਾ-ਬਹਾਰ ਚੋਅ ਵਗਦਾ ਸੀ, ਆਪਣੀ ਵੱਡੀ ਪਤਨੀ ਮਾਈ ਸ਼ਕਰੋ ਦੇ ਨਾਂ 'ਤੇ ਪਿੰਡ ਦੀ ਮੋੜ੍ਹੀ ਗੱਡੀ, ਜਿਸਦਾ ਨਾਂ ਵਿਗੜਦਾ-ਸੰਵਰਦਾ ਸਕਰੂਲੀ ਪੈ ਗਿਆ। ਹਾਂ! ਇਸੇ ਸਕਰੂਲੀ, ਜਿਥੇ ਕਾਮਰੇਡ ਤੇਜਾ ਸਿੰਘ ਸੁਤੰਤਰ ਉੱਘਾ ਗ਼ਦਰੀ ਵੀ ਪਨਾਹ ਲੈਂਦਾ ਰਿਹਾ, ਦਾ ਚੌਧਰੀ ਨਾਨਕ ਚੰਦ ਤਾ-ਉਮਰ ਡਾ. ਅੰਬੇਦਕਰ ਦਾ ਅਤਿ-ਭਰੋਸੇਯੋਗ ਸੈਕਟਰੀ ਰਿਹਾ, ਜਿਸਨੂੰ ਜਿਉਂਦੇ-ਜੀਅ ਹੀ ਅੰਬੇਦਕਰ ਜੀ ਨੇ ਆਪਣਾ ਉੱਤਰਾ-ਅਧਿਕਾਰੀ ਥਾਪ ਦਿੱਤਾ ਸੀ।

# ਸ਼ਾਹਸਵਾਰ

ਐਮ.ਬੀ.ਬੀ.ਐਸ. ਲਈ ਦਾਖਲਾ ਟੈਸਟ ਪਾਸ ਕਰ ਗਈ ਤੇ ਪਟਿਆਲੇ ਰਾਜਿੰਦਰਾ ਮੈਡੀਕਲ ਕਾਲਜ ਵਿੱਚ ਐਮ.ਬੀ.ਬੀ.ਐਸ. ਦੀ ਡਿਗਰੀ ਕਰਨ ਲੱਗੀ। ਨਸੀਬੋ ਤੋਂ ਗੁਰਮੀਤ ਦਾ ਮੁੰਡਾ ਹੁਣ ਦੂਜੀ ਜਮਾਤ ਵਿੱਚ ਪੜ੍ਹਦਾ ਸੀ। ਉਹਦੇ ਵਿੱਚ ਵੀ ਪੜ੍ਹਾਕੂਆਂ ਵਾਲੇ ਲੱਛਣ ਸਨ। ਉਹ ਸਕੂਲੋਂ ਆਉਣ ਬਾਅਦ ਵੀ ਬਹੁਤਾ ਸਮਾਂ ਕਿਤਾਬਾਂ ਨਾਲ ਖੇਡਦਾ ਰਹਿੰਦਾ। ਖਾਲੀ ਕਾਪੀਆਂ 'ਤੇ ਕੁਝ ਨਾ ਕੁਝ ਝਰੀਟਦਾ ਰਹਿੰਦਾ। ਨਸੀਬੋ ਆਪ ਤਾਂ ਪੰਜਵੀਂ ਤੱਕ ਹੀ ਪੜ੍ਹੀ ਸੀ, ਉਸ ਨੂੰ ਕਿਤਾਬਾਂ ਵਿੱਚ ਬਹੁਤੀ ਰੁਚੀ ਵੀ ਨਹੀਂ ਸੀ। ਆਪਣੇ ਦੂਜੇ ਵਿਆਹ ਤੋਂ ਬਾਅਦ ਕਈ ਸਾਲਾਂ ਤੱਕ ਨਸੀਬੋ ਨੂੰ ਵੀਰਦੀਪ ਤੇ ਹੁਕਮਾ ਭੁੱਲਦੇ ਨਹੀਂ ਸਨ। ਉਹ ਉਨ੍ਹਾਂ ਨੂੰ ਪਲ-ਪਲ ਯਾਦ ਕਰਦੀ, ਪਰ ਨਵੇਂ ਘਰ ਬੱਚਾ ਹੋ ਜਾਣ ਤੋਂ ਬਾਅਦ ਉਹ ਦੋਨੋ ਨਸੀਬੋ ਦੇ ਚੇਤੇ ਵਿੱਚੋਂ ਵਿਸਰਨ ਲੱਗੇ। ਹੁਣ ਤਾਂ ਉਹ ਕਦੀ ਕਦੀ ਹੀ ਨਸੀਬੋ ਨੂੰ ਯਾਦ ਆਉਂਦੇ। ਉਹਨੂੰ ਫਿਰ ਪਛਤਾਵਾ ਜਿਹਾ ਵੀ ਹੁੰਦਾ, ਹਾਏ ਮੈਂ ਤਾਂ ਉਨ੍ਹਾਂ ਨੂੰ ਭੁੱਲ ਈ ਗਈ। ਕਦੀ ਕਦੀ ਉਹ ਵੀਰਦੀਪ ਨੂੰ ਮਿਲਣ ਲਈ ਖਾਸੀ ਵੈਰਾਗ ਜਾਂਦੀ। ਉਹ ਕਰਮੇ ਨੂੰ ਫੋਨ ਕਰਦੀ ਕਿ ਵੀਰਦੀਪ ਨੂੰ ਉਹਨੂੰ ਮਿਲਾ ਦੇਵੇ। ਕਰਮੇ ਨੇ ਉਹਨੂੰ ਵੀਰਦੀਪ ਦਾ ਫੋਨ ਵੀ ਦੇ ਦਿੱਤਾ ਸੀ। ਇੱਕ ਵਾਰ ਜਦੋਂ ਨਸੀਬੋ ਨੇ ਵੀਰਦੀਪ ਨੂੰ ਫੋਨ ਕੀਤਾ ਤਾਂ ਉਹਨੇ ਅੱਗੋਂ ਮਿਲਣ ਤੋਂ ਇਨਕਾਰ ਕਰ ਦਿੱਤਾ, 'ਆਪਾਂ ਮਾਤਾ ਹੁਣ ਮਿਲ ਕੇ ਕੀ ਕਰਨਾ, ਇੱਕ ਦੂਜੇ ਨੂੰ ਤੰਗ ਹੀ ਕਰਾਂਗੇ। ਆਪੋ-ਆਪਣੇ ਘਰ ਖੁਸ਼ ਰਹੋ।' ਨਸੀਬੋ ਉਦਾਸ ਹੋ ਗਈ। ਉਹ ਕਈ ਦਿਨਾਂ ਤੱਕ ਆਪਣੇ ਘਰ ਉੱਖੜੀ-ਉੱਖੜੀ ਰਹੀ। ਉਹਦਾ ਉਤਰਿਆ ਜਿਹਾ ਚਿਹਰਾ ਵੇਖ ਕੇ ਨਸੀਬੋ ਦੀ ਸੱਸ ਨੇ ਪੁੱਛਿਆ, 'ਕੀ ਹੋਇਆ ਨਸੀਬ ਕੁਰੇ, ਤੂੰ ਅੱਜ ਕੱਲ੍ਹ ਹੋਰੂੰ ਹੋਰੂੰ ਜਿਹੀ ਰਹਿੰਦੀ?' 'ਕੁਸ਼ ਨੀ ਬਸ ਮਨ ਜਿਆ ਨੀ ਲਗਦਾ।' ਉਹਨੇ ਜਵਾਬ ਦਿੱਤਾ।

ਅਜਿਹੇ ਮੌਕੇ ਉਹਨੂੰ ਹੁਕਮਾ ਵੀ ਬਹੁਤ ਯਾਦ ਆਉਂਦਾ। ਆਮ ਸਮਿਆਂ ਵਿੱਚ ਤਾਂ ਉਹ ਮਹਿਸੂਸ ਕਰਦੀ ਸੀ ਪਈ ਨਵੇਂ ਘਰ ਨੇ ਉਸ ਨੂੰ ਵਧੇਰੇ ਸੁਖ ਸਹੂਲਤਾਂ ਤੇ ਜ਼ਿਆਦਾ ਸੋਹਣੀ ਜ਼ਿੰਦਗੀ ਦਿੱਤੀ। ਕਈ ਵਾਰ ਉਹਨੂੰ ਲਗਦਾ ਕਿ ਰੱਬ ਜੋ ਕਰਦਾ ਚੰਗਾ ਈ ਕਰਦਾ। ਮੈਨੂੰ ਕਿੱਥੋਂ ਕਿੱਥੇ ਪਹੁੰਚਾ ਦਿੱਤਾ। ਹੁਣ ਘਰ ਬੱਝੀ ਤਨਖਾਹ ਆ ਹੀ ਜਾਂਦੀ ਤੇ ਗੁਰਮੀਤ ਨੂੰ 'ਉਪਰੋਂ' ਵੀ ਕਾਫੀ ਆਮਦਨ ਹੋ ਜਾਂਦੀ ਸੀ। ਗਾਹੇ-ਬਗਾਹੇ ਗੁਰਮੀਤ ਉਹਨੂੰ ਉਹਦੇ ਪੇਕੀਂ ਜਾਂ ਹੋਰ ਆਸੇ-ਪਾਸੇ ਵੀ ਘੁਮਾ ਲਿਆਉਂਦਾ ਸੀ। ਘਰ 'ਚ ਖਾਣ-ਪੀਣ, ਫਲਾਂ, ਸਬਜੀਆਂ ਆਦਿ ਦੀ ਕੋਈ ਕਮੀ ਨਹੀਂ ਸੀ ਰਹਿੰਦੀ। ਵੇਖਣ ਨੂੰ ਉਹ ਹੁਣ ਘਰ ਦੀ ਰਾਣੀ ਸੀ, ਪਰ ਕੁਝ ਹੋਰ ਸੀ ਜੋ ਗਾਇਬ ਸੀ। ਕੁਝ ਡੂੰਘਾ, ਦਿਲ ਅੰਦਰਲੀ ਕਿਸੇ ਡੂੰਘੀ ਖੁਸ਼ੀ ਨੂੰ ਤੁਣਕਾ ਮਾਰਨ ਵਾਲਾ ਕੋਈ ਆਸੇ-ਪਾਸੇ ਕਿਤੇ ਨਹੀਂ ਸੀ।

ਉਹਦੇ ਪਿਛਲੇ ਵਿਆਹ ਵੇਲੇ ਕਰਮਾ ਬਾਈ ਤੇ ਨਵਜੋਤ ਸਨ, ਜਿਨ੍ਹਾਂ ਨੂੰ ਵੇਖਦਿਆਂ ਹੀ ਉਸ ਨੂੰ ਚਾਅ ਜਿਹਾ ਚੜ੍ਹ ਜਾਂਦਾ ਸੀ। ਹੁਕਮਾ ਭਾਵੇਂ ਘੱਟ ਪੈਸੇ ਕਮਾਉਂਦਾ ਸੀ, ਪਰ ਉਹਦੇ ਵਿੱਚ ਕੋਈ ਖਾਸ ਜਿਹੀ ਖਿੱਚ ਜਿਉਂਦੀ ਜਾਗਦੀ ਸੀ। ਉਹਦੀ ਉਡੀਕ ਵਿੱਚ ਵੀ ਉਹਨੂੰ ਕੋਈ ਡੂੰਘਾ ਚਾਅ ਨਸੀਬ ਹੁੰਦਾ। ਨਵਜੋਤ ਨਾਲ ਉਹ ਦਿਲ ਦੀਆਂ ਗੱਲਾਂ ਕਰਦੀ, ਅੰਤਾਂ ਦੀ ਖੁਸ਼ੀ ਮਿਲਦੀ। ਕਰਮੇ ਵੀਰ ਨੂੰ ਵੇਖ ਕੇ ਹੀ ਜਿਵੇਂ ਰੱਬ ਦੇ ਦੀਦਾਰ ਕਰਨ ਵਰਗਾ ਅਨੁਭਵ ਹੁੰਦਾ। ਉਹਨੂੰ ਲਗਦਾ ਰੱਬ ਜੇ ਕਿਤੇ ਹੋਇਆ ਤਾਂ ਬਿਲਕੁਲ ਕਰਮੇ ਵੀਰ ਵਰਗਾ ਹੋਵੇਗਾ।

ਇੱਥੇ ਹੋਰ ਸਾਰਾ ਕੁਝ ਸੀ, ਸਾਰੀਆਂ ਸਹੂਲਤਾਂ ਸਨ ਪਰ ਰਿਸ਼ਤੇ ਨੀਰਸਤਾ ਦੇ ਮਾਰੇ ਹੋਏ ਸਨ। ਗੁਰਮੀਤ ਨੇ ਆਪਣੀ ਕੁੜੀ ਤਾਂ ਪੰਜਾਬੀ ਸਕੂਲ ਵਿੱਚ ਪੜ੍ਹਾਈ ਸੀ, ਪਰ ਮੁੰਡਾ ਅੰਗਰੇਜ਼ੀ ਸਕੂਲ ਵਿੱਚ ਪਾਇਆ। ਉਹ ਜਾਂ ਪੜ੍ਹਦਾ ਜਾਂ ਫਿਰ ਟੈਲੀਵਿਜ਼ਨ ਅੱਗੇ ਬੈਠਾ ਕਾਰਟੂਨ ਵੇਖਦਾ ਰਹਿੰਦਾ। ਉਹ ਜਦੋਂ ਗੱਲਾਂ ਕਰਦਾ ਤਾਂ ਨਸੀਬੋ ਨੂੰ ਲਗਦਾ ਜਿਵੇਂ ਮਸ਼ੀਨ ਗੱਲਾਂ ਕਰ ਰਹੀ ਹੋਵੇ। ਵੀਰਦੀਪ ਦੀਆਂ ਕਵੱਲੀਆਂ ਵੀ ਉਸ ਨੂੰ ਖੁਸ਼ੀ ਦੇ ਜਾਂਦੀਆਂ ਸਨ। ਉਸ ਦੀਆਂ ਇੱਲਤਾਂ ਤੋਂ ਵੀ ਉਹਨੂੰ ਖਿਝ ਨਹੀਂ ਸੀ ਆਉਂਦੀ, ਪਰ ਬਿੱਟੂ ਦੀ ਅੱਧੀ ਅੰਗੇਰਜ਼ੀ ਨਾਲ ਰਲਗੱਡ ਪੰਜਾਬੀ ਅਕਸਰ ਉਸ ਨੂੰ ਖਿਝਾ ਦਿੰਦੀ। ਉਹ ਵਾਰ ਵਾਰ ਪਛਤਾਉਂਦੀ, ਸੋਚਦੀ ਬਈ ਉਸ ਨੂੰ ਖਿਝਣਾ ਨਹੀਂ ਚਾਹੀਦਾ, ਪਰ ਮੁੜ ਘਿੜ ਕੇ ਉਹ ਫਿਰ ਖਿਝ ਜਾਂਦੀ। ਆਪਣੀ ਮਤਰੇਈ ਧੀ ਨਾਲ ਨਸੀਬੋ ਹੁਣ ਵਧੇਰੇ ਸਹਿਜ ਰਹਿੰਦੀ ਸੀ। ਉਹ ਦੋਨੋਂ ਇੱਕ ਦੂਜੀ ਨੂੰ ਸਮਝਣ ਲੱਗੀਆਂ ਸਨ। ਉਹ ਜਦੋਂ ਵੀ ਘਰ ਆਉਂਦੀ ਤਾਂ ਨਸੀਬੋ ਦਾ ਘਰ ਵਿੱਚ ਜੀਅ ਲੱਗਣ ਲਗਦਾ। ਕੁੜੀ ਆਪਣੀ ਮਤਰੇਈ ਮਾਂ ਨਾਲ ਸਿੱਧੀ ਪੱਧਰੀ ਪੰਜਾਬੀ ਵਿੱਚ ਗੱਲਾਂ ਕਰਦੀ। ਠੇਠ ਪੇਂਡੂ ਸ਼ਬਦਾਂ ਦੀ ਵਰਤੋਂ ਕਰਦੀ। ਨਸੀਬੋ ਨੂੰ ਲਗਦਾ ਕਿ ਜਿਵੇਂ ਨਵਜੋਤ ਵਾਪਸ ਆ ਗਈ ਹੋਵੇ। ਉਹ ਆਪਸ ਵਿੱਚ ਢੇਰ ਸਾਰੀਆਂ ਗੱਲਾਂ ਕਰਦੀਆਂ। ਗੁਰਮੀਤ ਬਾਰੇ, ਗੁਰਮੀਤ ਦੀ ਪਹਿਲੀ ਘਰ ਵਾਲੀ ਬਾਰੇ, ਵੀਰਦੀਪ ਬਾਰੇ। ਕੁੜੀ ਵੀਰਦੀਪ ਨੂੰ ਮਿਲਣ ਦੀ ਚਾਹਤ ਵੀ ਪ੍ਰਗਟ ਕਰਦੀ। ਇਹਦੇ ਨਾਲ ਕੁੜੀ ਨਸੀਬੋ ਨੂੰ ਹੋਰ ਚੰਗੀ ਲੱਗਣ ਲਗਦੀ।

ਨਸੀਬੋ ਨੇ ਫਿਰ ਕਈ ਵਾਰ ਵੀਰਦੀਪ ਨੂੰ ਮਿਲਣ ਲਈ ਫੋਨ ਕੀਤਾ। ਉਸ ਨੂੰ ਸੀ ਕਿ ਉਹ ਆਪਣੀ ਮਤਰੇਈ ਧੀ ਨੂੰ ਨਾਲ ਲੈ ਕੇ ਵੀਰਦੀਪ ਨੂੰ ਮਿਲ ਆਵੇਗੀ, ਪਰ ਵੀਰਦੀਪ ਹਰ ਵਾਰ ਇਨਕਾਰ ਕਰ ਦਿੰਦਾ। ਉਹ ਕਿਸੇ ਤਰ੍ਹਾਂ ਵੀ ਪਿਛਾਂਹ ਮੁੜਨ ਲਈ ਤਿਆਰ ਨਹੀਂ ਸੀ। ਉਸ ਨੂੰ ਲਗਦਾ ਸੀ ਕਿ ਮੋਹ ਦੀਆਂ ਇਹ ਤੰਦਾਂ ਮੇਰੀ ਨਵੀਂ ਜ਼ਿੰਦਗੀ ਖਰਾਬ ਕਰ ਦੇਣਗੀਆਂ। ਜਦੋਂ ਵੀਰਦੀਪ ਮਿਲਣ ਲਈ ਨਾ ਮੰਨਿਆ ਤਾਂ ਹਾਰ ਕੇ ਨਸੀਬੋ ਨੇ ਕਰਮਜੀਤ ਨੂੰ ਦੁਬਾਰਾ ਫੋਨ ਕੀਤਾ, ਦੱਸਿਆ ਕਿ ਵੀਰਦੀਪ ਮਿਲਣ ਤੋਂ ਇਨਕਾਰ ਕਰੀ ਜਾਂਦਾ। ਉਹਨੇ ਤਰਲਾ ਕੀਤਾ ਬਈ ਮੈਨੂੰ ਉਹਨੂੰ ਮਿਲਾ ਦੇਵੇ। ਸ਼ਾਮੀਂ ਜਦੋਂ ਵੀਰਦੀਪ ਘਰੇ ਆਇਆ ਤਾਂ ਉਹਨੇ ਰਾਤ ਦੀ ਰੋਟੀ ਖਾਣ ਵੇਲੇ ਉਹਦੇ ਨਾਲ ਨਸੀਬੋ ਦੇ ਫੋਨ ਬਾਰੇ ਗੱਲ ਤੋਰੀ। ਵੀਰਦੀਪ ਦੱਸਣ ਲੱਗਾ, 'ਮੈਨੂੰ ਵੀ ਆਇਆ ਸੀ ਦੋ ਤਿੰਨ ਵਾਰ ਉਨ੍ਹਾਂ ਦਾ ਫੋਨ, ਮੈਂ ਮਿਲਣ ਤੋਂ ਇਨਕਾਰ ਕਰ ਦਿੱਤਾ' ਵੀਰਦੀਪ ਨੇ ਜੁਆਬ ਦਿੱਤਾ। 'ਵੀਰਦੀਪ ਅਖੀਰ ਤੈਨੂੰ ਜਨਮ ਦੇਣ ਵਾਲੀ ਤੇਰੀ ਮਾਂ ਹੈ ਉਹ, ਮਿਲ ਲੈ ਉਹਨੂੰ' ਨਵਜੋਤ ਵਿਚਾਲਿਉਂ ਬੋਲੀ।

'ਨਹੀਂ ਚਾਚੀ, ਮੈਂ ਆਪਣੀ ਮਮਤਾ ਦਾ ਹੁਣ ਬਟਵਾਰਾ ਨੀ ਕਰਨਾ ਚਾਹੁੰਦਾ। ਉਹਦਾ ਹੈਗਾ ਹੁਣ ਆਪਣਾ ਟੱਬਰ। ਮੇਰੇ ਤਾਂ ਤੁਸੀਂ ਹੀ ਮਾਂ ਬਾਪ ਓ ਹੁਣ।' ਵੀਰਦੀਪ ਆਪਣੇ ਫੈਸਲੇ 'ਤੇ ਅਟੱਲ ਸੀ।

ਵੀਰਦੀਪ ਦੀ ਗੱਲ ਸੁਣ ਕੇ ਦੋਨੋਂ ਚੁੱਪ ਕਰ ਗਏ। ਫਿਰ ਵੀਰਦੀਪ ਦੀ ਪੜ੍ਹਾਈ ਬਾਰੇ ਗੱਲਾਂ ਹੁੰਦੀਆਂ ਰਹੀਆਂ ਤੇ ਬਾਅਦ ਵਿੱਚ ਐਧਰ ਉਧਰ ਦੀਆਂ। ਪਿੱਛੋਂ ਕਰਮਾ ਆਪਣੇ ਸ਼ਰੀਕਾਂ ਦੇ ਵਰਤਾਅ ਬਾਰੇ ਗੱਲਾਂ ਕਰਨ ਲੱਗਾ, ਜਿਹੜੇ ਵੀਰਦੀਪ ਨੂੰ ਅਡੋਪਟ ਕਰਨ ਤੋਂ ਪਹਿਲਾਂ ਕਰਮੇ ਨਾਲ ਮਿੱਠੇ ਪਿਆਰੇ ਰਹਿੰਦੇ ਸਨ ਅਤੇ ਵੀਰਦੀਪ ਦੀ ਆਮਦ ਤੋਂ ਬਾਅਦ ਔਖੇ ਭਾਰੇ ਰਹਿਣ ਲੱਗੇ। ਕਰਮੇ ਨੇ ਵੀਰਦੀਪ ਨੂੰ ਸੁਚੇਤ ਕੀਤਾ, 'ਘੁੱਲੇਕਿਆਂ ਦਾ ਟੱਬਰ ਉਂਝ ਕੋਈ ਮਾੜੀ ਹਰਕਤ ਕਰਨ ਜੋਗੀ ਹਿੰਮਤ ਦਾ ਮਾਲਕ ਤਾਂ ਨਹੀਂ, ਪਰ ਫਿਰ ਵੀ ਉਨ੍ਹਾਂ ਤੋਂ ਸੁਚੇਤ ਰਹੀਂ। ਸ਼ਰੀਕ ਮਿੱਟੀ ਦਾ ਵੀ ਮਾੜਾ ਹੁੰਦਾ।' ਕਰਮੇ ਦੇ ਕਹੇ ਨੂੰ ਵੀਰਦੀਪ ਹਮੇਸ਼ਾ ਗੰਭੀਰਤਾ ਨਾਲ ਲੈਂਦਾ। ਉਸ ਨੂੰ ਪਤਾ ਸੀ ਚਾਚਾ ਜੋ ਕੁਝ ਸੋਚੇਗਾ ਉਸ ਦੇ ਭਲੇ ਵਿੱਚ ਹੀ ਹੋਵੇਗਾ। ਹੁਣ ਉਹ ਘੁੱਲੇਕਿਆਂ ਦੀ ਹਰ ਹਰਕਤ ਤੋਂ ਸੁਚੇਤ ਰਹਿਣ ਲੱਗਾ। ਆਉਂਦੇ-ਜਾਂਦੇ ਵੀ ਸੁਚੇਤ ਰਹਿੰਦਾ, ਆਪਣੇ ਆਲੇ-ਦੁਆਲੇ ਤੋਂ ਸਤਰਕ ਰਹਿੰਦਾ।

ਕਰਮੇ ਨੂੰ ਇੱਕ ਦਿਨ ਫਿਰ ਨਸੀਬੋ ਦਾ ਫੋਨ ਆਇਆ। ਉਹਨੇ ਮੁੜ ਵੀਰਦੀਪ ਨੂੰ ਮਿਲਣ ਦੀ ਚਾਹਤ ਪ੍ਰਗਟ ਕੀਤੀ। ਕਰਮੇ ਨੇ ਵੀਰਦੀਪ ਨੂੰ ਬਿਨਾ ਪੁੱਛੇ ਅਗਲੇ ਐਤਵਾਰ ਨਸੀਬੋ ਨੂੰ ਆਪਣੇ ਘਰ ਸੱਦ ਲਿਆ। ਉਹਨੂੰ ਸੀ ਪਈ ਵੀਰਦੀਪ ਨੂੰ ਪੁੱਛਿਆ ਉਹਨੇ ਮੰਨਣਾ ਤਾਂ ਹੈ ਨਹੀਂ, ਘਰ ਆਈ ਨੂੰ ਮਿਲਣ ਤੋਂ ਇਨਕਾਰ ਵੀ ਨੀ ਕਰ ਹੋਣਾ ਇਹਤੋਂ। ਨਸੀਬੋ ਤੇ ਉਹਦੀ ਮਤਰੇਈ ਧੀ ਅਗਲੇ ਐਤਵਾਰ ਦਸ ਕੁ ਵਜੇ ਕਰਮੇ ਕੀ ਬਹਿਕ 'ਤੇ ਪੁੱਜ ਗਈਆਂ। ਵੀਰਦੀਪ ਘਰ ਹੀ ਸੀ ਅਤੇ ਆਪਣੇ ਕਮਰੇ ਵਿੱਚ ਕੋਈ ਕਿਤਾਬ ਪੜ੍ਹਨ ਵਿੱਚ ਰੁੱਝਾ ਹੋਇਆ ਸੀ। ਨਸੀਬੋ ਨੇ ਨਵਜੋਤ ਨੂੰ ਜੱਫੀ ਵਿੱਚ ਘੁੱਟ ਲਿਆ। ਉਹ ਕਿੰਨੀ ਹੀ ਦੇਰ ਜੱਫੀ ਵਿੱਚ ਖੜ੍ਹੀਆਂ ਰਹੀਆਂ। ਨਸੀਬੋ ਉਹਨੂੰ ਮਿਲ ਕੇ ਭਾਵੁਕ ਹੋ ਗਈ। ਹੰਝੂ ਪਰਲ-ਪਰਲ ਉਸ ਦੀਆਂ ਗੱਲ੍ਹਾਂ ਤੋਂ ਦੀ ਵਹਿਣ ਲੱਗੇ। ਨਵਜੋਤ ਨੇ ਮਸਾਂ ਉਸ ਨੂੰ ਸਹਿਜ ਕੀਤਾ। ਜਦੋਂ ਚਾਹ ਬਣ ਕੇ ਆ ਗਈ ਤਾਂ ਕਰਮੇ ਨੇ ਵੀਰਦੀਪ ਨੂੰ ਉਪਰੋਂ ਆਵਾਜ਼ ਮਾਰੀ। ਉਹ ਹੇਠਾਂ ਉਤਰਿਆ ਤਾਂ ਨਸੀਬੋ ਨੂੰ ਵੇਖ ਕੇ ਹੈਰਾਨ ਰਹਿ ਗਿਆ। ਨਸੀਬੋ ਦਾ ਚਿਹਰਾ ਹੁਣ ਭਾਰਾ ਹੋ ਗਿਆ ਸੀ ਅਤੇ ਸਰੀਰ ਵੀ। ਨਾਲ ਸਾਂਵਲੇ ਜਿਹੇ ਰੰਗ ਦੀ ਤਿੱਖੇ ਨੈਣ ਨਕਸ਼ਾਂ ਵਾਲੀ ਜਵਾਨ ਕੁੜੀ ਸੀ। ਉਹਨੇ ਮਾਤਾ ਦੇ ਪੈਰੀਂ ਹੱਥ ਲਗਾਏ, ਕੁੜੀ ਨੂੰ ਹੱਥ ਜੋੜ ਕੇ ਫਤਿਹ ਬੁਲਾਈ। ਵੀਰਦੀਪ ਨੂੰ ਖੁੱਲ੍ਹੇ ਹੱਡ ਪੈਰਾਂ, ਖੁਲ੍ਹੀ ਅਣਕੱਟੀ ਦਾਹੜੀ ਵਾਲਾ ਭਰਵਾਂ ਜਵਾਨ ਵੇਖ ਕੇ ਨਸੀਬੋ ਨੂੰ ਖੁਸ਼ੀ ਹੋਈ। ਉਹਨੂੰ ਲੱਗਾ, ਮੇਰੇ ਘਰ ਇਹ ਐਡਾ ਭਰਵਾਂ, ਸੋਹਣਾ ਜਵਾਨ ਤੇ ਨਹੀਂ ਸੀ ਹੋ ਸਕਦਾ। ਆਮਦਨ ਹੀ ਏਨੀ ਕੁ ਸੀ। ਉਹਨੂੰ ਮੁੰਡੇ ਨੂੰ ਵੇਖ ਕੇ ਜਿਵੇਂ ਰੱਜ ਜਿਹਾ ਆ ਗਿਆ। ਵੀਰਦੀਪ ਜਿਸ ਪੱਧਰ 'ਤੇ ਪੜ੍ਹ-ਲਿਖ ਰਿਹਾ ਸੀ, ਨਸੀਬੋ ਉਹਤੋਂ ਇਹਦੇ ਬਾਰੇ ਬਹੁਤਾ ਕੁਝ ਤਾਂ ਪੁੱਛ ਨਹੀਂ ਸੀ ਸਕਦੀ, ਪਰ ਉਹਦੀ ਮਤਰੇਈ ਧੀ ਕਵੰਲਜੀਤ ਕੌਰ ਵੀਰਦੀਪ ਨਾਲ ਉਹਦੀ ਪੜ੍ਹਾਈ ਲਿਖਾਈ ਬਾਰੇ ਗੱਲੀਂ ਪੈ ਗਈ। ਇੱਕ-ਦੂਜੇ ਦੀ ਪੜ੍ਹਾਈ ਬਾਰੇ ਉਨ੍ਹਾਂ ਖਾਸੀਆਂ ਗੱਲਾਂ ਕੀਤੀਆਂ। ਕਰਮੇ ਨੇ ਨਸੀਬੋ ਦੇ ਨਵੇਂ ਟੱਬਰ ਬਾਰੇ ਹਾਲਚਾਲ ਪੁੱਛਿਆ, ਉਨ੍ਹਾਂ ਦੇ ਵਰਤੋਂ ਵਿਹਾਰ, ਗੁਰਮੀਤ ਦੇ ਸੁਭਾਅ ਬਾਰੇ ਗੱਲਾਂ ਬਾਤਾਂ ਕੀਤੀਆਂ। ਨਸੀਬੋ ਨੇ ਰਸਮੀ ਸੰਤੁਸ਼ਟੀ ਤੋਂ ਇਲਾਵਾ ਕੋਈ ਗੱਲ ਅੱਗੇ ਨਾ ਤੋਰੀ। ਨਵਜੋਤ ਨੇ ਕੰਵਲ ਨੂੰ ਕੁਝ ਪੈਸੇ ਸ਼ਗਨ ਵਜੋਂ ਦਿੱਤੇ। ਉਹ ਨਾਂਹ ਕਰਨ ਲੱਗੀ। 'ਤੂੰ ਪਹਿਲੀ ਵਾਰ ਸਾਡੇ ਘਰ ਆਈ ਏਂ, ਇਹ ਤਾਂ ਸਾਡਾ ਹੱਕ ਬਣਦਾ', ਨਵਜੋਤ ਆਖਣ ਲੱਗੀ। ਕੰਵਲ ਨੇ ਪੈਸੇ ਫੜ ਲਏ। ਨਸੀਬੋ ਨੇ ਵੀਰਦੀਪ ਨੂੰ ਸ਼ਗਨ ਵਜੋਂ ਕੁਝ ਪੇਸੇ ਦੇਣੇ ਚਾਹੇ, ਪਰ ਉਸ ਨੇ ਇਨਕਾਰ ਕਰ ਦਿੱਤਾ। ਥੋੜ੍ਹੀ ਦੇਰ ਬਾਅਦ ਨਸੀਬੋ ਤੇ ਕੰਵਲ ਜਦੋਂ ਜਾਣ ਲੱਗੀਆਂ ਤਾਂ ਵੀਰਦੀਪ ਨੇ ਫਿਰ ਆਪਣੀ ਮਾਂ ਨੂੰ ਕਿਹਾ, 'ਬੀਬੀ ਤੁਸੀਂ ਇੱਥੇ ਨਾ ਹੀ ਆਇਆ ਕਰੋਂ ਤਾਂ ਚੰਗਾ। ਮੇਰੇ ਲਈ ਤਾ ਕਰਮੇ ਚਾਚੇ ਹੋਰੀਂ ਹੀ ਹੁਣ ਮੇਰੇ ਮਾਂ ਬਾਪ ਹਨ। ਮੇਰੀ ਮਮਤਾ ਦਾ ਬਟਵਾਰਾ ਨਾ ਕਰੋ।' ਇੰਨੀ ਗੱਲ ਕਹਿ ਕਿ ਵੀਰਦੀਪ ਚੁੱਪ ਕਰ ਗਿਆ। ਇਹ ਸੁਣ ਕੇ ਨਸੀਬੋ ਦਾ ਰੰਗ ਉਡ ਗਿਆ।

'ਇਉਂ ਨੀ ਕਹੀਦਾ ਵੀਰਦੀਪ।' ਨਵਜੋਤ ਨੇ ਟੋਕਿਆ। ਵੀਰਦੀਪ ਚੁੱਪ ਰਿਹਾ, ਨਸੀਬ ਕੁਰ ਹੋਰੀਂ ਵੀ ਚੁੱਪ ਰਹੀਆਂ। ਉਹ ਤੁਰ ਕੇ ਜਾਣ ਲੱਗੀਆਂ ਤਾਂ ਕਰਮਾ ਗੱਡੀ ਵਿੱਚ ਉਨ੍ਹਾਂ ਨੂੰ ਬੱਸ ਸਟੈਂਡ ਤੱਕ ਛੱਡ ਆਇਆ। ਜਾਂਦਿਆਂ ਨਸੀਬੋ ਉੱਖੜੀ ਜਿਹੀ ਰਹੀ। ਉਹ ਕੰਵਲਜੀਤ ਨਾਲ ਵੀ ਬਹੁਤਾ ਨਾ ਬੋਲੀ। ਆਖਰ ਕੰਵਲਜੀਤ ਨੇ ਹੀ ਚੁੱਪ ਤੋੜੀ, 'ਮਾਤਾ ਮੁੰਡਾ ਬੜਾ ਸਿਆਣਾ, ਉਹਦੀ ਪੜ੍ਹਾਈ ਠੀਕ ਚੱਲ ਰਹੀ। ਉਹਨੇ ਕੁਸ਼ ਬਣ ਜਾਣਾ। ਗੱਲ ਉਹ ਠੀਕ ਕਹਿੰਦਾ, ਉਹਨੂੰ ਹੁਣ ਆਪਾਂ ਆਪਣੇ ਘਰ ਰਾਜ਼ੀ ਰਹਿਣ ਦੇਈਏ, ਇਹੀ ਠੀਕ ਆ।' ਫਿਰ ਹੌਲੀ ਹੌਲੀ ਨਸੀਬੋ ਸਹਿਜ ਹੋਣ ਲੱਗੀ ਅਤੇ ਕਰਮੇ ਹੋਰਾਂ ਨਾਲ ਮਿਲਣ ਦਾ ਖੇੜਾ ਉਦਾਸੀ 'ਤੇ ਭਾਰੂ ਪੈਣ ਲੱਗਾ।

*(ਅਗਲੀ ਕਿਸ਼ਤ ਅਗਲੇ ਅੰਕ ਵਿੱਚ ਪੜ੍ਹੋ)*

# ਫਿਲਮ 'ਸ਼ਾਇਰ' ਅਤੇ 'ਚਮਕੀਲਾ' ਦੇ ਰੰਗ-ਢੰਗ

**ਪੰਜਾਬੀ ਪਰਵਾਜ਼ ਫੀਚਰ**

ਬੀਤੇ ਮਹੀਨੇ ਰਿਲੀਜ਼ ਹੋਈਆਂ ਦੋ ਫਿਲਮਾਂ ਬਾਰੇ ਕੁਝ ਪੱਖਾਂ ਤੋਂ ਗੱਲ ਕਰਨੀ ਬਣਦੀ ਹੈ। ਇਹ ਫਿਲਮਾਂ ਹਨ- ਸਤਿੰਦਰ ਸਰਤਾਜ ਤੇ ਨੀਰੂ ਬਾਜਵਾ ਦੀ 'ਸ਼ਾਇਰ' ਅਤੇ ਦੂਜੀ ਹੈ ਡਾਇਰੈਕਟਰ ਇਮਤਿਆਜ਼ ਅਲੀ ਵੱਲੋਂ ਮਰਹੂਮ ਪੰਜਾਬੀ ਗਾਇਕ ਅਮਰ ਸਿੰਘ ਚਮਕੀਲਾ ਦੀ ਜ਼ਿੰਦਗੀ ਤੇ ਉਸ ਦੇ ਖਾੜਕੂਵਾਦ ਹੱਥੋਂ ਮਾਰੇ ਜਾਣ ਬਾਰੇ ਬਣੀ ਫਿਲਮ, 'ਚਮਕੀਲਾ'। ਜਿੱਥੋਂ ਤੱਕ ਸਿਨੇਮਾ ਨਾਲ ਸੰਬੰਧਤ ਤਕਨੀਕੀ ਸੋਹਜ ਅਤੇ ਕਾਰੀਗਰੀ ਦਾ ਸਵਾਲ ਹੈ, ਦੋਨੇ ਫਿਲਮਾਂ ਬਹੁਤ ਸੋਹਣੀਆਂ ਬਣੀਆਂ ਹਨ।

'ਸ਼ਾਇਰ' ਦੀ ਕਹਾਣੀ ਇੱਕ ਕਿਸਮ ਦੀ ਰੁਮਾਂਟਿਕ ਸਟੋਰੀ ਹੈ। ਫਿਲਮ ਦੇ ਵਾਰਤਾਲਾਪ ਚੰਗੇ ਹਨ। ਅਦਾਕਾਰੀ ਦੇ ਪੱਖ ਤੋਂ ਪਹਿਲੇ ਅੱਧ ਵਿੱਚ ਨੀਰੂ ਬਾਜਵਾ ਸਾਰੀ ਫਿਲਮ ਦੀ ਤੋਰ 'ਤੇ ਭਾਰੂ ਪੈਂਦੀ ਨਜ਼ਰ ਆਉਂਦੀ ਹੈ, ਪਰ ਪਿਛਲੇ ਅੱਧ ਵਿੱਚ ਸਤਿੰਦਰ ਸਰਤਾਜ ਵੀ ਉਸ ਨੂੰ ਟੱਕਰ ਦੇਣ ਲਗਦਾ ਹੈ। ਉਂਝ ਇਹ ਫਿਲਮ ਜਿਸ ਗਤੀ ਅਤੇ ਜਿਸ ਪਿੱਠ ਭੂਮੀ ਵਿੱਚ ਅੱਗੇ ਤੁਰਦੀ ਹੈ, ਕਮਰਸ਼ੀਅਲ ਨਾਲੋਂ ਆਰਟ ਫਿਲਮਾਂ ਦੇ ਜ਼ਿਆਦਾ ਨਜ਼ਦੀਕ ਚਲੀ ਜਾਂਦੀ ਹੈ। ਫਿਲਮ ਦੀ ਸਿਨੇਮਾਟੋਗਰਾਫੀ ਖਾਸ ਤੌਰ 'ਤੇ ਮਨ ਨੂੰ ਮੋਹੰਦੀ ਹੈ। ਕਹਾਣੀ ਤੋਂ ਲੈ ਕੇ ਸਕਰੀਨ ਪਲੇਅ ਤੱਕ ਸਾਰਾ ਕੰਮ ਜਗਦੀਪ ਵੜਿੰਗ ਦਾ ਹੈ ਅਤੇ ਬੇਹੱਦ ਪਾਏਦਾਰ ਹੈ। ਲੀਡ ਐਕਟਰਾਂ ਤੋਂ ਸਿਵਾਏ ਯੋਗਰਾਜ ਸਿੰਘ, ਕੇਵਲ ਧਾਲੀਵਾਲ ਦੀਆਂ ਭੂਮਿਕਾਵਾਂ ਵੀ ਕਾਫੀ ਜਾਨਦਾਰ ਹਨ। ਇਹ ਪਾਤਰਾਂ ਦੀ ਮਾਨਸਿਕਤਾ ਵਿੱਚ ਖੁਭ ਕੇ ਕੀਤਾ ਗਿਆ ਕੰਮ ਹੈ। ਇੱਕ ਵਧੀਆ ਫਿਲਮ ਹੋਣ ਦੇ ਬਾਵਜੂਦ ਇਹ ਫਿਲਮ ਪੂਰਬੀ ਪੰਜਾਬ ਦੇ ਸਿਨਮਿਆਂ ਵਿੱਚ ਦਰਸ਼ਕ ਨਹੀਂ ਖਿੱਚ ਸਕੀ। ਕਾਰਨ ਇਹਦਾ ਸ਼ਾਇਦ ਇਹ ਹੈ ਕਿ ਪੰਜਾਬੀ ਸਮਾਜ ਹਾਲੇ ਵੀ ਮਿਆਰੀ ਫਿਲਮਾਂ ਵੇਖਣ ਦੇ ਕਾਬਲ ਨਹੀਂ ਹੋਇਆ। ਸਾਡੀ ਮੋਟੀ ਠੁੱਲ੍ਹੀ ਸੋਚ ਸਤਿੰਦਰ ਸਰਤਾਜ ਜਾਂ ਉਸ ਦੇ ਸੰਗੀ ਐਕਟਰਾਂ ਦੇ ਹਾਣ ਦੀ ਵੀ ਨਹੀਂ ਹੈ। ਇਸ ਮਾਮਲੇ ਵਿੱਚ ਸਮਾਜਕ ਅਤੇ ਸਭਿਆਚਾਰਕ ਤੌਰ 'ਤੇ ਅਸੀਂ ਹਾਲੇ ਗੰਡਾਸੀਆਂ, ਗਲਾਸੀਆਂ ਅਤੇ ਬੰਦੂਕਾਂ ਦੀ ਠੂਹ-ਠਾਹ ਵਾਲੇ ਸਭਿਆਚਾਰ ਵਿੱਚ ਫਸੇ ਹੋਏ ਹਾਂ। ਜਾਂ ਫਿਰ ਘਟੀਆ ਕਿਸਮ ਦੀਆਂ ਕਾਮੇਡੀ ਫਿਲਮਾਂ ਵੇਖਣ ਦੇ ਆਦੀ ਹਾਂ- ਜਿਨ੍ਹਾਂ ਵਿੱਚ ਨਾ ਕੋਈ ਕਹਾਣੀ ਲੱਭਦੀ ਹੈ ਅਤੇ ਨਾ ਹੀ ਫਿਲਮ ਬਣਾਉਣ ਦਾ ਮਕਸਦ। ਇਹ ਅਰਥਹੀਣਤਾ ਗਲੋਬਲ ਸਭਿਅਤਾ ਦੇ ਕਥਿਤ ਵਿਕਾਸ ਨਾਲ ਹੋਰ ਤੇਜ਼ ਹੋ ਰਹੀ ਹੈ। ਇਹੋ ਜਿਹੇ ਦੌਰ ਵਿੱਚ 'ਸ਼ਾਇਰ' ਵਰਗੀ ਫਿਲਮ ਦਾ ਸਾਡੇ ਵੱਡੇ ਪਰਦੇ 'ਤੇ ਆਉਣਾ ਪੰਜਾਬੀ ਸਿਨੇਮਾ ਲਈ ਸ਼ੁਭ ਸ਼ਗਨ ਵਾਂਗ ਹੈ।




ਭਾਰਤ ਦੇ ਬਾਕੀ ਖਿੱਤਿਆਂ ਨਾਲੋਂ ਪੰਜਾਬ ਨੂੰ ਆਧੁਨਿਕੀਕਰਨ ਅਤੇ ਪੱਛਮੀਕਰਨ ਦੀ ਹਵਾ ਜ਼ਿਆਦਾ ਲੱਗੀ ਹੈ। ਇਸ ਨਾਲ ਸਿਰ ਚੁੱਕ ਕੇ ਮੜਿੱਕਣ ਅਤੇ ਆਪਣੀਆਂ ਤੰਦਰੁਸਤ ਕਦਰਾਂ-ਕੀਮਤਾਂ ਨੂੰ ਬਚਾਅ ਕੇ ਰੱਖਣ ਦਾ ਕਾਰਜ ਉਂਝ ਹੀ ਘੱਟੇ ਕੌਡੀਏਂ ਰੁਲ ਗਿਆ ਹੈ। ਸਾਡੇ ਕੋਲ ਅਜਿਹਾ ਕੋਈ ਸ਼ਹਿਰ ਵੀ ਨਹੀਂ, ਜਿਹੜਾ ਵਿੱਤੀ ਸੰਸਾਰੀਕਰਨ ਅਤੇ ਇਹਦੇ ਨਾਲ ਜੁੜ ਕੇ ਆ ਰਹੇ ਸਭਿਆਚਰਕ ਝੱਲ-ਵਲੱਲ ਦਾ ਨੱਕ ਮੋੜ ਸਕੇ।

1947 ਤੋਂ ਪਹਿਲਾਂ ਲਾਹੌਰ ਪੰਜਾਬ ਦਾ ਸਭਿਆਚਾਰਕ ਕੇਂਦਰ ਹੈ ਸੀ, ਬਾਅਦ ਵਿੱਚ ਪੰਜਾਬ ਦੇ ਪਿੰਡ ਉਜਾੜ ਕੇ ਬਣਾਇਆ ਚੰਡੀਗੜ੍ਹ ਸਾਡੇ ਗਲ ਵਿੱਚ ਫਾਹੀ ਦੀ ਤਰ੍ਹਾਂ ਲਟਕਾ ਦਿੱਤਾ ਗਿਆ। ਥੋੜ੍ਹੀ ਵੀ ਹਿਲਜੁਲ ਕਰੋਗੇ ਤਾਂ ਜਾਨ ਤੋਂ ਹੱਥ ਧੋਅ ਬੈਠੋਗੇ! ਸਤਿੰਦਰ ਸਰਤਾਜ ਦੀ ਪਿਛਲੀ ਫਿਲਮ 'ਕਲੀ ਜੋਟਾ' ਵੀ ਲੀਕ ਤੋਂ ਕਾਫੀ ਹਟਵੀਂ ਫਿਲਮ ਸੀ, ਪਰ ਉਸ ਵਿੱਚ ਐਕਸ਼ਨ ਤੇਜ਼ੀ ਨਾਲ ਅੱਗੇ ਤੁਰਦਾ ਸੀ। ਉਸ ਦੇ ਮੁਕਾਬਲੇ ਸ਼ਾਇਰ ਸੁਸਤ ਹੈ ਅਤੇ ਤਕਰੀਬਨ ਆਰਟ ਫਿਲਮ ਹੀ ਬਣ ਗਈ ਹੈ। ਪੰਜਾਬ ਵਿੱਚ ਕਾਫੀ ਚੰਗੇ ਆਰਟਿਸਟ ਹੋਏ ਹਨ, ਪਰ ਪੰਜਾਬ ਦੇ ਆਮ ਲੋਕਾਂ ਦਾ ਆਰਟ ਅਤੇ ਸਾਹਿਤ ਨਾਲ ਬਹੁਤ ਦੂਰ ਦਾ ਵਾਸਤਾ ਹੈ। ਇਸ ਲਈ ਚੰਗੀਆਂ ਫਿਲਮਾਂ ਬਣਾਉਣ ਵੇਲੇ ਵੀ ਇਹ ਧਿਆਨ ਰੱਖਣਾ ਪਏਗਾ ਕਿ ਇਹ ਆਮ ਦਰਸ਼ਕਾਂ ਨੂੰ ਖਿੱਚ ਸਕਣ। ਪੰਜਾਬ ਦੀ ਲੋਕ ਸੁਰਤ ਨੂੰ ਅਪੀਲ ਕਰਦਾ ਮਸਾਲਾ ਪਾਉਣ ਤੋਂ ਬਿਨਾ ਤੁਸੀਂ ਪੂਰਬੀ ਪੰਜਾਬ ਵਿੱਚ ਰਹਿੰਦੇ ਦਰਸ਼ਕਾਂ ਨੂੰ ਖਿਚ ਨਹੀਂ ਸਕਦੇ। ਪੰਜਾਬੀ ਸੁਭਾਅ ਗੰਭੀਰ ਦ੍ਰਿਸ਼ਾਂ ਨੂੰ ਲੰਮੀ ਦੇਰ ਤੱਕ ਬਰਦਾਸ਼ਤ ਕਰਨ ਦਾ ਆਦੀ ਨਹੀਂ ਹੈ। ਇਸ ਨੂੰ ਪ੍ਰਚਾਈ ਰੱਖਣ ਲਈ ਫਿਲਮੀ ਗੰਭੀਰਤਾ ਨੂੰ ਤੋੜਦੀ ਫੂਹੜ ਜਿਹੀ ਕਮੇਡੀ ਦੀ ਲੋੜ ਲਗਾਤਾਰ ਪੈਂਦੀ ਹੈ। ਆਪਣੇ ਮਨ 'ਤੇ ਮਸਲਿਆਂ ਦਾ ਬੋਝ ਪਾਉਣ ਤੋਂ ਪੰਜਾਬ ਦੀ ਸਿਆਸਤ ਨੇ ਪੰਜਾਬੀਆਂ ਨੂੰ ਮੁਕਤ ਕਰ ਦਿੱਤਾ ਹੈ। ਇਸੇ ਕਰਕੇ ਸਾਡੀ ਰਾਜਨੀਤਿਕ ਅਗਵਾਈ ਵੀ ਅੱਜ ਕਾਮੇਡੀਅਨਾਂ ਦੇ ਹੱਥ ਹੈ।

ਜਿੱਥੋਂ ਤੱਕ ਫਿਲਮ 'ਚਮਕੀਲਾ' ਦਾ ਸੰਬੰਧ ਹੈ, ਇਹ ਖਾੜਕੂਆਂ ਹੱਥੋਂ ਮਾਰੇ ਗਏ ਪੰਜਾਬੀ ਗਾਇਕ ਅਮਰ ਸਿੰਘ ਚਮਕੀਲੇ ਦੀ ਬਾਇਉ ਪਿਕ ਹੈ। ਕਲਾਤਮਕ ਪੱਖੋਂ ਫਿਲਮ ਉੱਚ ਪਾਏ ਦੀ ਹੈ, ਪਰ ਪੂਰੀ ਫਿਲਮ ਵੇਖਣ ਤੋਂ ਬਾਅਦ ਮਹਿਸੂਸ ਹੁੰਦਾ ਹੈ ਕਿ ਬੜੇ ਸੂਖਮ ਰੂਪ ਵਿੱਚ ਫਿਲਮ ਜਿਵੇਂ ਸਿੱਖ ਰਹੁ-ਰੀਤਾਂ ਦਾ ਮਖੌਲ ਉਡਾਉਣ ਲਈ ਬਣਾਈ ਗਈ ਹੋਵੇ। ਮੈਂ ਚਮਕੀਲੇ 'ਤੇ ਫਿਲਮ ਬਣਾਉਣ ਦਾ ਵਿਰੋਧੀ ਨਹੀਂ ਹਾਂ, ਪਰ ਜਿਸ ਤਰ੍ਹਾਂ ਚਮਕੀਲਾ ਅਤੇ ਅਮਰਜੋਤ ਕੌਰ ਦੀਆਂ ਲਾਸ਼ਾਂ ਵਾਰ-ਵਾਰ ਵਿਖਾਈਆਂ ਜਾਂਦੀਆਂ ਹਨ, ਇਸ ਦਾ ਕੀ ਮਕਸਦ ਹੈ? ਕੀ ਇਹ ਨਵੀਂ ਪੀੜ੍ਹੀ ਵਿੱਚ ਆਪਣੇ ਹੀ ਇਤਿਹਾਸ ਖਿਲਾਫ ਨਫਰਤ ਬੀਜਣ ਦਾ ਯਤਨ ਨਹੀਂ? ਇੰਨੇ ਸੰਵੇਦਨਸ਼ੀਲ ਮਸਲੇ 'ਤੇ ਬਣੀ ਫਿਲਮ ਨੂੰ ਆਪਣੇ ਅਤੀਤ ਨੂੰ ਵੇਖਣ ਲਈ ਸਵਾਲਾਂ ਦੀ ਜਾਗ ਲਾਉਣੀ ਚਾਹੀਦੀ ਹੈ, ਨਾ ਕਿ ਇੱਕ ਪੂਰੇ ਭਾਈਚਾਰੇ ਖਿਲਾਫ ਨਫਰਤ ਦਾ ਸੰਚਾਰ ਕਰਨ ਦਾ ਯਤਨ ਕੀਤਾ ਜਾਵੇ। ਇਸ ਤੋਂ ਇਲਾਵਾ ਅਮਰਜੋਤ ਕੌਰ ਦੇ ਸਿੱਖ ਮਾਪਿਆਂ ਨੂੰ ਵੀ ਬੜੇ ਨੈਗੇਟਿਵ ਰੂਪ ਵਿੱਚ ਵਿਖਾਇਆ ਗਿਆ ਹੈ। ਜਾਣਕਾਰ ਜਾਣਦੇ ਹਨ ਕਿ ਇਹ ਬੜਾ ਨਫੀਸ ਪਰਿਵਾਰ ਸੀ।

ਸਿੱਖ ਭਾਈਚਾਰੇ ਦੀਆਂ ਕਦਰਾਂ-ਕੀਮਤਾਂ ਦੇ ਪੱਖ ਤੋਂ ਸਭ ਤੋਂ ਚੁਭਵੀਂ ਗੱਲ ਇਹ ਹੈ ਕਿ ਜਦੋਂ ਕੈਨੇਡਾ ਵਿੱਚ ਚਮਕੀਲੇ ਦੀ ਮੁਲਾਕਤ ਸਿੱਖ ਸੰਘਰਸ਼ ਦੇ ਨੁਮਾਇੰਦਿਆਂ ਨਾਲ ਹੁੰਦੀ ਹੈ ਅਤੇ ਉਹ ਉਸ ਨੂੰ ਗੰਦੇ ਗੀਤ ਬੰਦ ਕਰਨ, ਸ਼ਰਾਬ ਛੱਡਣ ਅਤੇ ਬੀੜੀਆਂ ਨਾ ਪੀਣ ਦੀ ਤਾਕੀਦ ਕਰਦੇ ਹਨ। ਤਮਾਕੂ ਪੰਜਾਬੀ ਸਮਾਜ, ਖਾਸ ਕਰਕੇ ਸਿੱਖ ਸਮਾਜ ਲਈ ਵਰਜਿਤ ਹੈ। ਸਿੱਖ ਰੈਡੀਕਲ ਧਿਰਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਤੋਂ ਬਾਅਦ ਚਮਕੀਲਾ ਜਦੋਂ ਵਾਪਸ ਪਰਤਦਾ ਹੈ ਤਾਂ ਪਹਿਲਾ ਕੰਮ ਬੀੜੀ ਲਾਉਣ ਦਾ ਕਰਦਾ ਹੈ। ਇਸ ਦ੍ਰਿਸ਼ ਨੂੰ ਫਿਲਮ ਵਿੱਚ ਗਲੈਮਰਾਈਜ਼ ਕੀਤਾ ਗਿਆ ਹੈ। (ਮੈਨੂੰ ਨਹੀਂ ਲਗਦਾ ਕੇ ਆਪਣੇ ਪਿਛਲੇ ਸਮੇਂ ਵਿੱਚ ਚਮਕੀਲਾ ਬੀੜੀਆਂ ਪੀਂਦਾ ਹੋਵੇਗਾ) ਕੀ ਇਹ ਸਿੱਖ/ਪੰਜਾਬੀ ਭਾਈਚਾਰੇ ਦੀ ਤਮਾਕੂ ਵਿਰੋਧੀ ਤੰਦਰੁਸਤ ਰਵਾਇਤਾਂ 'ਤੇ ਹਮਲਾ ਨਹੀਂ? ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਫਿਲਮ ਸਿੱਖ ਕਿਰਦਾਰਾਂ ਅਤੇ ਸਭਿਆਚਾਰਕ ਰਵਾਇਤਾਂ ਪ੍ਰਤੀ ਤ੍ਰਿਸਕਾਰ ਨਾਲ ਭਰੀ ਪਈ ਹੈ। ਇਸ ਨੂੰ ਪਹਿਚਾਨਣ ਲਈ ਫਿਲਮ ਨੂੰ ਥੋੜ੍ਹੀ ਨੀਝ ਲਾ ਕੇ ਵੇਖਣ ਦੀ ਲੋੜ ਹੈ।

# ਸ਼ਰਤਾਂ ਉਤੇ ਜੰਗਬੰਦੀ !

ਹਮਾਸ ਨਾਲ ਗਾਜ਼ਾ ਜੰਗਬੰਦੀ ਦੀਆਂ ਸ਼ਰਤਾਂ ਬਾਰੇ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਹੈ ਕਿ ਗਾਜ਼ਾ ਜੰਗਬੰਦੀ ਦਾ ਪ੍ਰਸਤਾਵ 'ਇਜ਼ਰਾਇਲ ਦੀਆਂ ਬੁਨਿਆਦੀ ਜ਼ਰੂਰਤਾਂ ਤੋਂ ਪਰ੍ਹੇ' ਹੈ, ਪਰ ਗੱਲਬਾਤ ਜਾਰੀ ਰਹੇਗੀ। ਇਸ ਤੋਂ ਪਹਿਲਾਂ ਹਮਾਸ ਨੇ ਕਿਹਾ ਸੀ ਕਿ ਉਸ ਨੇ ਕਤਰ ਅਤੇ ਮਿਸਰ ਦੇ ਸਾਲਸਾਂ ਵੱਲੋਂ ਪ੍ਰਸਤਾਵਿਤ ਜੰਗਬੰਦੀ ਦੀਆਂ ਸ਼ਰਤਾਂ ਨੂੰ ਸਵੀਕਾਰ ਕਰ ਲਿਆ ਹੈ। ਹਾਲਾਂਕਿ ਜੰਗਬੰਦੀ ਦੀਆਂ ਸ਼ਰਤਾਂ ਕੀ ਹਨ, ਇਸ ਬਾਰੇ ਕੋਈ ਜਾਣਕਾਰੀ ਸਾਹਮਣੇ ਨਹੀਂ ਆਈ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਸਮਝੌਤੇ ਵਿੱਚ ਇਜ਼ਰਾਇਲੀ ਬੰਧਕਾਂ ਨੂੰ ਛੱਡਣ ਬਦਲੇ ਇਜ਼ਰਾਇਲ ਦੀਆਂ ਜੇਲ੍ਹਾਂ ਵਿੱਚ ਬੰਦ ਫ਼ਲਿਸਤੀਨੀ ਕੈਦੀਆਂ ਨੂੰ ਛੱਡਣ ਦਾ ਪ੍ਰਸਤਾਵ ਹੋਣ ਦੀ ਸੰਭਾਵਨਾ ਹੈ। ਫਲਸਤੀਨੀ ਸਮੂਹ ਦੇ ਇੱਕ ਅਧਿਕਾਰੀ ਅਨੁਸਾਰ, 'ਗੇਂਦ ਹੁਣ ਇਜ਼ਰਾਇਲ ਦੇ ਪਾਲ਼ੇ ਵਿੱਚ ਹੈ।'

ਸੰਯੁਕਤ ਰਾਸ਼ਟਰ ਦੇ ਮੁਖੀ ਏਂਟੋਨੀਓ ਗੁਟੇਰੇਸ ਨੇ ਇਜ਼ਰਾਇਲ ਦੀ ਸਰਕਾਰ ਨੂੰ ਹਮਾਸ ਦੇ ਇੱਕ ਸਮਝੌਤੇ ਉਤੇ ਸਹਿਮਤ ਹੋਣ ਲਈ 'ਹੋਰ ਕੋਸ਼ਿਸ਼ ਕਰਨ' ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਰਫ਼ਾਹ ਵਿੱਚ ਵੱਡੇ ਪੱਧਰ 'ਤੇ ਹੋਣ ਵਾਲੇ ਆਪਰੇਸ਼ਨ ਦੇ ਸੰਕੇਤ ਪ੍ਰੇਸ਼ਾਨ ਕਰਨ ਵਾਲੇ ਹਨ।

ਇਜ਼ਰਾਇਲੀ ਮੀਡੀਆ ਦੀਆਂ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਦੱਖਣੀ ਗਾਜ਼ਾ ਵਿੱਚ ਰਫਾਹ ਬਾਰਡਰ ਕ੍ਰਾਸਿੰਗ ਦੇ ਨੇੜੇ ਇਜ਼ਰਾਇਲੀ ਬਲਾਂ ਅਤੇ ਟੈਂਕਾਂ ਨੂੰ ਦੇਖਿਆ ਗਿਆ। ਇਸ ਤੋਂ ਪਹਿਲਾਂ ਇਜ਼ਰਾਇਲ ਦੀ ਫੌਜ ਨੇ ਫਲਿਸਤੀਨੀਆਂ ਨੂੰ ਸ਼ਹਿਰ ਦੇ ਪੂਰਬੀ ਹਿੱਸਿਆਂ ਨੂੰ ਖਾਲੀ ਕਰਨ ਦੀ ਚੇਤਾਵਨੀ ਦਿੱਤੀ ਸੀ, ਜਿਸ ਤੋਂ ਬਾਅਦ ਮਿਸਰ ਦੀ ਸਰਹੱਦ ਉਤੇ ਰਫਾਹ 'ਤੇ ਹਵਾਈ ਹਮਲੇ ਕੀਤੇ ਗਏ। ਮੰਨਿਆ ਜਾਂਦਾ ਹੈ ਕਿ ਹਜ਼ਾਰਾਂ ਵਸਨੀਕ ਇਸ ਕਾਰਵਾਈ ਨਾਲ ਪ੍ਰਭਾਵਿਤ ਹੋਏ ਹਨ ਅਤੇ ਕਈਆਂ ਨੂੰ ਸੋਮਵਾਰ ਨੂੰ ਵਾਹਨਾਂ ਵਿੱਚ ਜਾਂ ਗਧਾ-ਰੇੜੀਆਂ 'ਚ ਇੱਧਰ-ਓਧਰ ਜਾਂਦੇ ਦੇਖਿਆ ਗਿਆ ਸੀ।

ਇਜ਼ਰਾਇਲ ਨੇ ਪਹਿਲਾਂ ਹੀ 14 ਲੱਖ ਲੋਕਾਂ ਦੇ ਰਿਹਾਇਸ਼ੀ ਸ਼ਹਿਰ ਵਿੱਚ ਹਮਾਸ ਦੇ ਹੋਲਡ-ਆਉਟ ਦੇ ਵਿਰੁੱਧ ਕਾਰਵਾਈ ਦੀ ਧਮਕੀ ਦਿੱਤੀ ਹੈ। ਇਨ੍ਹਾਂ ਵਿੱਚੋਂ ਵੱਡੀ ਗਿਣਤੀ ਲੋਕਾਂ ਨੇ ਪਹਿਲਾਂ ਹੀ ਇਜ਼ਰਾਇਲੀ ਹਮਲੇ ਤੋਂ ਬਚਣ ਲਈ ਗਾਜ਼ਾ ਦੇ ਦੂਜੇ ਹਿੱਸਿਆਂ ਵਿੱਚ ਸ਼ਰਨ ਲਈ ਹੋਈ ਹੈ। ਸੋਮਵਾਰ ਦੇਰ ਰਾਤ ਨੇਤਨਯਾਹੂ ਦੇ ਦਫ਼ਤਰ ਨੇ ਇੱਕ ਬਿਆਨ ਜਾਰੀ ਕੀਤਾ ਸੀ, ਜਿਸ ਵਿੱਚ ਕਿਹਾ ਗਿਆ, 'ਭਾਵੇਂ ਹਮਾਸ ਦਾ ਪ੍ਰਸਤਾਵ ਇਜ਼ਰਾਇਲ ਦੀਆਂ ਬੁਨਿਆਦੀ ਜ਼ਰੂਰਤਾਂ ਤੋਂ ਦੂਰ ਹੈ, ਫ਼ਿਰ ਵੀ ਇਜ਼ਰਾਇਲ ਸਵੀਕਾਰਯੋਗ ਸ਼ਰਤਾਂ ਤੱਕ ਪਹੁੰਚਣ ਦੀ ਸੰਭਾਵਨਾ ਨੂੰ ਧਿਆਨ ਵਿੱਚ ਰਖ਼ਦਿਆਂ ਵਿਚੋਲਿਆਂ ਦਾ ਇੱਕ ਵਫ਼ਦ ਭੇਜੇਗਾ।'

ਇਸ ਬਿਆਨ ਵਿੱਚ ਅੱਗੇ ਕਿਹਾ ਗਿਆ, 'ਇਜ਼ਰਾਇਲ ਦੀ ਜੰਗ ਕੈਬਨਿਟ ਨੇ ਸਾਡੇ ਜੰਗ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਹਮਾਸ 'ਤੇ ਫੌਜੀ ਦਬਾਅ ਪਾਉਣ ਲਈ ਰਫ਼ਾਹ ਆਪ੍ਰੇਸ਼ਨ ਜਾਰੀ ਰੱਖਣ ਦਾ ਫੈਸਲਾ ਕੀਤਾ ਸੀ। ਬੰਧਕਾਂ ਦੀ ਰਿਹਾਈ, ਹਮਾਸ ਦੀ ਫੌਜ ਤੇ ਸ਼ਾਸਨ ਸਮਰੱਥਾਵਾਂ ਨੂੰ ਨਸ਼ਟ ਕਰਨਾ ਅਤੇ ਇਹ ਯਕੀਨੀ ਬਣਾਉਣਾ ਕਿ ਗਾਜ਼ਾ ਭਵਿੱਖ ਵਿੱਚ ਇਜ਼ਰਾਇਲ ਲਈ ਖ਼ਤਰਾ ਨਹੀਂ ਬਣੇਗਾ।'

ਇਸ ਤੋਂ ਪਹਿਲਾਂ ਦਿਨ ਵਿੱਚ ਹਮਾਸ ਨੇ ਵੀ ਇੱਕ ਬਿਆਨ ਵਿੱਚ ਕਿਹਾ ਗਿਆ ਸੀ ਕਿ ਉਸਦੇ ਸਿਆਸੀ ਆਗੂ ਇਸਮਾਈਲ ਹਨੀਹ ਨੇ ਕਤਰ ਦੇ ਪ੍ਰਧਾਨ ਮੰਤਰੀ ਅਤੇ ਮਿਸਰ ਦੇ ਖ਼ੁਫ਼ੀਆ ਮੁਖੀ ਨੂੰ 'ਇੱਕ ਜੰਗਬੰਦੀ ਸਮਝੌਤੇ ਦੇ ਪ੍ਰਸਤਾਵ ਨੂੰ ਪ੍ਰਵਾਨ' ਕਰਨ ਬਾਰੇ ਸੂਚਿਤ ਕੀਤਾ ਹੈ।

ਪ੍ਰਸਤਾਵ ਤੋਂ ਜਾਣੂ ਇਕ ਸੀਨੀਅਰ ਫਲਿਸਤੀਨੀ ਅਧਿਕਾਰੀ ਮੁਤਾਬਕ ਜੇ ਸ਼ਰਤਾਂ ਪੂਰੀਆਂ ਹੁੰਦੀਆਂ ਹਨ ਤਾਂ ਹਮਾਸ 'ਦੁਸ਼ਮਣ ਗਤੀਵਿਧੀਆਂ ਨੂੰ ਹਮੇਸ਼ਾ ਲਈ' ਖ਼ਤਮ ਕਰਨ ਲਈ ਸਹਿਮਤ ਹੋ ਗਿਆ ਹੈ। ਹਮਾਸ ਸ਼ਾਇਦ ਆਪਣੇ ਹਥਿਆਰਬੰਦ ਸੰਘਰਸ਼ ਦੇ ਅੰਤ ਬਾਰੇ ਵਿਚਾਰ ਕਰ ਰਿਹਾ ਹੈ, ਹਾਲਾਂਕਿ ਹੋਰ ਵੇਰਵੇ ਹਾਲੇ ਸਾਹਮਣੇ ਨਹੀਂ ਆਏ ਹਨ।

ਇਹ ਸਮਝੌਤਾ ਦੋ-ਪੜਾਅ ਦੇ ਜੰਗਬੰਦੀ ਕਰਨ ਦੇ ਬਾਰੇ ਹੈ, ਹਰ ਪੜਾਅ 42 ਦਿਨਾਂ ਤੱਕ ਚੱਲੇਗਾ। ਪਹਿਲੇ ਪੜਾਅ 'ਚ ਬੰਧਕ ਬਣਾਈਆਂ ਗਈਆਂ ਮਹਿਲਾ ਇਜ਼ਰਾਇਲੀ ਸੈਨਿਕਾਂ ਦੀ ਰਿਹਾਈ ਸ਼ਾਮਲ ਹੋਵੇਗੀ, ਪਰ ਇਸ ਬਦਲੇ ਇਜ਼ਰਾਇਲੀ ਜੇਲ੍ਹਾਂ ਵਿੱਚ 50 ਫਲਸਤੀਨੀ ਕੈਦੀਆਂ ਨੂੰ ਰਿਹਾਅ ਕਰਨਾ ਹੋਵੇਗਾ, ਜਿਨ੍ਹਾਂ ਵਿੱਚੋਂ ਕੁਝ ਉਮਰ ਕੈਦ ਦੀ ਸਜ਼ਾ ਕੱਟ ਰਹੇ ਹਨ। ਇਸ ਸਮੇਂ ਦੌਰਾਨ ਇਜ਼ਰਾਇਲੀ ਫੌਜਾਂ ਗਾਜ਼ਾ ਦੇ ਅੰਦਰ ਹੀ ਰਹਿਣਗੀਆਂ, ਪਰ ਜੰਗਬੰਦੀ ਲਾਗੂ ਹੋਣ ਦੇ 11 ਦਿਨਾਂ ਦੇ ਅੰਦਰ ਇਜ਼ਰਾਇਲ ਖੇਤਰ ਦੇ ਕੇਂਦਰ ਵਿੱਚ ਆਪਣੀਆਂ ਫੌਜੀ ਸਹੂਲਤਾਂ ਨੂੰ ਖ਼ਤਮ ਕਰਨਾ ਸ਼ੁਰੂ ਕਰ ਦੇਵੇਗਾ ਅਤੇ ਸਲਾਹ ਅਲ-ਦੀਨ ਰੋਡ, ਜੋ ਮੁੱਖ ਉੱਤਰ-ਦੱਖਣ ਮਾਰਗ ਹੈ ਅਤੇ ਤੱਟਵਰਤੀ ਸੜਕ ਤੋਂ ਪਿੱਛੇ ਹਟ ਜਾਵੇਗਾ। ਉਪਰੰਤ ਉੱਥੇ ਟਿਕ ਚੁੱਕੇ ਫਲਸਤੀਨੀਆਂ ਨੂੰ ਉਤਰ ਵੱਲ ਪਰਤਣ ਦੀ ਇਜਾਜ਼ਤ ਦਿੱਤੀ ਜਾਵੇਗੀ। ਦੂਜਾ ਪੜਾਅ 'ਸਥਾਈ ਲੰਬੇ ਸਮੇਂ ਦੀ ਸ਼ਾਂਤੀ' ਅਤੇ ਗਾਜ਼ਾ ਦੀ ਨਾਕਾਬੰਦੀ ਨੂੰ ਪੂਰੀ ਤਰ੍ਹਾਂ ਹਟਾਉਣ ਦੇ ਨਾਲ ਮੁਕੰਮਲ ਹੋਵੇਗਾ।

ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਅਮਰੀਕਾ ਕਤਰ ਅਤੇ ਮਿਸਰ ਦਰਮਿਆਨ ਸਮਝੌਤੇ ਦੀ ਵਿਚੋਲਗੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਤੇ ਹਮਾਸ ਦੇ ਜਵਾਬ ਦੀ ਸਮੀਖਿਆ ਕਰ ਰਿਹਾ ਹੈ। ਇਸ ਦੇ ਨਾਲ ਹੀ 'ਆਪਣੇ ਭਾਈਵਾਲਾਂ ਨਾਲ ਇਸ 'ਤੇ ਚਰਚਾ ਕਰ ਰਿਹਾ ਹੈ।

ਜ਼ਿਕਰਯੋਗ ਹੈ ਕਿ ਜੰਗ 7 ਅਕਤੂਬਰ ਨੂੰ ਹਮਾਸ ਦੇ ਬੰਦੂਕਧਾਰੀਆਂ ਦੇ ਦੱਖਣੀ ਇਜ਼ਰਾਇਲ 'ਤੇ ਹਮਲੇ ਨਾਲ ਸ਼ੁਰੂ ਹੋਈ ਸੀ। ਇਸ ਹਮਲੇ ਵਿੱਚ ਤਕਰੀਬਨ 1,200 ਲੋਕਾਂ ਦੀ ਮੌਤ ਹੋ ਗਈ ਸੀ ਅਤੇ 250 ਤੋਂ ਵੱਧ ਲੋਕਾਂ ਨੂੰ ਹਮਾਸ ਨੇ ਬੰਧਕ ਬਣਾ ਲਿਆ ਸੀ। ਹਮਾਸ ਵੱਲੋਂ ਚਲਾਏ ਜਾ ਰਹੇ ਸਿਹਤ ਮੰਤਰਾਲੇ ਦੇ ਮੁਤਾਬਕ ਇਜ਼ਰਾਇਲੀ ਫੌਜੀ ਮੁਹਿੰਮ ਦੌਰਾਨ ਗਾਜ਼ਾ ਵਿੱਚ 34,700 ਤੋਂ ਵੱਧ ਲੋਕ ਮਾਰੇ ਗਏ ਹਨ। ਨਵੰਬਰ ਵਿੱਚ ਇੱਕ ਸਮਝੌਤੇ 'ਤੇ ਸਹਿਮਤੀ ਹੋਈ ਸੀ, ਜਿਸ ਵਿੱਚ ਇੱਕ ਹਫ਼ਤੇ ਦੀ ਜੰਗਬੰਦੀ ਦੇ ਬਦਲੇ ਵਿੱਚ ਹਮਾਸ ਨੇ 105 ਬੰਧਕਾਂ ਅਤੇ ਇਜ਼ਰਾਇਲ ਨੇ ਉਥੋਂ ਦੀਆਂ ਜੇਲ੍ਹਾਂ ਵਿੱਚ ਬੰਦ 240 ਫਲਸਤੀਨੀ ਕੈਦੀਆਂ ਨੂੰ ਰਿਹਾਅ ਕੀਤਾ ਸੀ। ਇਜ਼ਰਾਇਲ ਦਾ ਕਹਿਣਾ ਹੈ ਕਿ ਗਾਜ਼ਾ ਵਿੱਚ 128 ਬੰਧਕ ਅਜੇ ਵੀ ਅਜਿਹੇ ਹਨ, ਜਿਨ੍ਹਾਂ ਬਾਰੇ ਕਿਸੇ ਨੂੰ ਜਾਣਕਾਰੀ ਨਹੀਂ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਇਨ੍ਹਾਂ ਵਿੱਚੋਂ ਘੱਟੋ-ਘੱਟ 34 ਦੀ ਮੌਤ ਹੋ ਚੁੱਕੀ ਹੈ।

## ਨਹੀਂ ਖ਼ਲਕ ਦੀ ਬੰਦ ਜ਼ੁਬਾਨ ਹੁੰਦੀ

*-ਸੰਤ ਸੰਧੂ*

| | |
|---|---|
| ਨਰਿੰਦਰ ਮੋਦੀ: | ਮੱਛਲੀ ਦਾ ਪੱਤ ਬਣ ਕੇ, ਚੂਸ ਲਈ ਬੁੱਲ੍ਹਾਂ ਦੀ ਲਾਲੀ |
| ਆਲਮੀ ਤਪਸ਼: | ਪਾਣੀ-ਪਾਣੀ ਕਰਦੀ ਸ਼ੀਸ਼ੋ, ਜੀਭ ਲਬਾਂ 'ਤੇ ਫੇਰੇ |
| ਅਰਵਿੰਦ ਕੇਜਰੀਵਾਲ: | ਵੈਰੀਆਂ ਦਾ ਖੂਹ ਵਗਦਾ, ਮੈਨੂੰ ਤੇਰੀ ਵੇ ਜਾਨ ਦਾ ਧੋਖਾ |
| ਭਗਵੰਤ ਮਾਨ: | ਮੁੰਡਾ ਨਿੱਤ ਪੁਛਦਾ ਮੇਰਾ ਹਾਲ, ਹੁਣ ਮੈਂ ਕੀ ਕਰਾਂ |
| ਅਮਰਿੰਦਰ ਸਿੰਘ: | ਦੋ ਘੁੱਟ ਪੀ ਕੇ ਦਾਰੂ, ਪੈਰ 'ਤੇ ਮੁੱਕਰ ਗਿਆ |
| ਕੰਗਣਾ ਰਣੌਤ: | ਕੁੜਤੀ ਲਿਆ ਦੇਹ ਟੂਲ ਦੀ, ਮੈਂ ਰੇਸ਼ਮੀ ਸੁੱਥਣ ਨਾਲ ਪਾਵਾਂ |
| ਭਾਜਪਾ: | ਯਾਰੀ ਲਾਈ ਸੀ ਗੁਆਂਢਣ ਕਰਕੇ, ਘਰ-ਬਾਰ ਲੈ ਗਈ ਲੁੱਟ ਕੇ |
| ਵਾਹਗਾ ਬਾਰਡਰ: | ਕਦੇ ਬੋਲ ਵੇ ਚੰਦਰਿਆ ਕਾਵਾਂ, ਕੋਇਲਾਂ ਬੋਲਦੀਆਂ |
| ਚੀਨੀ ਘੁਸਪੈਠ: | ਕੁੜੀ ਨੂੰ ਲੈ ਗਿਆ ਕੁੱਤਾ, ਘਸੁੰਨ ਜਿਹਾ ਕੋਲ ਖੜ੍ਹਾ |
| ਅਕਾਲੀ ਦਲ: | ਉੱਡਦੀ ਧੂੜ ਦਿਸੇ, ਕੋਈ ਰਸਤਾ ਨਜ਼ਰ ਨਾ ਆਵੇ |
| ਪਰਵਾਸ: | ਨੇਕੀ ਕੱਟ ਕੁੜੀਏ, ਦੇਸ ਬਿਗਾਨੇ ਜਾਣਾ |
| ਨਵਜੋਤ ਸਿੰਘ ਸਿੱਧੂ: | ਤਿੰਨ ਵਾਰ ਉਹ ਫੇਲ੍ਹ ਹੋ ਗਿਆ, ਡਿਗਰੀ ਹੱਥ ਨਾ ਆਈ |
| ਦਲ-ਬਦਲੀ: | ਬਈ ਆਸ਼ਕ ਮੁੱਲ ਵਿਕਦੇ, ਵੱਜੇ ਢੋਲਕੀ ਛਣਕਦੇ ਛੈਣੇ |
| ਕਰਤਾਰਪੁਰ ਲਾਂਘਾ: | ਚਿੱਠੀ ਸਾਹਿਬਾਂ ਦੀ ਕਾਲਜੇ ਲਾਵੇ, ਮਿਰਜ਼ਾ ਖਰਲਾਂ ਦਾ |
| ਯੂਕਰੇਨ ਜੰਗ: | ਚਿੱਠੀ ਵੀਰ ਦੀ ਵਲੈਤੋਂ ਆਈ, ਤਿੱਪ-ਤਿੱਪ ਰੋਣ ਅੱਖੀਆਂ |
| ਚੋਣਾਂ: ' | ਵਾਜਾਂ ਮਾਰਦੇ ਬੱਕਰੀਆਂ ਵਾਲੇ, ਦੁੱਧ ਪੀਜਾ ਰਾਮ-ਰੱਖੀਏ |
| ਅੰਬਾਨੀ: | ਟੁੱਟ ਪੈਣੇ ਨੇ ਜਲੇਬੀ ਮਾਰੀ, ਅੱਖ ਵਿੱਚ ਤੇਲ ਪੈ ਗਿਆ |
| ਚਰਨਜੀਤ ਚੰਨੀ: | ਮੇਰੀ ਬੱਕਰੀ ਚਰਾ ਲਿਆ ਦਿਓਰਾ, ਮੈਂ ਨਾ ਤੇਰਾ ਹੱਕ ਰੱਖਦੀ |
| ਹੰਸ ਰਾਜ ਹੰਸ: | ਮੱਚ ਗਈ ਤੰਦੂਰ 'ਤੇ ਖੜ੍ਹੀ, ਜਦੋਂ ਵੇਖਿਆ ਰੰਡੀ ਦੇ ਘਰ ਵੜਦਾ |
| ਮਰੀਅਮ ਸ਼ਰੀਫ: | ਦਾਤੀ ਨੂੰ ਲਵਾ ਦੇ ਘੁੰਗਰੂ, ਵਾਢੀ ਕਰੂੰਗੀ ਬਰਾਬਰ ਤੇਰੇ |
| ਮੀਸਾ ਭਾਰਤੀ: | ਸ਼ੀਹਣੀ ਆਈ ਬਿਹਾਰ ਦੀ, ਤਾਨਾਸ਼ਾਹ ਲਲਕਾਰਦੀ |

# ਵਿਸ਼ਵ ਪ੍ਰਸਿੱਧ ਮਨੋਰੰਜਨ ਪਾਰਕ: ਡਿਜ਼ਨੀ ਲੈਂਡ

**ਜੇ ਕਿਸੇ ਨੇ ਸਟਾਰ ਵਾਰਜ਼ ਨੂੰ ਅੱਖਾਂ ਸਾਹਮਣੇ ਹੁੰਦੇ ਦੇਖਣਾ ਹੈ, ਸਪੇਸ ਵਾਲੇ ਫਰਜ਼ੀ ਜੀਵਾਂ ਨੂੰ ਆਪਣੇ ਵੱਲ ਆਉਂਦੇ ਦੇਖਣਾ ਹੈ, ਫਰਜ਼ੀ ਹਥਿਆਰਾਂ 'ਚੋਂ ਨਿਕਲਦੀਆਂ ਚੰਗਿਆੜੀਆਂ ਦੇਖਣੀਆਂ ਹਨ, ਕੁਰਸੀਆਂ 'ਤੇ ਬੈਠੇ ਹੀ ਖਤਰਨਾਕ ਨਜ਼ਾਰਿਆਂ ਦਾ ਸਾਹਮਣਾ ਕਰਨਾ ਹੈ, ਦੁਨੀਆਂ ਦੇ ਸੱਤ ਅਜੂਬਿਆਂ ਦੇ ਉਪਰ ਦੀ ਲੰਘਣਾ ਹੈ, ਐਵਰੈਸਟ ਦੀ ਚੋਟੀ ਅਤੇ ਪੈਰਿਸ ਦੇ ਆਈਫਲ ਟਾਵਰ ਨੂੰ ਆਪਣੇ ਪੈਰਾਂ ਨਾਲ ਛੂਹਣਾ ਹੈ, ਸੰਘਣੇ ਜੰਗਲਾਂ, ਵਿਸ਼ਾਲ ਮਾਰੂਥਲ ਦੇ ਦੀਦਾਰ ਕਰਨੇ ਹਨ, ਪਣਡੁੱਬੀ ਵਰਗੇ ਮਾਡਲ ਵਿੱਚ ਬੈਠ ਕੇ ਸਮੁੰਦਰ ਦੀ ਅੰਦਰਲੀ ਦੁਨੀਆਂ ਦੇਖਣੀ ਹੈ, ਪੁਰਾਣੀ ਸਮੁੰਦਰੀ ਕਿਸ਼ਤੀ ਦੀ ਸੈਰ ਕਰਨੀ ਹੈ, ਹਨੇਰੀਆਂ ਗੁਫਾਵਾਂ ਵਿੱਚੋਂ ਲੰਘਣਾ ਹੈ, ਜੇ ਡਰ ਨਾਂ ਵਾਲੀ ਚੀਜ਼ ਤੋਂ ਤੁਸੀਂ ਵਾਕਿਫ ਨਹੀਂ ਅਤੇ ਸਰੀਰ ਦੀਆਂ ਸਾਰੀਆਂ ਹੱਡੀਆਂ-ਪਸਲੀਆਂ ਦੇ ਕੜਕ ਜਾਣ ਤੋਂ ਤੁਸੀਂ ਨਵੇਂ ਜੋਸ਼ ਵਿੱਚ ਆਉਂਦੇ ਹੋ ਤਾਂ ਮੌਕਾ ਮਿਲਦੇ ਹੀ ਦੁਨੀਆਂ ਭਰ ਵਿੱਚ ਬਣੇ ਛੇ ਡਿਜ਼ਨੀ ਲੈਂਡਜ਼ ਵਿੱਚੋਂ ਕਿਸੇ ਇੱਕ ਦਾ ਚੱਕਰ ਜਰੂਰ ਲਾਓ। ਮੈਂ ਤਾਂ ਉਮਰ ਦੇ ਸਤਵੇਂ ਦਹਾਕੇ ਵਿੱਚ ਇਸ ਸਭ ਦਾ ਨਜ਼ਾਰਾ ਲੈਣ ਦਾ ਸੁਭਾਗ ਪ੍ਰਾਪਤ ਕਰ ਲਿਆ ਹੈ। ਡਿਜ਼ਨੀ ਲੈਂਡ ਦੀ ਚਾਰ ਦਿਨ ਦੀ ਫੇਰੀ ਤੋਂ ਬਾਅਦ ਮੈਂ ਮਹਿਸੂਸ ਕੀਤਾ ਕਿ ਮਨੁੱਖੀ ਦਿਮਾਗ ਅਤੇ ਵਿਗਿਆਨ ਦੇ ਸੁਚੱਜੇ ਸੁਮੇਲ ਨੇ ਵਾਲਟ ਡਿਜ਼ਨੀ ਦੇ ਸੁਫਨੇ ਨੂੰ ਇੱਕ ਅਜਿਹੇ ਰੂਪ ਵਿੱਚ ਸਾਕਾਰ ਕੀਤਾ ਹੈ, ਜੋ ਆਪਣੇ ਆਪ ਵਿੱਚ ਅਜੂਬਾ ਬਣ ਗਿਆ ਹੈ।**

## ਸੈਰ-ਸਪਾਟਾ

**ਰਵਿੰਦਰ ਸਿੰਘ ਸੋਢੀ, ਕੈਨੇਡਾ**
**ਫੋਨ: 1-604-369-2371**



ਦੁਨੀਆਂ ਦਾ ਇੱਕ ਅਜਿਹਾ ਮਨੋਰੰਜਨ ਪਾਰਕ, ਜਿਸ ਨੂੰ ਸਹੀ ਢੰਗ ਨਾਲ ਦੇਖਣ ਦੀ ਜਾਣਕਾਰੀ ਲੈਣ ਲਈ ਲੋਕ 40 ਅਮਰੀਕਨ ਡਾਲਰ ਫ਼ੀਸ ਭਰ ਕੇ ਆਨ ਲਾਈਨ ਕਲਾਸਾਂ ਲਾਉਣ ਨੂੰ ਤਿਆਰ ਰਹਿੰਦੇ ਹਨ। ਜਿਸ ਨੂੰ ਦੇਖਣ ਵਾਲਿਆਂ ਦੀ ਗਿਣਤੀ 66 ਸਾਲਾਂ ਵਿੱਚ 757 ਮਿਲੀਅਨ ਤੋਂ ਪਾਰ ਹੋ ਗਈ ਸੀ, ਪਰ ਜਿਸ ਦਿਨ ਇਹ ਪਾਰਕ ਪਹਿਲੀ ਵਾਰ ਕੁਝ ਖਾਸ ਮਹਿਮਾਨਾਂ ਲਈ ਖੋਲ੍ਹਿਆ ਗਿਆ ਸੀ ਤਾਂ ਉਸ ਦਿਨ ਸਭ ਕੁਝ ਠੀਕ ਨਹੀਂ ਸੀ ਰਿਹਾ। ਕੁਝ ਰਾਈਡ ਚਲੇ ਹੀ ਨਹੀਂ ਸੀ, ਕੁਝ ਚਲਣ ਤੋਂ ਬਾਅਦ ਰੁਕ ਗਏ ਸੀ। ਤਕਰੀਬਨ ਸੱਤ ਹਫ਼ਤੇ ਇਸ ਤਰ੍ਹਾਂ ਹੀ ਚਲਦਾ ਰਿਹਾ। ਜਦੋਂ ਇੱਕ ਵਾਰ ਗੱਡੀ ਲੀਹ 'ਤੇ ਪੈ ਗਈ ਤਾਂ ਉਸ ਤੋਂ ਬਾਅਦ ਇਸ ਪਾਰਕ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ ਅਤੇ ਪਿਛਲੇ 69 ਸਾਲ ਤੋਂ ਦੁਨੀਆਂ ਭਰ ਦੇ ਮਨੋਰੰਜਨ ਪਾਰਕਾਂ ਵਿੱਚੋਂ ਕਿਸੇ ਨੇ ਇਸ ਦਾ ਮੁਕਾਬਲਾ ਤਾਂ ਕੀ ਕਰਨਾ ਹੈ, ਇਸ ਦੇ ਨੇੜੇ ਵੀ ਨਹੀਂ ਢੁੱਕ ਸਕਿਆ।

ਛੋਟੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਦੇ ਇਸ ਵਿਸ਼ਵ ਪ੍ਰਸਿੱਧ ਮਨੋਰੰਜਨ ਪਾਰਕ ਨੂੰ ਸ਼ੁਰੂ ਕਰਨ ਪਿੱਛੇ



ਵੀ ਇਸ ਦੇ ਮਾਲਕ ਵਾਲਟ ਡਿਜ਼ਨੀ ਦੇ ਦਿਮਾਗ ਵਿੱਚ ਅਚਨਚੇਤ ਫੁਰਿਆ ਇੱਕ ਫੁਰਨਾ ਹੀ ਸੀ। ਇੱਕ ਦਿਨ ਉਹ ਆਪਣੀਆਂ ਦੋਵੇਂ ਬੇਟੀਆਂ ਨਾਲ ਇੱਕ ਪਾਰਕ ਵਿੱਚ ਗਿਆ। ਉਸ ਦੀਆਂ ਬੇਟੀਆਂ 'ਮੈਰੀ ਗੋ ਰਾਊਂਡ' ਦਾ ਆਨੰਦ ਮਾਣ ਰਹੀਆਂ ਸਨ। ਬੇਟੀਆਂ ਦੀ ਖੁਸ਼ੀ ਨੂੰ ਦੇਖਦੇ ਹੋਏ ਵਾਲਟ ਦੇ ਦਿਮਾਗ ਵਿੱਚ ਬਿਜਲੀ ਦੇ ਲਿਸ਼ਕਾਰੇ ਦੀ ਤਰ੍ਹਾਂ ਇੱਕ ਖਿਆਲ ਆਇਆ ਕਿ ਕੋਈ ਸਾਫ-ਸੁਥਰਾ ਮਨੋਰੰਜਨ ਪਾਰਕ ਹੋਣਾ ਚਾਹੀਦਾ ਹੈ। ਉਸ ਨੇ ਇਸ ਸੰਬੰਧੀ ਬਹੁਤ ਸੋਚਿਆ, ਪਰ ਜਲਦੀ ਹੀ ਇਹ ਵਿਚਾਰ ਠੰਡੇ ਬਸਤੇ ਵਿੱਚ ਪੈ ਗਿਆ। ਅਖੀਰ ਉਸ ਨੇ 1948 ਵਿੱਚ ਇਸ ਪ੍ਰੋਜੈਕਟ ਨੂੰ ਅਮਲੀ ਰੂਪ ਦੇਣ ਲਈ ਮਾਹਿਰਾਂ ਦੀ ਇੱਕ ਟੀਮ ਬਣਾਈ। ਉਨ੍ਹਾਂ ਨੂੰ ਅਮਰੀਕਾ ਅਤੇ ਦੁਨੀਆਂ ਦੇ ਹੋਰ ਹਿੱਸਿਆਂ ਵਿੱਚ ਚੱਲ ਰਹੇ ਮਨੋਰੰਜਨ ਪਾਰਕਾਂ ਨੂੰ ਘੋਖਣ ਲਈ ਭੇਜਿਆ ਅਤੇ ਇੱਕ ਨਿਵੇਕਲੇ ਪਾਰਕ ਦੀ ਯੋਜਨਾ ਉਲੀਕੀ। ਇਸ ਮੰਤਵ ਲਈ ਉਸ ਨੇ ਅਮਰੀਕਾ ਦੇ ਸ਼ਹਿਰ ਲਾਸ ਏਂਜਲਸ ਤੋਂ ਤਕਰੀਬਨ 35 ਮੀਲ ਦੂਰ ਇੱਕ ਸਥਾਨ ਐਨਾਹਾਈਮ ਦੀ ਚੋਣ ਕੀਤੀ ਅਤੇ 500 ਏਕੜ ਜ਼ਮੀਨ ਖਰੀਦ ਲਈ। 1954 ਨੂੰ ਇਸ ਪਾਰਕ ਦਾ ਕੰਮ ਸ਼ੁਰੂ ਹੋਇਆ। ਇੱਕ ਸਾਲ ਵਿੱਚ ਹੀ ਇਸ ਦੇ ਨਿਰਮਾਣ ਦਾ ਕੰਮ ਪੂਰਾ ਕਰ ਲਿਆ ਅਤੇ 18 ਜੁਲਾਈ 1955 ਨੂੰ ਇਹ ਪਾਰਕ ਲੋਕਾਂ ਲਈ ਖੋਲ੍ਹ ਦਿੱਤਾ।

ਵਾਲਟ ਡਿਜ਼ਨੀ ਨੇ ਇਸ ਵੱਡੇ ਪਾਰਕ ਦੇ ਛੋਟੇ-ਛੋਟੇ ਹਿੱਸਿਆਂ ਨੂੰ ਵਿਸ਼ੇਸ਼ 'ਥੀਮ' (ਕੇਂਦਰੀ ਨੁਕਤੇ) 'ਤੇ ਕੇਂਦਰਿਤ ਕੀਤਾ। ਬੱਚਿਆਂ ਦੇ ਪੱਧਰ ਅਤੇ ਉਨ੍ਹਾਂ ਦੀ ਉਮਰ ਦੇ ਸ਼ੌਕ ਅਨੁਸਾਰ ਪ੍ਰਚਲਿਤ 'ਬੇਬੀ ਰਾਈਮਜ਼' ਅਨੁਸਾਰ ਪਾਰਕਾਂ ਨੂੰ ਉਲੀਕਿਆ ਗਿਆ ਤਾਂ ਜੋ ਬੱਚੇ ਉਨ੍ਹਾਂ ਨਾਲ ਜਲਦੀ ਇੱਕ-ਮਿੱਕ ਹੋ ਜਾਣ। ਬੱਚਿਆਂ ਲਈ ਛੋਟੀਆਂ-ਛੋਟੀਆਂ ਰੇਲਾਂ, ਕਿਸ਼ਤੀਆਂ ਆਦਿ ਵਾਲੇ ਥੀਮ ਪਾਰਕਾਂ ਦਾ ਨਿਰਮਾਣ ਕੀਤਾ, ਜਿਨ੍ਹਾਂ ਦੇ ਆਲੇ-ਦੁਆਲੇ ਨੂੰ ਉਨ੍ਹਾਂ ਦੀ ਪਸੰਦ ਮੁਤਾਬਿਕ ਹੀ ਸਜਾਇਆ। ਵਾਲਟ ਨੂੰ ਇਹ ਪਤਾ ਸੀ ਕਿ ਨੌਜਵਾਨ ਕੁਝ ਜੋਖਮ ਭਰੀਆਂ ਗਤੀਵਿਧੀਆਂ ਤੋਂ ਜ਼ਿਆਦਾ ਆਨੰਦ ਪ੍ਰਾਪਤ ਕਰਦੇ ਹਨ, ਇਸ ਲਈ ਉਨ੍ਹਾਂ ਲਈ ਕੁਝ ਰੁਮਾਂਚ ਪੈਦਾ ਕਰਨ ਵਾਲੇ ਥੀਮ ਪਾਰਕ ਉਲੀਕੇ ਗਏ। ਅੱਜ ਵੀ ਅਜਿਹੇ ਰਾਈਡਜ਼ ਦਾ ਲੁਤਫ਼ ਲੈਂਦੇ ਨੌਜਵਾਨਾਂ ਦੀਆਂ ਖੁਸ਼ੀ ਵਿੱਚ ਮਾਰੀਆਂ ਕਿਲਕਾਰੀਆਂ ਆਲੇ-ਦੁਆਲੇ ਦੇ ਮਾਹੌਲ ਨੂੰ ਖ਼ੁਸ਼ਗਵਾਰ ਕਰ ਦਿੰਦੀਆਂ ਹਨ।

ਡਿਜ਼ਨੀ ਲੈਂਡ ਦੇ ਪਹਿਲੇ ਹਿੱਸੇ 'ਤੇ 1954-55 ਵਿੱਚ 17 ਮਿਲੀਅਨ ਅਮਰੀਕੀ ਡਾਲਰ ਖਰਚ ਹੋਏ ਸਨ, ਜੋ ਉਸ ਸਮੇਂ ਬਹੁਤ ਵੱਡੀ ਰਕਮ ਸੀ। ਇਸ ਤੋਂ ਬਾਅਦ ਵੀ ਸਮੇਂ-ਸਮੇਂ 'ਤੇ ਜੋ ਨਵੇਂ 'ਥੀਮ ਪਾਰਕ' ਬਣਾਏ, ਉਨ੍ਹਾਂ ਦਾ ਖਰਚਾ ਵੱਖਰਾ ਹੈ। ਜਿਵੇਂ 'ਸਟਾਰ ਵਾਰ' ਉਤੇ ਹੀ ਇੱਕ ਬਿਲੀਅਨ ਤੋਂ ਵੀ ਵੱਧ ਡਾਲਰ ਦਾ ਖਰਚ ਹੋਇਆ ਸੀ। 2012 ਵਿੱਚ 'ਰੇਡੀਏਟਰ ਸਪਰਿੰਗ ਰੇਸਰਸ' ਵਾਲੇ ਪਾਰਕ 'ਤੇ 200 ਮਿਲੀਅਨ ਡਾਲਰ ਖਰਚ ਕੀਤੇ ਗਏ ਸਨ। ਇਹ ਡਿਜ਼ਨੀ ਲੈਂਡ ਦੀ ਸਭ ਤੋਂ ਮਹਿੰਗੀ ਰਾਈਡ ਹੈ।

ਡਿਜ਼ਨੀ ਲੈਂਡ ਸ਼ੁਰੂ ਹੋਣ ਸਮੇਂ ਸਿਰਫ 33 ਰਾਈਡਜ਼ ਸਨ। ਅੱਜ ਕੱਲ੍ਹ ਇਨ੍ਹਾਂ ਦੀ ਗਿਣਤੀ 52 ਹੋ ਗਈ ਹੈ। ਸਮੇਂ-ਸਮੇਂ 'ਤੇ ਕੁਝ ਪੁਰਾਣੇ ਰਾਈਡਜ਼ ਬੰਦ ਕਰ ਕੇ ਕੁਝ ਨਵੇਂ ਸ਼ੁਰੂ ਕੀਤੇ ਜਾਂਦੇ ਹਨ।

### ਡਿਜ਼ਨੀ ਲੈਂਡ ਦੇ ਕੁਝ ਰਾਈਡਜ਼

1955 ਵਿੱਚ ਜਦੋਂ ਇਹ ਪਾਰਕ ਸ਼ੁਰੂ ਹੋਇਆ ਤਾਂ ਉਸ ਸਮੇਂ ਦੇ ਕੁਝ ਪ੍ਰਸਿੱਧ ਰਾਈਡਜ਼ ਸਨ- ਪੀਟਰ ਪੈਨਲੈਂਡ ਰੇਲ ਰੋਡ, ਮੈਡ ਟੀ ਪਾਰਟੀ, ਮਾਰਕ ਟਵੈਨ ਰਿਵਰ ਬੋਟ, ਜੰਗਲ ਕਰੂਜ਼, ਸਟੋਰੀ ਬੁੱਕ ਲੈਂਡ ਕੈਨਲ ਬੋਟਸ, ਕੈਸੀ ਜੂਨੀਅਰ ਸਰਕਸ ਟਰੇਨ, ਡੰਬੋ ਦਿ ਫਲਾਇੰਗ ਐਲੀਫੈਂਟ, ਮੇਨ ਸਟਰੀਟ ਸਿਨੇਮਾ, ਦਿ ਗੋਲਡਨ ਹੋਰਸ ਸ਼ੂ, ਐਲਿਸ ਇਨ ਵੰਡਰ ਲੈਂਡ, ਸਬਮੈਰਿਨ ਵੋਗੇਜ ਆਦਿ।

ਅੱਜ ਕੱਲ੍ਹ ਦੀਆਂ ਕੁਝ ਹੋਰ ਰਾਈਡਜ਼ ਦੇ ਨਾਂ ਇਸ ਤਰ੍ਹਾਂ ਹਨ: ਅਟੋਪਲਾ, ਬਿਗ ਥੰਡਰ ਮਾਊਂਨਟੇਨ ਰੇਲ ਰੋਡ, ਫਾਇੰਡਿੰਗ ਨੈਮੋ ਸਬਮੈਰਾਈਨ ਵੋਗੇਜ, ਇੰਡੀਆਨਾ ਜੋਨਜ਼ ਐਡਵੈਂਚਰ, ਸਪੇਸ ਮਾਊਂਨਟੇਨ, ਸਟਾਰ ਟੂਰਜ਼, ਹੋਂਟਿਡ ਮੈਨਸਨ, ਸੋਰੇਨ ਓਵਰ ਕੈਲੀਫੋਰਨੀਆ, ਇਨਕਰਪੇਡੀ ਕੋਸਟਰ, ਟੁਆਇ ਸਟੋਰੀ ਮਿਡਵੇ ਮੈਨੀਆ, ਗਰਿਜਲੀ ਰਿਵਰ ਰਨ, ਸਟਾਰ ਵਾਰਜ਼ ਲਾਂਚ ਵੇ, ਫਰੰਟੀਅਰ ਲੈਂਡ ਸ਼ੂਟਿੰਗ ਐਕਸਪੋਜਿਸ਼ਨ, ਟੂਮਾਰੋ ਲੈਂਡ, ਡਿਜ਼ਨੀ ਗੈਲਰੀ, ਪਾਇਰੇਟਸ ਆਫ ਕੈਰੀਬਿਅਨ, ਸੇਲਿੰਗ ਸ਼ਿਪ ਕੋਲੰਬੀਆ, ਮਿੱਕੀ ਹਾਊਸ ਐਂਡ ਮੀਟ ਮਿੰਨੀ, ਰੋਜ਼ਰ ਰੈਬਿਟ ਕਾਰ ਟੂਨ ਸਪਿਨ, ਡੋਨਲਡ ਡੱਕ ਪੌਂਡ, ਸਲਿਪਿੰਗ ਬਿਊਟੀ ਕੈਸਲ, ਡਿਜ਼ਨੀ ਲੈਂਡ ਮੋਨੋ ਰੇਲ, ਸਟਾਰ ਵਾਰਜ਼, ਰਾਈਜ਼ ਆਫ ਦਿ ਰਜਿਸਟੈਂਸ ਆਦਿ। ਇਨ੍ਹਾਂ ਵਿੱਚੋਂ ਕੁਝ ਖਤਰਨਾਕ ਰਾਈਡਜ਼ ਹਨ, ਜਿਵੇਂ- ਸਪੇਸ ਮਾਊਂਨਟੇਨ, ਹੋਂਟਿਡ ਮੈਨਸਨ, ਬਿਗ ਥੰਡਰ ਮਾਊਂਨਟੇਨ ਰੇਲ ਰੋਡ, ਦਿ ਟਵੀਲਾਈਟ ਜੋਨ ਟਾਵਰ ਆਫ ਟੈਰਰ, ਸਪਲੈਸ਼ ਮਾਊਂਨਟੇਨ, ਮਿਸ਼ਨ ਸਪੇਸ, ਡਾਇਨਾਸੋਰ, ਐਕਸੀਪੀਡੀਸ਼ਨ ਐਵਰੈਸਟ, ਸੈਵਨ ਡਵਾਰਫ ਮਾਈਨ ਟਰੇਨ ਆਦਿ। ਦਿ ਮੈਟਰਹਾਰਨ ਰਾਈਡ ਤਾਂ ਬੰਦੇ ਦੀਆਂ ਹੱਡੀਆਂ ਖੜਕਾ ਦੇਣ ਵਾਲਾ ਹੈ। ਇਹ ਰਾਈਡ ਲੈਣ ਵੇਲੇ ਮੈਂ ਆਪਣੀ ਪੱਗ ਨੂੰ ਦੋਵੇਂ ਹੱਥਾਂ ਨਾਲ ਘੁਟ ਕੇ ਫੜ ਲਿਆ ਸੀ। ਜੇ ਕਿਸੇ ਨੂੰ ਪਹਿਲਾਂ ਪਿੱਠ ਦਰਦ ਦੀ ਸ਼ਿਕਾਇਤ ਹੋਵੇ, ਉਨ੍ਹਾਂ ਨੂੰ ਇਸ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ।

### ਡਿਜ਼ਨੀ ਕੈਲੀਫੋਰਨੀਆ ਐਡਵੈਂਚਰ


ਡਿਜ਼ਨੀ ਲੈਂਡ ਵਿੱਚ ਨਵੀਨਤਾ ਲਿਆਉਣ ਲਈ 1995 ਵਿੱਚ ਪ੍ਰਬੰਧਕੀ ਬੋਰਡ ਵੱਲੋਂ ਇੱਕ ਨਵੇਂ ਪਾਰਕ ਦੀ ਯੋਜਨਾ ਉਲੀਕੀ ਗਈ। ਨਵੇਂ ਪਾਰਕ ਦੀ ਵਿਉਂਤਬੰਦੀ ਵਿੱਚ ਤਿੰਨ ਸਾਲ ਲੱਗ ਗਏ। ਡਿਜ਼ਨੀ ਲੈਂਡ ਦੇ ਸਾਹਮਣੇ ਹੀ ਜਿਹੜੀ ਕਾਰ ਪਾਰਕਿੰਗ ਸੀ, ਉਸ ਥਾਂ 'ਤੇ ਨਵੇਂ ਪਾਰਕ ਦੀ ਉਸਾਰੀ ਕੀਤੀ ਗਈ। ਜੂਨ 1998 ਵਿੱਚ ਨਵੇਂ ਪਾਰਕ ਨੂੰ ਬਣਾਉਣ ਦਾ ਕੰਮ ਸ਼ੁਰੂ ਹੋਇਆ ਅਤੇ ਜਨਵਰੀ 2001 ਵਿੱਚ 'ਡਿਜ਼ਨੀਜ਼ ਕੈਲੀਫੋਰਨੀਆ ਐਡਵੈਂਚਰ' ਦਾ ਕੰਮ ਪੂਰਾ ਹੋ ਗਿਆ। 600 ਮਿਲੀਅਨ ਡਾਲਰ ਦੀ ਲਾਗਤ ਨਾਲ ਉਸਰਿਆ ਇਹ ਨਵਾਂ ਅਜੂਬਾ, 8 ਜੂਨ 2001 ਨੂੰ ਆਮ ਲੋਕਾਂ ਲਈ ਖੋਲ੍ਹ ਦਿੱਤਾ ਗਿਆ, ਪਰ ਦਰਸ਼ਕਾਂ ਵੱਲੋਂ ਇਸ ਨੂੰ ਨਾ-ਮਾਤਰ ਹੀ ਹੁੰਗਾਰਾ ਮਿਲਿਆ। ਇਸ ਦਾ ਸਭ ਤੋਂ ਵੱਡਾ ਕਾਰਨ ਸੀ ਕਿ ਨਵੇਂ ਪਾਰਕ ਵਿੱਚ ਬੱਚਿਆਂ ਦੇ ਮਨੋਰੰਜਨ ਵਾਲੀ ਕੋਈ ਚੀਜ਼ ਨਹੀਂ ਸੀ। ਦਰਸ਼ਕਾਂ ਨੂੰ ਨਵੇਂ ਪਾਰਕ ਵੱਲ ਖਿੱਚਣ ਲਈ ਪ੍ਰਬੰਧਕਾਂ ਨੇ ਡਿਜ਼ਨੀ ਲੈਂਡ ਦੀ ਇੱਕ ਟਿਕਟ ਨਾਲ ਡਿਜ਼ਨੀਜ਼ ਕੈਲੀਫੋਰਨੀਆ ਦੀ ਇੱਕ ਟਿਕਟ ਮੁਫ਼ਤ ਦੇਣੀ ਸ਼ੁਰੂ ਕਰ ਦਿੱਤੀ, ਪਰ ਬਹੁਤਾ ਫਰਕ ਨਾ ਪਿਆ। ਇੱਕ ਥੀਮ ਪਾਰਕ ਤੋਂ ਦੂਜੇ ਪਾਰਕ ਜਾਣ ਲਈ ਤੁਰਨਾ ਵੀ ਬਹੁਤ ਪੈਂਦਾ ਸੀ। ਦਰਸ਼ਕਾਂ ਦੀ ਬੇਰੁਖ਼ੀ ਨੂੰ ਦੇਖਦੇ ਹੋਏ ਪ੍ਰਬੰਧਕਾਂ ਨੇ ਇਸ ਵਿੱਚ ਸੁਧਾਰ ਕਰਨ ਦੀ ਯੋਜਨਾ ਉਲੀਕੀ। 600 ਮਿਲੀਅਨ ਦੀ ਲਾਗਤ ਨਾਲ ਬਣਾਏ ਪਾਰਕ ਵਿੱਚ ਜਰੂਰੀ ਸੁਧਾਰਾਂ ਲਈ 1.1 ਬਿਲੀਅਨ ਡਾਲਰ ਖਰਚੇ ਗਏ। ਨਵੇਂ ਰੂਪ ਵਿੱਚ ਬੱਚਿਆਂ ਦੀ ਪਸੰਦ ਦਾ ਵਿਸ਼ੇਸ਼ ਧਿਆਨ ਰਖਿਆ ਗਿਆ।

ਅੱਜ ਕੱਲ੍ਹ ਬੱਚਿਆਂ ਲਈ ਡਿਜ਼ਨੀ ਜੂਨੀਅਰ ਡਾਂਸ ਪਾਰਟੀ, ਐਨੀਮੇਸ਼ਨ ਅਕੈਡਮੀ, ਮਿਕੀ ਮਾਊਸ ਥਰੀ ਡਾਇਮੈਨਸ਼ਨਲ ਫਿਲਮ ਸ਼ੋਅ, ਸੋਰਕਰਸ ਵਰਕਸ਼ਾਪ, ਦਿ ਲਿਟਲ ਮੇਰੀ ਮੇਡ ਅੰਡਰ ਸੀ, ਟਰੈਕਟਰ ਅਤੇ ਕਾਰਾਂ ਵਾਲਾ ਪਾਰਕ ਆਦਿ ਵਿਸ਼ੇਸ਼ ਖਿੱਚ ਦੇ ਸਾਧਨ ਹਨ। ਨੌਜਵਾਨਾਂ ਲਈ ਰੇਡੀਏਟਰ ਸਪਰਿੰਗਜ਼ ਰੇਸਰਜ਼ ਅਤੇ ਰੋਲਰ ਕੋਸਟਰ, ਇਨ ਸਾਈਡ ਆਊਟ ਇਮੋਸ਼ਨਲ ਵਰਲਵਿੰਡਰ, ਪਿਕਸਰ ਪਾਲ (ਇਸ ਵਿੱਚ



ਦੋ ਤਰ੍ਹਾਂ ਦੇ ਝੂਲੇ ਹਨ- ਫਿਕਸ ਅਤੇ ਹਿੱਲਣ ਵਾਲੇ। ਹਿੱਲਣ ਵਾਲਿਆਂ ਵਿੱਚ ਕਾਫੀ ਡਰ ਲੱਗਦਾ ਹੈ)। ਇਸ ਪਾਰਕ ਵਿੱਚ ਹੀ ਇੱਕ ਹੋਰ ਵਿਸ਼ੇਸ਼ ਸ਼ੋਅ ਹੈ- ਵੈਬ ਸਲਿੰਜਰਜ਼: ਏ ਸਪਾਈਡਰ ਮੈਨ ਐਡਵੈਂਚਰ। ਇੱਕ ਟਰੇਨ ਵਿੱਚ ਬਿਠਾ ਕੇ ਸਪੇਸ ਦੀ ਸੈਰ ਕਰਵਾਉਂਦੇ ਹਨ। ਇਸ ਸੈਰ ਦੀ ਖ਼ਾਸੀਅਤ ਇਹ ਹੈ ਕਿ ਤੁਹਾਡੇ ਵੱਲ ਰੰਗ-ਬਰੰਗੀਆਂ ਲੇਜ਼ਰ ਕਿਰਨਾਂ ਆਉਂਦੀਆਂ ਹਨ। ਤੁਸੀਂ ਉਨ੍ਹਾਂ ਨੂੰ ਆਪਣੇ ਹੱਥ ਦੇ ਅੰਗੂਠੇ ਤੇ ਸਭ ਤੋਂ ਛੋਟੀ ਉਂਗਲ ਨਾਲ ਰੋਕਣਾ ਹੈ। ਜਿੰਨੀਆਂ ਕਿਰਨਾਂ ਨੂੰ ਤੁਸੀਂ ਰੋਕੋਗੇ, ਉਸ ਦਾ ਸਕੋਰ ਤੁਹਾਡੇ ਸਾਹਮਣੇ ਲੱਗੀ ਸਕਰੀਨ 'ਤੇ ਆਈ ਜਾਂਦਾ ਹੈ। ਕੈਲੀਫੋਰਨੀਆ ਐਡਵੈਂਚਰ ਦੀ ਇੱਕ ਹੋਰ ਰੇਲ ਵਿੱਚ ਵੀ ਹਰ ਰਾਈਡਰ ਦੇ ਸਾਹਮਣੇ ਲੇਜ਼ਰ ਗਨ ਲੱਗੀ ਹੁੰਦੀ ਹੈ। ਕੁਝ ਥਾਂਵਾਂ 'ਤੇ ਆਉਂਦੇ ਨੰਬਰਾਂ ਨੂੰ ਲੇਜ਼ਰ ਗਨ ਚਲਾ ਕੇ ਸਕੋਰ ਬਣਾਉਣੇ ਹੁੰਦੇ ਹਨ। ਰਾਤ ਸਮੇਂ ਫੁਹਾਰਿਆਂ ਦੇ ਪਾਣੀ 'ਤੇ ਪੈਂਦੀਆਂ ਰੰਗ-ਬਰੰਗੀਆਂ ਰੋਸ਼ਨੀਆਂ ਦਾ ਸ਼ੋਅ ਵੀ ਦੇਖਣ ਵਾਲਿਆਂ ਨੂੰ ਮੰਤਰ-ਮੁਗਧ ਕਰ ਦਿੰਦਾ ਹੈ।

*(ਬਾਕੀ ਅਗਲੇ ਅੰਕ ਵਿੱਚ ਪੜ੍ਹੋ)*



### ਵਾਲਟ ਡਿਜ਼ਨੀ

ਵਾਲਟ ਡਿਜ਼ਨੀ ਦਾ ਜਨਮ 5 ਦਸੰਬਰ 1901 ਨੂੰ ਸ਼ਿਕਾਗੋ ਵਿਖੇ ਹੋਇਆ। ਉਹ ਪੰਜ ਭੈਣ-ਭਰਾ ਸਨ। ਉਸ ਨੂੰ ਬਚਪਨ ਤੋਂ ਹੀ ਡਰਾਇੰਗ ਦਾ ਸ਼ੌਕ ਸੀ। ਉਹ ਸਕੂਲ ਦੇ ਅਖ਼ਬਾਰ ਲਈ ਕਾਰਟੂਨ ਵੀ ਬਣਾਉਂਦਾ। ਕੁਝ ਪੈਸੇ ਕਮਾਉਣ ਲਈ ਉਹ ਆਪਣੇ ਭਰਾ ਨਾਲ ਸਵੇਰੇ ਅਤੇ ਸ਼ਾਮ ਦੇ ਸਮੇਂ ਅਖ਼ਬਾਰ ਵੇਚਣ ਜਾਂਦਾ। 18 ਸਾਲ ਦੀ ਉਮਰ ਵਿੱਚ ਹੀ ਉਸ ਨੇ ਤਸਵੀਰਾਂ ਬਣਾ ਕੇ ਵੇਚਣੀਆਂ ਸ਼ੁਰੂ ਕਰ ਦਿੱਤੀਆਂ। 1920 ਵਿੱਚ ਉਹ ਕੈਲੀਫੋਰਨੀਆ ਆ ਗਿਆ ਅਤੇ ਆਪਣੇ ਭਰਾ ਰੌਏ ਡਿਜ਼ਨੀ ਨਾਲ ਮਿਲ ਕੇ ਸਟੂਡੀਓ ਸਥਾਪਿਤ ਕਰ ਲਿਆ। 1928 ਵਿੱਚ ਉਸ ਨੇ ਆਪਣੇ ਇੱਕ ਸਾਥੀ ਨਾਲ ਮਿਲ ਕੇ 'ਮਿੱਕੀ ਮਾਊਸ' ਦਾ ਕਾਰਟੂਨ ਘੜਿਆ, ਜੋ ਅੱਜ ਸਾਰੀ ਦੁਨੀਆਂ ਵਿੱਚ ਪ੍ਰਸਿੱਧ ਹੈ। ਹੌਲੀ-ਹੌਲੀ 'ਐਨੀਮੇਟਿਡ ਫਿਲਮਾਂ' ਦੇ ਖੇਤਰ ਵਿੱਚ ਉਸ ਦਾ ਨਾਂ ਨਿਰਮਾਤਾ, ਨਿਰਦੇਸ਼ਕ ਦੇ ਤੌਰ 'ਤੇ ਵੀ ਪ੍ਰਸਿੱਧ ਹੋ ਗਿਆ। ਉਸ ਨੇ ਆਪਣੀ ਜ਼ਿੰਦਗੀ ਵਿੱਚ 26 'ਅਕੈਡਮੀ ਅਵਾਰਡ' ਜਿੱਤੇ, ਜੋ ਇੱਕ ਰਿਕਾਰਡ ਹੈ।

1954 ਵਿੱਚ ਉਸ ਨੇ ਡਿਜ਼ਨੀ ਲੈਂਡ ਬਣਾਉਣਾ ਸ਼ੁਰੂ ਕੀਤਾ। ਇਸ ਲਈ ਪੈਸਾ ਇਕੱਠਾ ਕਰਨ ਲਈ ਉਸ ਨੇ ਟੈਲੀਵਿਜ਼ਨ ਸ਼ੋਅ ਵੀ ਬਣਾਉਣੇ ਸ਼ੁਰੂ ਕੀਤੇ। 1965 ਵਿੱਚ ਉਸ ਨੇ ਐਰਲੈਂਡੋ ਵਾਲਾ ਡਿਜ਼ਨੀ ਵਰਲਡ ਰਿਜ਼ੌਰਟ ਬਣਾਉਣ ਦਾ ਐਲਾਨ ਕਰ ਦਿੱਤਾ, ਪਰ 15 ਦਸੰਬਰ 1966 ਵਿੱਚ ਉਹ ਫੇਫੜਿਆਂ ਦੇ ਕੈਂਸਰ ਕਾਰਨ 65 ਸਾਲ ਦੀ ਉਮਰ ਵਿੱਚ ਹੀ ਦੁਨੀਆਂ ਤੋਂ ਰੁਖ਼ਸਤ ਹੋ ਗਿਆ। ਉਸ ਤੋਂ ਬਾਅਦ ਉਸ ਦਾ ਭਰਾ ਰੌਏ ਡਿਜ਼ਨੀ ਇਸ ਸੰਸਥਾ ਦੀ ਦੇਖ-ਭਾਲ ਕਰ ਰਿਹਾ ਹੈ।

## ਸਮੂਹ ਭਾਈਚਾਰੇ ਅਤੇ ਪੰਜਾਬੀ ਸੰਸਥਾਵਾਂ ਦੇ ਸਹਿਯੋਗ ਨਾਲ 'ਪੰਜਾਬੀ ਪਰਵਾਜ਼' ਦਾ ਪਲੇਠਾ ਸਮਾਗਮ

# 'ਪੰਜਾਬੀ ਪਰਵਾਜ਼ ਨਾਈਟ'

## ਤਕਰੀਰਾਂ, ਵਿਚਾਰਾਂ ਤੇ ਗੀਤ-ਸੰਗੀਤ ਭਰੀ ਸ਼ਾਮ

## 13 ਜੁਲਾਈ 2024 (ਸ਼ਨਿਚਰਵਾਰ)

**ਸ਼ਾਮ 6:30 ਤੋਂ ਰਾਤ 10:30**

**ਸਥਾਨ: Atlantis Banquets 1273 North Rand Road, Arlington Heights, IL 60004**

# Punjabi Parwaz Nite-2024

### ਸਤਿਕਾਰਯੋਗ ਬੋਰਡ ਮੈਂਬਰ


ਬਲਵਿੰਦਰ ਸਿੰਘ (ਬੌਬ) ਸੰਧੂ


ਦਵਿੰਦਰ ਸਿੰਘ ਰੰਗੀ


ਮਨਜਿੰਦਰ ਸਿੰਘ (ਮੈਕ) ਭਮਰਾ


ਜੋਧ ਸਿੰਘ ਸਿੱਧੂ


ਯਾਦਵਿੰਦਰ ਸਿੰਘ (ਰਿੱਪੀ) ਖੱਟੜਾ


ਅਮਰੀਕ ਸਿੰਘ ਸ਼ਿਕਾਗੋ


ਕਿਰਪਾਲ ਸਿੰਘ ਰੰਧਾਵਾ


ਅੰਮ੍ਰਿਤਪਾਲ ਸਿੰਘ ਗਿੱਲ


ਬਲਵਿੰਦਰ ਸਿੰਘ ਚੱਠਾ


ਦਰਸ਼ਨ ਸਿੰਘ ਪੰਮਾ


ਗੁਰਿੰਦਰਜੀਤ ਸਿੰਘ ਗਰੇਵਾਲ


ਬੇਅੰਤ ਸਿੰਘ ਬੋਪਾਰਾਏ ਮਿਲਵਾਕੀ


ਅਮਰਜੀਤ ਸਿੰਘ ਢੀਂਡਸਾ


ਦੀਦਾਰ ਸਿੰਘ ਧਨੋਆ


ਅਜੈਬ ਸਿੰਘ ਲੱਖਣ


ਗੁਰਵਿੰਦਰ ਬੱਬੂ (ਐਪਲਟਨ)


ਬਿਕਰਮ ਸਿੰਘ ਸਿੱਧੂ



ਅਮਨਦੀਪ ਸਿੰਘ ਕੁਲਾਰ


ਮਿੰਨੀ ਮੁਲਤਾਨੀ


ਗੁਰਪ੍ਰੀਤ ਕੇ. ਸਿੰਘ



ਇੰਦਰ ਹੁੰਜਣ


ਸੰਨੀ ਧੂੜ ਮਿਸ਼ੀਗਨ


ਪਰਮਿੰਦਰ ਸਿੰਘ (ਯੂਬਾ ਸਿਟੀ)


ਜਗਜੀਤ ਸਿੰਘ ਖੇੜਾ (ਓਕਲਾਹੋਮਾ)


ਮਨਮਿੰਦਰ ਸਿੰਘ ਹੀਰ


ਹਰਕੇਵਲ ਸਿੰਘ ਲਾਲੀ


ਹਰਮੀਕ ਸਿੰਘ ਗਿਰਨ


ਜਿਗਰਦੀਪ ਸਿੰਘ ਢਿੱਲੋਂ

**punjabiparwaz@gmail.com www.punjabiparwaz.com Ph: 224-386-4548**